

Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 33
November 23, 2016

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਤੇ ਸਮੂਹ ਸੰਗਤਾਂ ਨੇ ਮਨਾਇਆ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ। **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 12 ਤੇ)**



ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਫਰਿਜਨੋ ਵਿਖੇ ਅਯੋਜਿਤ ਹੋਇਆ **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 23 ਤੇ)**

## ਪੋਪ ਫਰਾਂਸਿਸ ਨੇ ਪਾਦਰੀਆਂ ਨੂੰ ਦਿੱਤਾ ਗਰਭਪਾਤ ਮੁਆਫੀ ਦੀ ਅਨਿਸਚਿਤ ਅਧਿਕਾਰ

**ਵੈਟੀਕਨ ਸਿਟੀ (ਬਿਊਰੋ)–** ਪੋਪ ਫਰਾਂਸਿਸ ਨੇ ਸਾਰੇ ਪਾਦਰੀਆਂ ਨੂੰ ਗਰਭਪਾਤ ਵਰਗੇ ਗੰਭੀਰ ਪਾਪ ਤੋਂ ਪਵਿੱਤਰ ਵਰ੍ਹੇ ਦਰਮਿਆਨ ਮੁਆਫੀ ਦੇਣ ਲਈ ਅਨਿਸਚਿਤ ਅਧਿਕਾਰ ਦੇ ਦਿੱਤੇ ਹਨ। ਪੋਪ ਫਰਾਂਸਿਸ ਨੇ ਆਪਣੇ ਲਿਖੇ ਪੱਤਰ ਵਿਚ ਕਿਹਾ ਕਿ ਅਜਿਹਾ ਵੀ ਨਹੀਂ ਹੈ ਕਿ ਕਿਸੇ ਵਿਅਕਤੀ ਨੂੰ ਆਪਣੇ ਪਾਪ ਦੀ ਮੁਆਫੀ ਮੰਗਣ ਅਤੇ ਪ੍ਰਮਾਤਮਾ ਅੱਗੇ ਅਰਜੋਈ ਕਰਨ ਦਾ ਅਧਿਕਾਰ ਨਹੀਂ ਹੈ। ਉਹਨਾਂ ਲਿਖਿਆ ਕਿ ਗਰਭਪਾਤ ਇਕ ਗੰਭੀਰ ਪਾਪ ਹੈ ਅਤੇ ਇਸ ਕਾਰਨ ਨਿਰਦੋਸ਼ ਜਿੰਦਗੀਆਂ ਜੀਵਨ ਨਹੀਂ ਦੇਖ ਪਾਉਂਦੀਆਂ। ਕਿਉਂਕਿ ਰੋਮਨ ਕੈਥੋਲਿਕ ਚਰਚ ਗਰਭਪਾਤ ਨੂੰ ਗੰਭੀਰ ਪਾਪ ਮੰਨਦਾ ਹੈ ਅਤੇ ਇਸ ਤੋਂ ਮੁਆਫੀ ਦੇ ਲਈ ਵੀ ਚਰਚਾ ਚਲਦੀ ਰਹੀ ਹੈ। ਉਹ ਔਰਤਾਂ ਜੋ ਆਪਣੇ ਅਪਰਾਧ ਲਈ ਮੁਆਫੀ ਚਾਹੁੰਦੀਆਂ ਹਨ, ਉਹਨਾਂ ਨੂੰ ਹੁਣ ਪਾਦਰੀਆਂ ਅੱਗੇ ਅਰਜ਼ੋਈ ਕਰਨ ਦਾ ਹੱਕ ਮਿਲ ਗਿਆ ਹੈ।



## ਅੱਧੀ ਸਦੀ ਤੱਕ ਗੁੰਮਨਾਮੀ ਦੀ ਹਾਲਤ ਵਿਚ ਪਿਆ ਸ਼ਹੀਦ ਭਗਤ ਸਿੰਘ ਦਾ ਪਿਸਤੌਲ ਲੱਭਿਆ

**ਇੰਦੌਰ (ਬਿਊਰੋ)–** ਮੱਧ ਪ੍ਰਦੇਸ਼ ਦੇ ਇਸ ਸ਼ਹਿਰ ਵਿੱਚ ਬਾਰਡਰ ਸਿਕਿਉਰਿਟੀ ਫੋਰਸ ਦੇ 'ਸੈਂਟਰਲ ਸਕੂਲ ਆਫ ਵੈਪਨਜ਼ ਐਂਡ ਟੈਕਟਿਕਸ' ਵਿੱਚ 294 ਹੋਰ ਨਿਸ਼ਾਨੀਆਂ ਨਾਲ ਤਕਰੀਬਨ ਅੱਧੀ ਸਦੀ ਤੱਕ ਗੁੰਮਨਾਮੀ ਦੀ ਹਾਲਤ ਵਿੱਚ ਪਏ ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਆਖਰਕਾਰ ਆਪਣਾ ਬਣਦਾ ਸਤਿਕਾਰ ਮਿਲ ਗਿਆ ਹੈ।



ਸਿਖਿਆਰਥੀਆਂ ਨੂੰ ਹਥਿਆਰਾਂ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਵਾਲੇ ਸਹਾਇਕ ਕਮਾਂਡੈਂਟ ਵਿਜੇਂਦਰ ਸਿੰਘ ਹੁਣ ਤੱਕ ਅਮਰੀਕਾ ਦੀ ਬਣੀ .32 ਕੌਲਟ ਰਿਮ ਰਹਿਤ ਤੇ ਧੂੰਆਂ ਰਹਿਤ ਪਿਸਤੌਲ ਬਾਰੇ ਗੱਲ ਕਰਦਿਆਂ ਇਸ ਨੂੰ 1531 ਤੋਂ ਸ਼ੁਰੂ ਹੋਏ ਹਥਿਆਰਾਂ ਦੇ ਵਿਕਾਸ ਦਾ ਇਕ ਛੋਟਾ ਜਿਹਾ ਅਧਿਆਇ ਦੱਸਦੇ ਸਨ ਪਰ 'ਟ੍ਰਿਬਿਊਨ ਪ੍ਰਕਾਸ਼ਨ ਸਮੂਹ' ਵੱਲੋਂ ਇਕ ਭਾਰਤੀ ਇਤਿਹਾਸਕਾਰ ਦੀ ਲਾਹੌਰ ਵਿੱਚ ਕੀਤੀ ਖੋਜ ਦੇ ਆਧਾਰ 'ਤੇ ਚਾਰ ਭਾਗਾਂ ਵਿੱਚ ਛਾਪੀ ਲੜੀ

**(ਬਾਕੀ ਸਫਾ 5 ਤੇ)**

# ਨੋਟਬੰਦੀ ਦਾ ਮੁੱਦਾ ਭਾਰੂ ਹੋਣ ਦੇ ਬਾਵਜੂਦ ਮੋਦੀ ਆਪਣੇ ਐਲਾਨ 'ਤੇ ਅੜੇ

## ਜਨਤਾ ਦੀਆਂ ਵਧੀਆਂ ਮੁਸ਼ਕਿਲਾਂ ਦੇ ਬਾਵਜੂਦ ਆਮ ਲੋਕੀ ਫੈਸਲੇ ਦੇ ਸਮਰਥਕ

**ਨਵੀਂ ਦਿੱਲੀ (ਬਿਊਰੋ–** ਵਿਰੋਧੀ ਧਿਰ ਦੀ ਆਲੋਚਨਾ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਨੋਟਬੰਦੀ ਅਜੇ ਅੰਤਮ ਫ਼ੈਸਲਾ ਨਹੀਂ ਹੈ ਸਗੋਂ ਇਹ ਤਾਂ ਸ਼ੁਰੂਆਤ ਹੋਈ ਹੈ। ਉਨ੍ਹਾਂ ਕਿਹਾ ਕਿ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਲੰਬੀ, ਡੂੰਘੀ ਅਤੇ ਲਗਾਤਾਰ ਜੰਗ ਜਾਰੀ ਰਹੇਗੀ ਜਿਸ ਦਾ ਲਾਭ ਗਰੀਬਾਂ ਅਤੇ ਆਮ ਵਿਅਕਤੀਆਂ ਨੂੰ ਹੋਏਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਸੰਸਦੀ ਦਲ ਦੀ ਬੈਠਕ 'ਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਬੁਰਾਈਆਂ ਨੂੰ ਦੇਸ਼ 'ਚੋਂ ਮੁਕਾਉਣ ਅਤੇ ਅਰਥਚਾਰੇ ਨੂੰ ਮਜ਼ਬੂਤ ਬਣਾਉਣ ਦੇ ਯਤਨਾਂ 'ਚ ਦਿਨ-ਰਾਤ ਜੁਟੀ ਹੋਈ ਹੈ। ਇਸ ਦੌਰਾਨ ਭਾਜਪਾ ਸੰਸਦੀ ਦਲ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਸ੍ਰੀ ਮੋਦੀ ਦੀ ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਉਸ ਨੂੰ ਹਮਾਇਤ ਜਾਰੀ ਰੱਖਣ ਦਾ ਵਾਅਦਾ ਕੀਤਾ।

ਗ਼ਰੀਬਾਂ ਦੀ ਭਲਾਈ ਲਈ ਵਚਨਬੱਧਤਾ ਪ੍ਰਗਟਾਉਂਦਿਆਂ ਆਪਣੇ ਭਾਸ਼ਨ ਦੌਰਾਨ ਪ੍ਰਧਾਨ ਮੰਤਰੀ



ਭਾਵੁਕ ਹੋ ਗਏ। ਉਨ੍ਹਾਂ ਕਿਹਾ ਕਾਲੇ ਧਨ 'ਤੇ ਸਿੱਟ ਬਣ-ਾਉਣ ਅਤੇ ਆਮਦਨ ਖੁਲਾਸਾ ਯੋਜਨਾ ਜਿਹੇ ਚੁੱਕੇ ਗਏ ਕਦਮਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਇਹ ਸੰਘਰਸ਼ ਦੀ ਸ਼ੁਰੂਆਤ ਹੈ।

ਪ੍ਰਧਾਨ ਮੰਤਰੀ ਨਾਲ ਇਕਜੁੱਟਤਾ ਜ਼ਾਹਰ ਕਰਦਿਆਂ ਭਾਜਪਾ ਸੰਸਦੀ ਦਲ ਨੇ ਉਨ੍ਹਾਂ ਦਾ ਖੜ੍ਹੇ ਹੋ ਕੇ ਤਾੜੀਆਂ ਨਾਲ ਸਵਾਗਤ ਕੀਤਾ। ਵਿਰੋਧੀ ਪਾਰਟੀਆਂ 'ਤੇ ਵਰ੍ਹਦਿਆਂ ਮਤੇ 'ਚ ਕਿਹਾ ਗਿਆ ਹੈ ਕਿ ਉਹ ਆਪਣਾ ਸਟੈਂਡ ਸਪਸ਼ਟ ਕਰਨ ਕਿ ਉਹ ਦੇਸ਼ ਦੇ ਲੋਕਾਂ ਅਤੇ ਸਰਕਾਰ ਨਾਲ ਖੜ੍ਹੇ ਹਨ ਜਾਂ ਕਾਲੇ ਧਨ ਦੇ ਜਮ੍ਹਾਂਖੋਰਾਂ ਨਾਲ ਹਨ। ਕੇਂਦਰੀ ਮੰਤਰੀ ਐਮ ਵੈਂਕਈਆ ਨਾਇਡੂ ਨੇ ਕਿਹਾ ਕਿ ਲੋਕ ਬਿਹਤਰ ਭਾਰਤ ਬਣਾਉਣ ਲਈ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰ ਕੇ ਕਤਾਰਾਂ 'ਚ ਖੜ੍ਹੇ ਹਨ। ਫ਼ੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਪਾਰਟੀ ਸੰਸਦ ਮੈਂਬਰਾਂ ਨੂੰ

**(ਬਾਕੀ ਸਫਾ 5 ਤੇ)**







SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538



RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY
INVESTMENT REALTY
Ram Saroay
Broker
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਅਮਰੀਕੀ ਕਾਂਗਰੇਸ਼ਨਲ ਬਰੀਫਿੰਗ ਦੌਰਾਨ ਘੱਟ ਗਿਣਤੀਆਂ 'ਤੇ ਅੱਤਿਆਚਾਰਾਂ ਦੀਆਂ ਵੱਧਦੀਆਂ ਘਟਨਾਵਾਂ 'ਤੇ ਪ੍ਰਗਟਾਈ ਚਿੰਤਾ





**ਵਾਸ਼ਿੰਗਟਨ ਡੀ. ਸੀ. (ਹੁਸਨ ਲੜੋਆ ਬੰਗਾ )–** ਇੱਥੇ ਆਯੋਜਿਤ ਕੀਤੀ ਗਈ ਅਮਰੀਕੀ ਕਾਂਗਰੇਸ਼ਨਲ ਬਰੀਫਿੰਗ ਦੌਰਾਨ ਪੂਰੀਆ ਦੁਨੀਆ 'ਚ ਘੱਟ ਗਿਣਤੀਆਂ 'ਤੇ ਹੋਰ ਰਹੇ ਅੱਤਿਆਚਾਰਾਂ ਦੇ ਵਾਧੇ 'ਤੇ ਗਹਿਰੀ ਚਿੰਤਾ ਦਾ ਇਜ਼ਹਾਰ ਕੀਤਾ ਗਿਆ। ਇਹ ਬਰੀਫਿੰਗ ਅਗਲੇ ਦਿਨਾਂ 'ਚ ਯੂ. ਐਨ. ਕੰਨਵੈਨਸ਼ਨ ਆਫ਼ ਹਿਊਮਨ ਰਾਈਟਸ ਐਂਡ ਜੀਨੋਸਾਈਡ ਵਿਸ਼ੇ 'ਤੇ ਹੋਣ ਜਾ ਰਹੀ ਕਾਨਫਰੰਸ ਤੋਂ ਪਹਿਲਾਂ ਬਹੁਤ ਅਹਿਮ ਸਮਝੀ ਜਾ ਰਹੀ ਹੈ। ਬਰੀਫ਼ਿੰਗ ਦੌਰਾਨ ਯੂ. ਐਨ. ਸੈਕਟਰੀ ਜਨਰਲ ਦੇ ਸਪੈਸ਼ਲ ਸਲਾਹਕਾਰ ਡਾਮਾ ਡੀਐਂਗ ਵੱਲੋਂ ਪੂਰੇ ਵਿਸ਼ਵ ਭਰ 'ਚ ਵੱਧ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਉਨਾਂ ਆਪਣੇ ਭਾਸ਼ਣ 'ਚ ਈਰਾਕ, ਸੀਰੀਆ ਅਤੇ ਅਫ਼ਰੀਕਾ ਦੇ ਬਹੁਤ ਸਾਰੇ ਦੇਸ਼ਾਂ ਤੋਂ ਇਲਾਵਾ ਭਾਰਤ 'ਚ ਵੀ ਵੱਧ ਰਹੀਆਂ ਹਿੰਸਕ ਘਟਨਾਵਾਂ 'ਤੇ ਦੁੱਖ ਜਾਹਿਰ ਕਰਦਿਆਂ ਅਲੱਗ-ਅਲੱਗ ਦੇਸ਼ਾਂ ਦੇ ਆਗੂਆਂ ਨੂੰ ਇਕਜੁਟ ਹੋ ਕੇ ਇਸ ਖਿਲਾਫ਼ ਅਵਾਜ਼ ਉਠਾਉਣ ਅਤੇ ਠੋਸ ਕਾਰਵਾਈ ਕਰਨ ਲਈ ਪ੍ਰੇਰਿਤ ਕੀਤਾ। ਉਨਾਂ ਇਹ ਵੀ ਕਿਹਾ ਕਿ ਦੁਨੀਆ ਦੇ ਦੇਸ਼ਾਂ ਨੂੰ ਇਕੱਠੇ ਹੋ ਕੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀਆਂ ਤਾਕਤਾਂ ਨੂੰ ਆੜੀ ਹੱਥੀ ਲੈਣਾ ਚਾਹੀਦਾ ਹੈ, ਕਿਉਂਕਿ ਇਹ ਲੋਕ ਮਨੁੱਖਤਾ ਦੇ ਦੁਸ਼ਮਣ ਹਨ। ਇਹ ਬਰੀਫ਼ਿੰਗ ਕਾਂਗਰਸਮੈਨ ਜੋਹਨ ਗਾਰਾਮੈਂਡੀ, ਪੈਟਰਿਕ ਮੀਹਾਨ ਅਤੇ ਜਿਮ ਕੋਸਟਾ ਦੇ ਸੱਦੇ 'ਤੇ ਕਰਵਾਈ ਗਈ, ਜਿਸ 'ਚ ਡਾਮਾ ਡੀਐਂਗ ਨੇ ਅਹਿਮ ਵਿਚਾਰ ਪੇਸ਼ ਕੀਤੇ ਅਤੇ ਵਿਸ਼ੇ 'ਤੇ ਕਾਂਗਰਸਮੈਨ ਨੇ ਆਪਣੇ ਅਹਿਮ ਵਿਚਾਰ ਇਸ ਵਿਸ਼ੇ 'ਤੇ ਪੇਸ਼ ਕੀਤੇ। ਇਸੇ ਦੌਰਾਨ ਡਾ. ਇਕਤਿਦਾਰ ਕਰਾਮਤ ਚੀਮਾ, ਜੋ ਕਿ ਇੰਗਲੈਂਡ ਦੀ ਇੰਸਟੀਚਿਊਟ ਆਫ਼ ਲੀਡਰਸ਼ਿਪ ਐਂਡ ਕਮਿਊਨਿਟੀ ਡਿਵੈੱਲਪਮੈਂਟ ਦੇ ਡਾਇਰੈਕਟਰ ਹਨ, ਨੇ ਜੀਨੋਸਾਈਡ (ਇਕ ਤਰਫ਼ਾ ਅੰਨੇਵਾਹ ਕਤਲੇਆਮ) ਦੀ ਪ੍ਰਭਿਾਸ਼ਾ ਨੂੰ ਬਦਲਣ 'ਤੇ ਬੱਲ ਦਿੱਤਾ। ਉਨਾਂ ਨੇ 1984 'ਚ ਹੋਏ ਸਿੱਖ ਕਤਲੇਆਮ ਦਾ ਹਵਾਲਾ ਦਿੰਦਿਆ ਕਿਹਾ ਕਿ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਨੂੰ ਕਤਲੇਆਮ ਦਾ ਨਿਸ਼ਾਨਾ ਬਣਾਇਆ ਗਿਆ, ਜਿਸ 'ਚ ਹਜ਼ਾਰਾ ਬੇਗੁਨਾਹ ਸਿੱਖਾਂ ਨੇ ਆਪਣੀ ਜਾਨ ਗਵਾਈ। ਇਸ ਮੌਕੇ ਜਿਮ ਕੋਸਟਾ ਤੇ ਕਾਂਗਰਸਮੈਨ ਜੌਨ ਗੈਰਾਮੈਂਡੀ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀ ਅੱਜ ਵੀ ਬਿਨਾਂ ਬੇਖੌਫ਼ ਸ਼ਰੇਆਮ ਘੁੰਮ ਰਹੇ ਹਨ ਅਤੇ ਸਿੱਖਾਂ ਇਨਾਂ ਲੰਮਾ ਬੀਤ ਜਾਣ ਦੇ ਬਾਵਜੂਦ ਇਨਸਾਫ਼ ਨਹੀਂ ਮਿਲ ਰਿਹਾ।

# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪਿਟਸਬਰਗ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਪਿਟਸਬਰਗ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਪਿਟਸਬਰਗ ਗੁਰੂ ਘਰ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਕਿਹਾ ਗਿਆ ਕਿ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਅਗਾਂਹ ਤੋਰਨ ਦੇ ਸਮਰੱਥ ਵਿਚ ਅਜਿਹੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਅਖਬਾਰੀ ਅਤੇ ਬਿਜਲਈ ਮਾਧਿਅਮਾਂ ਰਾਹੀਂ ਗੁਰਮਤਿ ਸੰਦੇਸ਼ ਘਰ-ਘਰ ਪਹੁੰਚਾਇਆ ਜਾਂਦਾ ਹੈ। ਗੁਰੂ ਜੀ ਨੇ ਆਪਣੇ ਵਿਦਵਾਨਾਂ ਨੂੰ ਕਾਸ਼ੀ ਭੇਜਿਆ ਕਿ ਉਹ ਦੂਸਰੇ ਧਰਮਾਂ ਦਾ ਅਧਿਐਨ ਕਰਕੇ ਉਸਦਾ ਉਲੱਥਾ ਪੰਜਾਬੀ ਵਿਚ ਕਰਕੇ ਪ੍ਰਚਾਰ ਕਰਨ ਤਾਂ ਜੋ ਹਰ ਸਿੱਖ ਆਪਣੇ ਆਪ ਧਾਰਮਿਕ, ਅਧਿਆਤਮਕ ਅਤੇ ਰਾਜਨੀਤਿਕ ਚੇਤਨਾ ਦਾ ਧਾਰਨੀ ਹੋ ਸਕੇ।

ਧਾਰਮਿਕ ਕਵੀ ਦਰਬਾਰ ਵਿਚ ਕਵੀ ਸ਼ਾਮਲ ਸਨ- ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰਮਤਿ ਆਸ਼ੇ ਅਨੁਸਾਰ ਕਵਿਤਾਵਾਂ ਪੜ੍ਹੀਆਂ।

# ਸਤਿਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਨਾਮਦੇਵ ਜੀ ਦਾ ਆਗਮਨ ਪੁਰਬ 27 ਨੂੰ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹਿਲੀ ਪਾਤਸ਼ਾਹੀ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ 27 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ, ਜਿਸ ਮੌਕੇ 25 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ 27 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

ਇਸ ਮੌਕੇ ਪੰਥ ਪ੍ਰਸਿੱਧ ਕਥਾਵਾਚਕ, ਕੀਰਤਨੀਏ ਗੁਰਬਾਣੀ ਕੀਰਤਨ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੀ ਮਿਤੀ 4 ਦਸੰਬਰ 2016 (ਦਿਨ ਐਤਵਾਰ) ਨੂੰ ਸਤਿਗੁਰੂ ਨਾਮਦੇਵ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ, ਜਿਸ ਵਿਚ 2 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ ਅਤੇ ਐਤਵਾਰ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਕਥਾਵਾਚਕ ਕੀਰਤਨੀਏ ਗੁਰਬਾਣੀ ਕਥਾ-ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਜਿਸ ਵੀ ਪਰਿਵਾਰ ਨੇ ਇਹਨਾਂ ਸਮਾਗਮਾਂ ਦੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

# ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਵੱਲੋਂ ਪਾਰਟੀ ਤੋਂ ਅਸਤੀਫ਼ਾ

**ਮੋਗਾ–** ਬਾਘਾਪੁਰਾਣਾ ਤੋਂ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਆਪਣੇ ਹਮਾਇਤੀਆਂ ਸਮੇਤ ਪਾਰਟੀ ਵਿੱਚੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੇ ਨਾਲ ਅਸਤੀਫ਼ਾ ਦੇਣ ਵਾਲਿਆਂ 'ਚ ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਇੰਦਰਜੀਤ ਜੌਲੀ ਗਰਗ, ਜ਼ਿਲ੍ਹਾ ਬਾਰ ਐਸੋਸੀਏਸ਼ਨ ਪ੍ਰਧਾਨ ਤੇ ਅਕਾਲੀ ਕੌਂਸਲਰ ਨਸੀਬ ਬਾਵਾ, ਮੋਗਾ ਕੇਂਦਰੀ ਸਹਿਕਾਰੀ ਬੈਂਕ ਦੇ ਡਾਇਰੈਕਟਰ ਸੁਖਦੇਵ ਸਿੰਘ ਖੋਸਾ ਤੇ ਉਨ੍ਹਾਂ ਦੇ ਹੋਰ ਸਮਰਥਕ ਸ਼ਾਮਲ ਹਨ। ਇਥੇ ਸੱਦੀ ਪ੍ਰੈਸ ਕਾਨਫਰੰਸ ਵਿਚ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਦੱਸਿਆ ਕਿ ਉਨ੍ਹਾਂ ਦੀ ਰਿਹਾਇਸ਼ 'ਤੇ ਅੱਜ ਤੜਕਸਾਰ ਸਥਾਨਕ ਪੁਲੀਸ ਨੇ ਛਾਪੇਮਾਰੀ ਕੀਤੀ ਤੇ ਗੈਂਗਸਟਰਾਂ ਨਾਲ ਸਬੰਧਾਂ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੱਤੀ। ਪੁਲੀਸ ਨੇ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਨ ਲਈ ਵੀ ਕਿਹਾ ਤੇ ਸਾਫ਼ ਕਰ ਦਿੱਤਾ ਕਿ ਜੇ ਅਕਾਲੀ ਦਲ ਛੱਡਿਆ ਤਾਂ ਉਨ੍ਹਾਂ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਵਿਧਾਇਕ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਟਿਕਟ ਕੱਟਣ ਦੇ ਰੋਸ ਵਜੋਂ ਨਹੀਂ, ਬਲਕਿ ਘਰੇ ਪੁਲੀਸ ਭੇਜ ਕੇ ਬੇਇਜ਼ਤ ਕਰਨ ਦੇ ਰੋਸ ਵਜੋਂ ਛੱਡੀ ਹੈ। ਵਿਧਾਇਕ ਨੇ ਕਿਹਾ ਕਿ ਉਹ ਭਵਿੱਖੀ ਰਣਨੀਤੀ ਬਾਰੇ ਜਲਦੀ ਹੀ ਫ਼ੈਸਲਾ ਲੈਣਗੇ। ਉਧਰ ਹਲਕਾ ਨਿਹਾਲ ਸਿੰਘ ਵਾਲਾ ਰਾਖਵਾਂ ਤੋਂ ਵਿਧਾਇਕਾ ਰਾਜਵਿੰਦਰ ਕੌਰ ਭਾਗੀਕੇ, ਜਿਨ੍ਹਾਂ ਦੀ ਟਿਕਟ ਕੱਟ ਦਿੱਤੀ ਗਈ ਹੈ, ਨੇ ਵੀ ਅਕਾਲੀ ਦਲ ਨੂੰ ਅਲਟੀਮੇਟਮ ਦਿੱਤਾ ਹੋਇਆ ਹੈ। ਇਸੇ ਦੌਰਾਨ ਥਾਣਾ ਨਿਹਾਲ ਸਿੰਘ ਵਾਲਾ ਦੇ ਇੰਸਪੈਕਟਰ ਦਲਬੀਰ ਸਿੰਘ ਨੇ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਥਾਣਾ ਫੂਲ ਮੁਖੀ ਮੋਹਣ ਲਾਲ ਉਨ੍ਹਾਂ ਨੂੰ ਨਾਲ ਲੈ ਕੇ ਵਿਧਾਇਕ ਦੇ ਘਰ ਮਿਲਣ ਗਏ ਸਨ।

# ਸਵੈ ਰੱਖਿਆ ਦੇ ਗੁਰ ਸਿੱਖਣ ਲੱਗੀਆਂ ਮੁਸਲਿਮ ਔਰਤਾਂ

ਵਾਸ਼ਿੰਗਟਨ- ਡੋਨਲਡ ਟਰੰਪ ਦੀ ਜਿੱਤ ਮਗਰੋਂ 'ਹਿਜਾਬ-ਝਪਟਣ' ਦੀਆਂ ਘਟਨਾਵਾਂ ਵਿੱਚ ਹੋਏ ਵਾਧੇ ਕਾਰਨ ਅਮਰੀਕਾ ਭਰ ਦੀਆਂ ਜ਼ਿਆਦਾਤਰ ਮੁਸਲਿਮ ਔਰਤਾਂ ਹੁਣ ਸਵੈ ਰੱਖਿਆ ਦੀਆਂ ਕਲਾਸਾਂ ਲਾ ਰਹੀਆਂ ਹਨ।

'ਦਿ ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਟਰੰਪ ਦੀ ਚੋਣ ਤੋਂ ਕੁੱਝ ਮਹੀਨੇ ਬਾਅਦ 'ਸਾਊਦਰਨ ਪਾਵਰਟੀ ਲਾਅ ਸੈਂਟਰ, 'ਕੌਂਸਲ ਆਫ ਅਮੈਰੀਕਨ-ਇਸਲਾਮਿਕ ਰਿਲੇਸ਼ਨਜ਼' ਅਤੇ 'ਐਂਟੀ ਡੈਫਾਮੇਸ਼ਨ ਲੀਗ' ਵਰਗੀਆਂ ਤਿੰਨ ਜਥੇਬੰਦੀਆਂ ਨੇ ਨਸਲੀ ਜੁਰਮਾਂ ਦੀਆਂ ਘਟਨਾਵਾਂ ਵਿੱਚ ਵਾਧਾ ਦਰਜ ਕੀਤਾ। ਕਈ ਮੁਸਲਿਮ ਔਰਤਾਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ 'ਹਿਜਾਬ ਝਪਟਣ' ਦੇ ਹਮਲਿਆਂ ਦਾ ਜ਼ਿਕਰ ਕੀਤਾ। ਰਿ-ਪੋਰਟ ਮੁਤਾਬਕ ਚੋਣ ਪਿੱਛੋਂ ਦੇ ਭਾਸ਼ਣਾਂ ਅਤੇ ਨਸਲੀ ਹਮਲਿਆਂ ਵਿੱਚ



ਯਕਦਮ ਵਾਧੇ ਦਾ ਜਵਾਬ ਦੇਣ ਲਈ ਸ਼ਹਿਰਾਂ ਦੀਆਂ ਮੁਸਲਿਮ ਔਰਤਾਂ ਸਵੈ-ਰੱਖਿਆ ਕਲਾਸਾਂ ਦਾ ਪ੍ਰਬੰਧ ਕਰ ਰਹੀਆਂ ਹਨ। ਸ਼ਿਕਾਗੋ ਵਿੱਚ ਸਵੈ-ਰੱਖਿਆ ਦੇ ਬੁਨਿਆਦੀ ਤਰੀਕੇ ਦੀ ਸਿਖਲਾਈ ਦੇ ਰਹੀ ਜ਼ੈਨਬ ਅਬਦੁੱਲਾ ਨੇ ਕਿਹਾ ਕਿ ਜਦੋਂ ਉਹ ਅੱਠ ਸਾਲਾਂ ਦੀ ਸੀ ਤਾਂ ਪਹਿਲੀ ਵਾਰ ਕਿਸੇ ਨੇ ਉਸ ਦੇ ਮੂੰਹ ਉਤੇ ਸਿਰਫ਼ ਇਸ ਲਈ ਥੁੱਕਿਆ ਸੀ ਕਿਉਂਕਿ ਉਹ ਮੁਸਲਮਾਨ ਹੈ। ਪੰਜ ਫੁੱਟ ਤੋਂ ਥੋੜ੍ਹੇ ਵੱਧ ਕੱਦ ਵਾਲੀ ਹਿਜਾਬਧਾਰੀ 24 ਸਾਲਾ ਜ਼ੈਨਬ ਨੇ ਦੱਸਿਆ ਕਿ ਉਸ ਨੂੰ ਹਮੇਸ਼ਾ ਖ਼ੁਦ ਦੀ ਰੱਖਿਆ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਜ਼ੈਨਬ ਹੋਰ ਔਰਤਾਂ ਨੂੰ ਸਵੈ ਰੱਖਿਆ ਦੇ ਗੁਰ ਸਿਖਾਉਂਦੀ ਹੈ। ਟਰੰਪ ਦੀ ਜਿੱਤ ਤੋਂ ਅਗਲੀ ਸਵੇਰੇ ਉਸ ਨੂੰ ਕਈ ਮੁਸਲਿਮ ਔਰਤਾਂ ਨੇ ਫੋਨ ਕਰ ਕੇ ਵਿਸ਼ੇਸ਼ ਕਿਸਮ ਦੀ ਸਵੈ-ਰੱਖਿਆ ਸਿਖਲਾਈ ਬਾਬਤ ਪੁੱਛਿਆ। ਇਹ ਔਰਤਾਂ ਜਾਣਨਾ ਚਾਹੁੰਦੀਆਂ ਸਨ ਕਿ ਜੇ ਕੋਈ ਹਿਜਾਬ ਉਤਾਰਨ ਦੀ ਕੋਸ਼ਿਸ਼ ਕਰੇ ਤਾਂ ਉਹ ਕੀ ਕਰ ਸਕਦੀਆਂ ਹਨ? ਮੈਂਫਿਸ ਵਿੱਚ ਮੁਸਲਿਮ ਕਾਰਕੁਨ ਖਲੀਮਾ ਅਜ਼ੀਜ਼ ਨੇ ਸਥਾਨਕ ਪੁਲੀਸ ਅਧਿਕਾਰੀਆਂ ਨੂੰ ਉਨ੍ਹਾਂ ਨਾਲ ਸਥਾਨਕ ਮਸਜਿਦ ਵਿੱਚ ਸਵੈ-ਰੱਖਿਆ ਕੋਰਸ ਚਲਾਉਣ ਦੀ ਯੋਜਨਾ ਸਾਂਝੀ ਕੀਤੀ।

# ਐਸ ਵਾਈ ਐਲ: ਹਰਿਆਣਾ ਦੀ ਅਰਜ਼ੀ 'ਤੇ ਸੁਣਵਾਈ 24 ਨੂੰ

**ਨਵੀਂ ਦਿੱਲੀ–** ਜਸਟਿਸ ਯੂ.ਯੂ. ਲਲਿਤ ਨੇ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਦੇ ਫੌਰੀ ਨਿਰਮਾਣ ਲਈ ਹਰਿਆਣਾ ਦੀ ਅਰਜ਼ੀ ਉਤੇ ਸੁਣਵਾਈ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ। ਇਸ ਮਗਰੋਂ ਸੁਪਰੀਮ ਕੋਰਟ ਨੇ ਇਹ ਕੇਸ 24 ਨਵੰਬਰ ਨੂੰ ਜਿਰ੍ਹਾ ਲਈ ਹੋਰ ਬੈਂਚ ਅੱਗੇ ਲਾ ਦਿੱਤਾ।



ਹਰਿਆਣਾ ਦੀ ਅਰਜ਼ੀ ਸੁਣਵਾਈ ਲਈ ਜਸਟਿਸ ਪੀ.ਸੀ. ਘੋਸ਼ ਤੇ ਜਸਟਿਸ ਯੂ.ਯੂ. ਲਲਿਤ ਉਤੇ ਆਧਾਰਿਤ ਬੈਂਚ ਅੱਗੇ ਲੱਗੀ ਸੀ ਪਰ ਜਦੋਂ ਕੇਸ ਦੀ ਸੁਣਵਾਈ ਸ਼ੁਰੂ ਹੋਣ ਲੱਗੀ ਤਾਂ ਜਸਟਿਸ ਲਲਿਤ ਨੇ ਕਿਹਾ ਕਿ ਉਹ ਖ਼ੁਦ ਨੂੰ ਇਸ ਕੇਸ ਤੋਂ ਲਾਂਭੇ ਕਰਨਾ ਚਾਹੁੰਦੇ ਹਨ। ਉਨ੍ਹਾਂ ਇਸ ਦਾ ਕੋਈ ਕਾਰਨ ਨਹੀਂ ਦੱਸਿਆ। ਹਰਿਆਣਾ ਨੇ ਬਾਅਦ ਵਿੱਚ ਇਹ ਮਾਮਲਾ ਚੀਫ ਜਸਟਿਸ ਟੀ.ਐਸ. ਠਾਕੁਰ ਦੀ ਅਗਵਾਈ ਵਾਲੇ ਬੈਂਚ ਅੱਗੇ ਉਠਾਇਆ। ਇਸ ਮਗਰੋਂ ਇਹ ਮਾਮਲਾ ਸੁਣਵਾਈ ਲਈ ਵੀਰਵਾਰ ਨੂੰ ਲੱਗਿਆ।

ਆਪਣੀ ਅਰਜ਼ੀ ਵਿੱਚ ਹਰਿਆਣਾ ਨੇ ਕੇਂਦਰੀ ਗ੍ਰਹਿ ਸਕੱਤਰ, ਪੰਜਾਬ ਦੇ ਮੁੱਖ ਸਕੱਤਰ ਅਤੇ ਡੀਜੀਪੀ ਨੂੰ ਐਸਵਾਈਐਲ ਨਹਿਰ ਦੇ ਨਿਰਮਾਣ ਲਈ ਐਕੁਆਇਰ ਕੀਤੀ ਜ਼ਮੀਨ ਦਾ ਸਾਂਝਾ ਕਸਟੋਡੀਅਨ ਬਣਾਈ ਰੱਖਣ ਦੀ ਮੰਗ ਕੀਤੀ। ਰਾਜ ਨੇ ਸੁਪਰੀਮ ਕੋਰਟ ਦੇ 15 ਜਨਵਰੀ 2002 ਅਤੇ 4 ਜੂਨ 2004 ਦੇ ਫੈਸਲਿਆਂ ਮੁਤਾਬਕ ਨਹਿਰ ਦਾ ਨਿਰਮਾਣ ਕਰਵਾਉਣ ਦੀ ਵੀ ਅਪੀਲ ਕੀਤੀ। ਹਰਿਆਣਾ ਨੇ 17 ਨਵੰਬਰ ਨੂੰ ਇਸ ਕੇਸ ਦੀ ਛੇਤੀ ਸੁਣਵਾਈ ਦੀ ਅਪੀਲ ਕਰਦਿਆਂ ਮੰਗ ਕੀਤੀ ਸੀ ਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਖਿਝੇ ਪੰਜਾਬ ਵੱਲੋਂ ਪਿਛਲੇ ਕੁੱਝ ਦਿਨਾਂ ਵਿੱਚ ਚੁੱਕੇ ਕਦਮਾਂ ਦੇ ਮੱਦੇਨਜ਼ਰ ਇਹ ਬਹੁਤ ਭੜਕਾਊ ਮੁੱਦਾ ਬਣ ਗਿਆ ਹੈ। ਰਾਸ਼ਟਰਪਤੀ ਦੀ ਰਾਇ ਉਤੇ ਸੁਪਰੀਮ ਕੋਰਟ ਨੇ 10 ਨਵੰਬਰ ਨੂੰ ਆਪਣਾ ਮਸ਼ਵਰਾ ਦਿੰਦਿਆਂ 'ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ, 2004' ਨੂੰ ਸੰਵਿਧਾਨ, ਅੰਤਰ-ਰਾਜੀ ਜਲ ਵਿਵਾਦ ਨਿਬੇੜਾ ਐਕਟ 1956 ਅਤੇ ਪੰਜਾਬ ਪੁਨਰਗਠਨ ਐਕਟ 1966 ਦੀ ਉਲੰਘਣਾ ਦੱਸਿਆ ਸੀ। ਇਸ ਐਕਟ ਨੂੰ ਸੁਪਰੀਮ ਕੋਰਟ ਦੇ 2002 ਅਤੇ 2004 ਦੇ ਫੈਸਲਿਆਂ ਵਿਰੁੱਧ ਵੀ ਕਿਹਾ ਗਿਆ।

# ਸਫਲਤਾ ਪੂਰਵਕ ਸੰਪੰਨ ਹੋਇਆ 'ਸਾਂਝੀ ਸੋਚ' ਅਖਬਾਰ ਦਾ ਸਾਲਾਨਾ ਸਮਾਗਮ





















## ਅਦਾਰਾ 'ਦੇਸ਼ ਦੁਆਬਾ' ਵੱਲੋਂ 'ਸਾਂਝੀ ਸੋਚ' ਦੇ ਮੁੱਖ ਸੰਪਾਦਕ ਸ੍ਰੀ ਬੂਟਾ ਸਿੰਘ ਬਾਸੀ ਅਤੇ ਅਦਾਰੇ ਨੂੰ ਹਾਰਦਿਕ ਵਧਾਈ

**ਕੈਲੇਫੋਰਨੀਆ–** ਸਾਂਝੀ ਸੋਚ ਅਖਬਾਰ ਦੀ ਚੌਥੀ ਵਰ੍ਹੇਗੰਢ ਮੌਕੇ ਹੋਇਆ ਸ਼ਾਨਦਾਰ ਸਮਾਗਮ ਆਪਣੀ ਮਿਸਾਲ ਆਪ ਸੀ। ਨਿਰਵਾਣਾ ਬੈਂਕੁਟ ਹਾਲ ਟਰੇਸੀ ਵਿਚ ਹੋਏ ਸਮਾਗਮ ਵਿਚ 500 ਦੇ ਕਰੀਬ ਪੁੱਜੇ ਪਤਵੰਤੇ ਸੱਜਣਾਂ ਵਿਚ ਮੰਨੀਆਂ ਪ੍ਰਮੰਨੀਆਂ ਸ਼ਖਸੀਅਤਾਂ ਹਾਜ਼ਰ ਸਨ। ਮੀਂਹ ਪੈਣ ਤੇ ਜਾਮ ਲੱਗਣ ਕਾਰਨ ਕਈ ਸੱਜਣ ਸਮਾਗਮ ਵਿਚ ਨਹੀਂ ਪੁੱਜ ਸਕੇ ਤੇ ਸਮਾਗਮ ਵੀ ਇਕ ਘੰਟੇ ਦੇ ਕਰੀਬ ਲੇਟ ਆਰੰਭ ਹੋਇਆ। ਸ਼ਾਮ 5 ਵਜੇ ਸ਼ੁਰੂ ਹੋਇਆ ਸਮਾਗਮ ਰਾਤ 9 ਵਜੇ ਤੱਕ ਚੱਲਿਆ। ਬੁਲਾਰਿਆਂ ਨੇ ਸਾਂਝੀ ਸੋਚ ਅਖਬਾਰ ਦੇ ਸੰਪਾਦਕ ਬੂਟਾ ਸਿੰਘ ਬਾਸੀ ਦੀ ਨਿਰਪੱਖ ਤੇ ਬੇਬਾਕ ਪੱਤਰਕਾਰੀ ਦੀ ਰੱਜ ਕੇ ਤਾਰੀਫ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਾਂਝੀ ਸੋਚ ਅਖਬਾਰ ਬਹੁਤ ਹੀ ਥੋੜ੍ਹੇ ਜਿਹੇ ਸਮੇਂ ਵਿਚ ਮੋਹਰੀ ਅਖਬਾਰ ਬਣ ਗਿਆ ਹੈ। ਹਰ ਹਫਤੇ ਲੋਕ ਅਖਬਾਰ ਦੀ ਤੀਬਰਤਾ ਨਾਲ ਉਡੀਕ ਕਰਦੇ ਹਨ। ਇਸ ਵਿਚ ਛਪਦੀ ਸਮੱਗਰੀ ਬਹੁਤ ਹੀ ਮਿਆਰੀ ਹੁੰਦੀ ਹੈ। ਇਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਘੱਟ ਹੈ। ਇਹ ਸਮਾਗਮ ਹਰਪ੍ਰੀਤ ਸਿੰਘ ਸਿੱਧੂ, ਪਾਲ ਸਹੋਤਾ, ਅਵਤਾਰ ਗਿੱਲ, ਗੁਰਮੀਤ ਸਿੰਘ ਗਾਜਿਆਣਾ, ਟੋਨੀ ਗਿੱਲ, ਰਾਣਾ ਗਿੱਲ, ਜਗਦੇਵ ਸਿੱਧੂ, ਅਮਨਦੀਪ ਸਿੰਘ ਸਿੱਧੂ ਤੇ ਰਾਜਪਾਲ ਗਿੱਲ ਦੇ ਵਿਸ਼ੇਸ਼ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਬਲਰਾਜ ਸਿੰਘ ਪੰਨੂ ਔਰਗਿਨ ਸਟੇਟ ਤੋਂ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਹਿੱਸਾ ਲੈਣ ਪੁੱਜੇ। ਸਮਾਗਮ ਦੇ ਆਰੰਭ ਵਿਚ ਰਿਬਨ ਕੱਟਣ ਦੀ ਰਸਮ ਹਰਪ੍ਰੀਤ ਸਿੰਘ ਸਿੱਧੂ, ਤੇਜਿੰਦਰ ਸਿੰਘ ਦੋਸਾਂਝ, ਪਰਮਜੀਤ ਸਿੰਘ ਦਾਖਾ, ਸਰਦੂਲ ਸਿੰਘ ਬਾਜਵਾ ਤੇ ਹੋਰ ਪਤਵੰਤੇ ਸੱਜਣਾਂ ਨੇ ਨਿਭਾਈ। ਸਾਂਝੀ ਸੋਚ ਅਖਬਾਰ ਦੇ ਸੰਪਾਦਕ ਬੂਟਾ ਸਿੰਘ ਬਾਸੀ ਨੇ ਸਮਾਗਮ ਵਿਚ ਪੁੱਜੇ ਸੁਹਿਰਦ ਪਾਠਕਾਂ, ਇਸ਼ਤਿਹਾਰ ਦਾਤਾਵਾਂ, ਸੱਜਣਾਂ ਮਿੱਤਰਾਂ ਤੇ ਹੋਰ ਅਹਿਮ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਉਪਰੰਤ ਆਸ਼ਾ ਸ਼ਰਮਾ ਨੇ ਸਟੇਜ ਸੰਭਾਲੀ। ਉਨ੍ਹਾਂ ਨੇ ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਮੋਡੈਸਟੋ ਕੈਲੀਫੋਰਨੀਆ ਨੂੰ ਸਟੇਜ ਉਪਰ ਆਉਣ ਦਾ ਸੱਦਾ ਦਿੱਤਾ, ਜਿਹਨਾਂ ਨੇ ਵਾਰ ਗਾ ਕੇ ਚੰਗਾ ਰੰਗ ਬੰਨ੍ਹਿਆ। ਭਾਈ ਮਨਜੀਤ ਸਿੰਘ ਪੱਤੜ ਤੇ ਭਾਈ ਸੁਖਚੈਨ ਸਿੰਘ ਔਜਲਾ ਨੇ ਦੋ ਵਾਰਾਂ ਗਾ ਕੇ ਤੇ ਸਾਂਝੀ ਸੋਚ ਅਖਬਾਰ ਬਾਰੇ ਇਕ ਕਾਵਿਤਾ ਸੁਣਾ ਕੇ ਹਾਜ਼ਰੀ ਲਵਾਈ। ਢਾਡੀ ਤੇ ਕਵੀਸ਼ਰ ਗੁਰਨਾਮ ਸਿੰਘ ਭੰਡਾਲ ਤੇ ਸਾਥੀਆਂ ਨੇ ਵਾਰਾਂ ਸੁਣਾਈਆਂ। ਬੱਚੀਆਂ ਕਿਰਨ ਮਹਿਮੀ, ਦਿਲਜੋਤ ਕੌਰ ਤੇ ਕਮਨੀਵ ਕੌਰ ਨੇ ਗਾਣਿਆਂ ਉਪਰ ਡਾਂਸ ਕਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਬੱਚੀ ਅਵਰੀਨ ਵਿਰਦੀ ਨੇ ਵੀ ਡਾਂਸ ਕੀਤਾ। ਦਰਸ਼ਕਾਂ ਨੇ ਤਾੜੀਆਂ ਮਾਰ ਕੇ ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ। ਸ਼ੌਂਕੀ ਗੱਭਰੂ ਸ਼ੌਕੀਨ ਮੁੰਡੇ ਪੰਜਾਬ ਮਨਟਿਕਾ ਕੈਲੀਫੋਰਨੀਆ ਤੋਂ ਭੰਗੜਾ ਟੀਮ ਨੇ ਵੀ ਚੰਗਾ ਰੰਗ ਬੰਨ੍ਹਿਆ। ਜੀ. ਐਚ. ਜੀ.ਅਕੈਡਮੀ ਫਰਿਜ਼ਨੋ ਦੀ ਟੀਮ ਨੇ ਭੰਗੜਾ ਤੇ ਮਲਵਈ ਗਿੱਧਾ ਪੇਸ਼ ਕਰਕੇ ਵਾਹ-ਵਾਹ ਖੱਟੀ। ਸਨੀ ਬੱਬਰ ਦੀ ਸ਼ੇਅਰੋ ਸ਼ਾਇਰੀ ਤੇ ਗੀਤ ਵੀ ਵਾਹਵਾ ਰਹੇ। ਸਨੀ ਬੱਬਰ ਦੀ ਸ਼ੇਅਰੋ ਸ਼ਾਇਰੀ ਤੇ ਗੀਤ ਵੀ ਵਾਹਵਾ ਰਹੇ। ਜੀਤਾ ਗਿੱਲ, ਪੰਜਾਬੀ ਗੀਤਾਂ ਦੇ ਬਾਦਸ਼ਾਹ ਸਤੀ ਸਤਵਿੰਦਰ, ਜੋਤ ਰਣਜੀਤ, ਜਸਲੀਨ ਖਲੂਜਾ ਤੇ ਰੋਜਿਤ ਅਲੀ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ। ਸਮਾਗਮ ਵਿਚ ਸ਼ਾਮਲ ਦਰਸ਼ਕਾਂ ਨੇ ਸਾਰੇ ਗਾਇਕਾਂ ਤੇ ਕਲਾਕਾਰਾਂ ਦੀ ਪੇਸ਼ਕਾਰੀ ਦਾ ਭਰਪੂਰ ਆਨੰਦ ਮਾਣਿਆ। ਭਾਰਤੀ ਕੌਂਸਲਖਾਨੇ ਤੋਂ ਵਾਈਸ ਕੌਂਸਲ ਵੈਂਕਟ ਰਮਨ ਸਮਾਗਮ ਵਿਚ ਪੁੱਜੇ। ਟਰੇਸੀ ਸਿਟੀ ਦੇ ਮੇਅਰ ਤੋਂ ਇਲਾਵਾ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਵੀ ਸਮਾਗਮ ਵਿਚ ਸ਼ਿਰਕਤ ਕੀਤੀ। ਕਾਂਗਰਸਮੈਨ ਜੈਫਡੈਨਹੈਮ ਦੇ ਦਫਤਰ ਤੋਂ ਸਾਂਡਰਾ ਲੱਜਾ ਪੁੱਜੀ। ਅਸੈਂਬਲੀ ਮੈਨ ਐਡਮਗਰੇਅ ਦੇ ਦਫਤਰ ਤੋਂ ਸਟਾਫ ਮੈਂਬਰ ਪੁੱਜੇ। ਇਹਨਾਂ ਨੇ ਸੰਪਾਦਕ ਬੂਟਾ ਸਿੰਘ ਬਾਸੀ ਨੂੰ ਪ੍ਰਮਾਣ ਪੱਤਰ ਦਿੱਤਾ। ਗੁਰਮੀਤ ਰਾਜਿਆਣਾ, ਹਰਪ੍ਰੀਤ ਸਿੰਘ ਸਿੱਧੂ ਤੇ ਮਹਿੰਦਰ ਸਿੰਘ ਕੰਡਾ ਨੇ ਵੀ ਪ੍ਰਮਾਣ ਪੱਤਰ ਦਿੱਤਾ ਗਿਆ। ਇਹਨਾਂ ਵਿਚ ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵੈਸਟ, ਪਰਮਜੀਤ ਸਿੰਘ ਦਾਖਾ ਕੋਆਰਡੀਨੇਟਰ ਅਮਰੀਕਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਜਾਪ ਸਿੰਘ ਪ੍ਰਧਾਨ ਭਾਈ ਘਨ੍ਹਈਆ ਸੇਵਾ ਸੁਸਾਇਟੀ, ਸੁਦੇਸ਼ ਸਿੰਘ ਅਟਵਾਲ ਵਾਈਸ ਪ੍ਰਧਾਨ ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ, ਦਰਸ਼ਨ ਸਿੰਘ ਮਾਨ ਸੈਕਟਰੀ ਗੁਰੂ ਨਾਨਕ ਸੇਵਾ ਦਲ ਤੇ ਰਣਜੀਤ ਸਿੰਘ ਰਾਏ ਮੈਂਬਰ ਐਲਸਬਰਾਂਟੇ ਗੁਰੂ ਘਰ ਸ਼ਾਮਲ ਹਨ। ਇਸ ਮੌਕੇ ਭਾਈ ਘਨ੍ਹਈਆ ਸੁਸਾਇਟੀ ਨੇ ਸਾਂਝੀ ਸੋਚ ਅਦਾਰੇ ਨੂੰ 5000 ਡਾਲਰ ਵਿੱਤੀ ਸਹਾਇਤਾ ਵਜੋਂ ਦਿੱਤੇ। ਤਜਿੰਦਰ ਸਿੰਘ ਦੁਸਾਂਝ ਯੂਬਾ ਸਿਟੀ, ਮਨੀ ਧਾਮੀ, ਟੋਨੀ ਧਾਲੀਵਾਲ ਸੀ. ਡੀ. ਐਲ. ਟਰੱਕ ਡਰਾਈਵਿੰਗ ਸਕੂਲ, ਜੇ ਚੀਮਾ, ਚੀਮਾ ਐਂਡ ਪਾਵਰ ਇਨਵੈਸਟਮੈਂਟ ਤੇ ਸਾਥੀਆਂ ਨੇ ਸਾਂਝੀ ਸੋਚ ਅਦਾਰੇ ਨੂੰ 3 ਹਜ਼ਾਰ ਡਾਲਰ ਦੀ ਵਿੱਤੀ ਸਹਾਇਤਾ ਦਿੱਤੀ। ਹਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਕੈਲੀਫੋਰਨੀਆ, ਪਰਮਜੀਤ ਸਿੰਘ, ਕਰਮਵੀਰ ਸਿੰਘ, ਸ਼ਰਨਜੀਤ ਸਿੰਘ ਤੇ ਸਾਥੀਆਂ ਨੇ 3700 ਡਾਲਰ ਦੀ ਮਾਇਆ ਭੇਂਟ ਕੀਤੀ। ਹੋਰ ਵੀ ਕਈ ਸੰਸਥਾਵਾਂ ਨੇ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਚਰਨਜੀਤ ਸਿੰਘ ਗੁੰਮਟਾਲਾ ਦੀ ਪੁਸਤਕ 'ਲੋਕ ਮਸਲੇ ਦਸ਼ਾ ਤੇ ਦਿਸ਼ਾ' ਜੋ ਕਿ ਸਾਂਝੀ ਸੋਚ ਪ੍ਰਕਾਸ਼ਨ ਨੇ ਛਾਪੀ ਹੈ, ਰਿਲੀਜ਼ ਕੀਤੀ ਗਈ। ਸਮਸ਼ੀਰ ਸਿੰਘ ਸ਼ਾਹਗੀਰ ਦੀ ਪੁਸਤਕ ਵੀ ਰਿਲੀਜ਼ ਕੀਤੀ ਗਈ।

ਪੰਜਾਬੀ ਗਾਇਕ ਜੀਤਾ ਗਿੱਲ ਦਾ ਸਿੰਗਲ ਟਰੈਕ ਗਾਣਾ ਸਰਦਾਰੀ ਦਾ ਪੋਸਟਰ ਵੀ ਜਾਰੀ ਕੀਤਾ ਗਿਆ। ਸਮੁੱਚੇ ਸਮਾਗਮ ਦੀ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਕੇ. ਬੀ. ਬਰਾੜ ਤੇ ਟੀਮ ਨੇ ਬਹੁਤ ਹੀ ਵਧੀਆ ਢੰਗ ਨਾਲ ਕੀਤੀ। ਜਗਦੇਵ ਸਿੰਘ ਭੰਡਾਲ ਨੇ ਸਾਰਾ ਪ੍ਰੋਗਰਾਮ ਲਾਈਵ ਫੇਸਬੁੱਕ ਉਪਰ ਪੇਸ਼ ਕੀਤਾ। ਪੰਜਾਬ ਐਕਸਪ੍ਰੈਸ ਦੇ ਮਾਲਕ ਕੁਲਵਿੰਦਰ ਸਿੰਘ ਨੇ ਬਹੁਤ ਹੀ ਵਧੀਆ ਖਾਣੇ ਦਾ ਪ੍ਰਬੰਧ ਕੀਤਾ। ਜਸ ਸੰਘਾ ਨੇ ਹਾਲ ਦਿੱਤਾ ਤੇ ਗਲੋਬਲ ਈਵੈਂਟ ਲਾਈਨ ਦੇ ਸੈਮ ਸੰਘਾ ਨੇ ਹਾਲ ਨੂੰ ਸ਼ਿੰਗਾਰਿਆ। ਸ. ਬਾਸੀ ਨੇ ਇਹਨਾਂ ਸੱਜਣਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ। ਸ. ਬਾਸੀ ਨੇ ਸਮਾਗਮ ਵਿਚ ਪੁੱਜੇ ਸਾਰੇ ਪਤਵੰਤੇ ਸੱਜਣਾਂ ਮਿੱਤਰਾਂ ਤੇ ਸਮਾਗਮ ਨੂੰ ਸਫਲ ਬਣਾਉਣ ਲਈ ਦਿੱਤੇ ਸਹਿਯੋਗ ਵਾਸਤੇ ਸਭਨਾਂ ਦਾ ਧੰਨਵਾਦ ਕੀਤਾ ਹੈ। ਸ. ਬਾਸੀ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਰਤਾਰ ਸਿੰਘ ਸਰਾਭਾ ਨੇ 1 ਨਵੰਬਰ 1913 ਨੂੰ ਯੁਗਾਂਤਰ ਆਸ਼ਰਮ ਅਮਰੀਕਾ ਕੈਲੀਫੋਰਨੀਆ ਤੋਂ ਪਹਿਲਾ ਉਰਦੂ ਦਾ ਅਖਬਾਰ ਹਿੰਦੋਸਤਾਨ ਗਦਰ ਕੱਢਿਆ ਸੀ ਤੇ ਬਾਅਦ ਵਿਚ 9 ਦਸੰਬਰ 1913 ਨੂੰ ਪੰਜਾਬੀ ਦਾ ਅੰਕ ਸ਼ੁਰੂ ਕੀਤਾ ਸੀ। ਸਾਂਝੀ ਸੋਚ ਅਖਬਾਰ ਵੱਲੋਂ ਅਗਲਾ ਵਰ੍ਹਾ 2017 ਗਦਰੀ ਬਾਬਿਆਂ, ਗਦਰ ਲਹਿਰ ਤੇ ਹਿੰਦੋਸਤਾਨ ਗਦਰ ਨੂੰ ਸਮਰਪਿਤ ਹੋਵੇਗਾ।

# ਗਾਂ ਨੂੰ ਮਾਤਾ ਦੱਸਣ ਵਾਲੀ ਭਾਜਪਾ ਨੇ ਬੀਫ ਕੰਪਨੀਆਂ ਤੋਂ ਲਿਆ ਢਾਈ ਸੌ ਕਰੋੜ ਚੰਦਾ !

**ਲਖਨਊ–** ਹਾਲ ਹੀ ਵਿਚ ਦੇਸ਼ ਵਿਚ ਬੀਫ ਨੂੰ ਲੈ ਕੇ ਕਾਫੀ ਹੋ-ਹੱਲਾ ਮੱਚਿਆ। ਯੂ. ਪੀ. ਦੇ ਦਾਦਰੀ ਕਾਂਡ ਤੋਂ ਬਾਅਦ ਬੀਫ ਦਾ ਮੁੱਦਾ ਇੰਨਾ ਉਛਲਿਆ ਕਿ ਵਿਦੇਸ਼ਾਂ ਵਿਚ ਵੀ ਇਸਦੀ ਚਰਚਾ ਹੋਈ। ਹਾਲਾਤ ਅਜਿਹੇ ਬਣ ਗਏ ਕਿ ਲੇਖਕਾਂ ਅਤੇ ਸਾਹਿਤਕਾਰਾਂ ਨੇ ਵੀ ਇਸਦੇ ਵਿਰੋਧ ਵਿਚ ਆਪਣੇ ਪੁਰਸਕਾਰ ਵਾਪਸ ਕੀਤੇ। ਇਸ ਪੂਰੇ ਮਾਮਲੇ ਵਿਚ ਭਾਜਪਾ ਨੇਤਾਵਾਂ ਨੇ ਕਾਫੀ ਹੰਗਾਮਾ ਕੀਤਾ। ਕਈਆਂ ਨੇ ਤਾਂ ਇਸ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ। ਹੁਣ ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਭਾਜਪਾ ਖੁਦ ਬੀਫ ਐਕਸਪੋਰਟ ਕਰਨ ਵਾਲੀਆਂ ਕੰਪਨੀਆਂ ਤੋਂ ਚੰਦਾ ਲੈਂਦੀ ਹੈ। ਇਸ ਖੁਲਾਸੇ ਤੋਂ ਇਕ ਵਾਰ ਫਿਰ ਸਿਆਸੀ ਹੰਗਾਮਾ ਖੜ੍ਹਾ ਹੋ ਗਿਆ ਹੈ। ਜਿੱਥੇ ਵਿਰੋਧੀ ਪਾਰਟੀਆਂ ਇਸ ਮਾਮਲੇ ਨੂੰ ਲੈ ਕੇ ਭਾਜਪਾ ਦੀ ਨਿੰਦਾ ਕਰ ਰਹੀਆਂ ਹਨ, ਉਥੇ ਹੀ ਭਾਜਪਾ ਬੈਕਫੁੱਟ ਤੇ ਆ ਗਈ ਹੈ। ਪ੍ਰਦੇਸ਼ ਦੇ ਦਾਦਰੀ ਕਾਂਡ ਤੋਂ ਬਾਅਦ ਭਾਜਪਾ ਨੇ ਬਿਹਾਰ ਵਿਚ ਗਊ ਮਾਸ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਇਆ ਸੀ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਖੁਦ ਬਿਹਾਰ ਦੇ ਨਵਾਦਾ ਜ਼ਿਲ੍ਹੇ ਵਿਚ ਇਕ ਚੋਣ ਰੈਲੀ ਦੌਰਾਨ ਗੁਲਾਬੀ ਕ੍ਰਾਂਤੀ ਦਾ ਵਿਰੋਧ ਵੀ ਕੀਤਾ ਸੀ। ਭਾਜਪਾ ਲੀਡਰਾਂ ਦੇ ਬੀਫ ਨੂੰ ਲੈ ਕੇ ਦਿੱਤੇ ਗਏ ਬਿਆਨ ਤੋਂ ਬਾਅਦ ਸਿਆਸੀ ਪਾਰਾ ਵੀ ਚੜ੍ਹਿਆ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਅਸਹਿਣਸ਼ੀਲਤਾ 'ਤੇ ਬਹਿਸ ਜਾਰੀ ਹੈ।

# ਤਰਕਸ਼ੀਲ ਸੁਸਾਇਟੀ ਭਾਰਤ ਦੇ ਇਜਲਾਸ ਵਿੱਚ ਨਵੀਂ ਟੀਮ ਦੀ ਚੋਣ

## 150 ਦੇ ਕਰੀਬ ਡੈਲੀਗੇਟਾਂ ਨੇ ਤਰਕਸ਼ੀਲ ਟਰੇਨਿੰਗ ਵਰਕਸ਼ਾਪ ਵਿੱਚ ਹਿੱਸਾ ਲਿਆ

**ਬਰਨਾਲਾ-** ਤਰਕਸ਼ੀਲ ਸੁਸਾਇਟੀ ਭਾਰਤ ਦਾ ਇਜਲਾਸ ਸ਼੍ਰੀ ਮਹਾਂਸ਼ਕਤੀ ਕਲਾ ਮੰਦਰ ਬਰਨਾਲਾ ਵਿਖੇ ਹੋਇਆ ਜਿਸ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਵਿਗਿਆਨਕ ਵਿਚਾਰਧਾਰਾ ਨਾਲ ਸੰਬੰਧ ਰੱਖਣ ਵਾਲੇ ਸੈਕੜੇ ਡੈਲੀਗੇਟਾਂ ਨੇ ਹਿੱਸਾ ਲਿਆ, ਹਰਿਆਣਾ ਤੋਂ ਵੀ ਕਾਫੀ ਤਰਕਸ਼ੀਲ ਇਸ ਸਮਾਗਮ ਵਿੱਚ ਪਹੁੰਚੇ ਹੋਏ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਾਰੇ ਡੈਲੀਗੇਟਾਂ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ। ਪਹਿਲੇ ਸੈਸ਼ਨ ਵਿੱਚ ਤਰਕਸ਼ੀਲ ਲਹਿਰ ਦੇ ਬਾਨੀ ਆਗੂ ਮੇਘ ਰਾਜ ਮਿੱਤਰ ਵੱਲੋਂ ਵੱਖ ਵੱਖ ਮੁੱਦਿਆਂ 'ਤੇ ਪੁੱਛੇ ਸਵਾਲਾਂ ਦੇ ਜੁਆਬ ਦਿੱਤੇ। ਤਰਕਸ਼ੀਲ ਲੇਖਕ ਅਜਮੇਰ ਸਿੱਧੂ ਦੁਆਰਾ ਸੁਸਾਇਟੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਨੌਜਵਾਨ ਭਾਰਤ ਸਭਾ ਦੇ ਆਗੂ ਨਵਕਿਰਨ ਪੱਤੀ ਨੇ ਸਾਰੇ ਡੈਲੀਗੇਟਾਂ ਨੂੰ ਸਮੇਂ ਦੀ ਪਿਛਾਂਹਖਿੱਚੂ ਵਿਵਸਥਾ ਅਤੇ ਟੀ. ਵੀ. ਚੈਨਲਾਂ ਦੇ ਨਾਂਹਪੱਖੀ ਰੋਲ ਬਾਰੇ ਚੇਤੰਨ ਕਰਦੇ ਹੋਏ ਨਵੇਂ ਤਰਕਸ਼ੀਲਾਂ ਨੂੰ ਹੋਰ ਵੱਧ ਉਤਸ਼ਾਹ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸੈਸ਼ਨ ਦੀ ਪ੍ਰਧਾਨਗੀ ਅਜਮੇਰ ਸਿੱਧੂ, ਮੇਘਰਾਜ ਮਿੱਤਰ, ਸਰਜੀਤ ਤਲਵਾਰ, ਗੁਰਨਾਮ ਮਹਿਸਮਪੁਰੀ, ਅਧਿਆਪਕ ਆਗੂ ਰਾਜੀਵ ਕੁਮਾਰ ਅਤੇ ਐਮ. ਐਸ. ਰੰਧਾਵਾ ਨੇ ਕੀਤੀ।





ਨੌਜਵਾਨ ਤਰਕਸ਼ੀਲ ਸਾਥੀਆਂ ਨੂੰ ਜਾਦੂ ਅਤੇ ਹਿਪਨੋਟਿਜ਼ਮ ਬਾਰੇ ਜਾਣਕਾਰੀ ਰਾਜਾ ਰਾਮ ਹੰਢਿਆਇਆ ਅਤੇ ਲਖਵਿੰਦਰ ਹਾਲੀ ਦੁਆਰਾ ਦਿੱਤੀ ਗਈ। ਸਾਥੀਆਂ ਨੂੰ ਜਾਦੂ ਦੇ ਟ੍ਰਿੱਕ ਦਿਖਾਏ ਅਤੇ ਸਿਖਾਏ ਗਏ, ਸਟੇਜ 'ਤੇ ਹੀ ਇੱਕ ਬੱਚੇ ਨੂੰ ਹਿਪਨੋਟਾਈਜ਼ ਕਰਕੇ ਵੀ ਵਿਖਾਇਆ ਗਿਆ। ਭੂਤ-ਪ੍ਰੇਤਾਂ ਦੀਆਂ ਕਸਰਾਂ ਅਤੇ ਰਹੱਸਮਈ ਘਟਨਾਵਾਂ ਨਾਲ ਸੰਬੰਧਤ ਕੇਸਾਂ ਨੂੰ ਹੱਲ ਕਰਨ ਵਾਸਤੇ ਜਾਣਕਾਰੀ ਸਰਜੀਤ ਤਲਵਾਰ ਅਤੇ ਮੇਘਰਾਜ ਮਿੱਤਰ ਦੁਆਰਾ ਦਿੱਤੀ ਗਈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਕੋਲ ਵੱਖ ਵੱਖ ਸਮਿਆਂ 'ਤੇ ਆਏ ਪੁਨਰ-ਜਨਮ ਵਾਲੇ ਕੇਸਾਂ ਬਾਰੇ ਵੀ ਵਿਸਥਾਰ ਸਹਿਤ ਦੱਸਿਆ ਗਿਆ। ਵਰਿੰਦਰ ਦੀਵਾਨਾ ਨੇ ਬੀਤੇ ਦਿਨੀਂ ਸੜਕ ਹਾਦਸੇ ਵਿੱਚ ਵਿਛੋੜਾ ਦੇ ਨੌਜਵਾਨ ਤਰਕਸ਼ੀਲ ਸਾਥੀ ਅਮਨ ਭਾਰਤੀ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੁਖਵੀਰ ਜੋਗਾ ਨੇ ਆਪਣੇ ਪ੍ਰਗਤੀਸ਼ੀਲ ਵਿਚਾਰ ਪੇਸ਼ ਕੀਤੇ। ਦੁਪਹਿਰ ਦੇ ਖਾਣੇ ਤੋਂ ਬਾਅਦ ਦੂਜੇ ਸ਼ੈਸ਼ਨ ਦੀ ਪ੍ਰਧਾਨਗੀ ਮੇਘ ਰਾਜ ਰੱਲਾ, ਜਗਦੇਵ ਕੰਮੋਮਾਜਰਾ, ਨਾਟਕਕਾਰ ਹਰਵਿੰਦਰ ਦਿਵਾਨਾ, ਨਗਿੰਦਰ ਮਾਨਾ, ਲਖਵਿੰਦਰ ਹਾਲੀ ਅਤੇ ਪ੍ਰਿਸੀਪਲ ਗੁਰਵਿੰਦਰ ਸਿੰਘ ਚੀਕਾ ਦੁਆਰਾ ਕੀਤੀ ਗਈ। ਇਸ ਮੌਕੇ ਸੁਸਾਇਟੀ ਦਾ ਸੰਵਿਧਾਨ ਸਰਜੀਤ ਤਲਵਾਰ ਦੁਆਰਾ ਪੜ੍ਹਕੇ ਸੁਣਾਇਆ ਗਿਆ ਅਤੇ ਹਾਜ਼ਰ ਸਮੂਹ ਡੈਲੀਗੇਟਾਂ ਨੇ ਸਰਬਸੰਮਤੀ ਨਾਲ ਇਸ ਨੂੰ ਪਾਸ ਕੀਤਾ। ਇਸ ਤੋਂ ਬਾਅਦ ਸੂਬਾ ਕਮੇਟੀ ਅਤੇ ਕੇਂਦਰੀ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਸਰਪ੍ਰਸਤ ਮੇਘਰਾਜ ਮਿੱਤਰ, ਕੌਮੀ ਪ੍ਰਧਾਨ ਰਾਜਾਰਾਮ ਹੰਢਿਆਇਆ, ਸਕੱਤਰ ਸਰਜੀਤ ਤਲਵਾਰ, ਵਿੱਤ ਸਕੱਤਰ ਅਮਿੱਤ ਮਿੱਤਰ ਚੁਣੇ ਗਏ।

ਪੰਜਾਬ ਇਕਾਈ ਦਾ ਸੂਬਾ ਪ੍ਰਧਾਨ ਮੇਘ ਰਾਜ ਰੱਲਾ, ਉਪ ਪ੍ਰਧਾਨ ਲਖਵਿੰਦਰ ਹਾਲੀ, ਸਕੱਤਰ ਗੁਰਪ੍ਰੀਤ ਮੱਲੋਕੇ, ਸਹਿ ਸਕੱਤਰ ਐਮ. ਐਸ. ਰੰਧਾਵਾ ਅਤੇ ਸਤਨਾਮ ਜਵੰਧਾ, ਪ੍ਰਚਾਰ ਸਕੱਤਰ ਅਮਰਜੀਤ ਢਿੱਲੋਂ ਦਬੜੀਖਾਨਾ, ਸੁਖਬੀਰ ਜੋਗਾ ਨੂੰ ਚੁਣਿਆ ਗਿਆ। ਇਸ ਤੋਂ ਇਲਾਵਾ 31 ਮੈਂਬਰੀ ਸੂਬਾ ਕਮੇਟੀ ਵੀ ਬਣਾਈ ਗਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਰਾਜਾ ਰਾਮ ਹੰਢਿਆਇਆ ਦੁਆਰਾ ਨਿਭਾਈ ਗਈ।

ਨਵੇਂ ਚੁਣੇ ਗਏ ਸੂਬਾ ਪ੍ਰਧਾਨ ਮੇਘਰਾਜ ਰੱਲਾ ਨੇ ਸੂਬਾ ਕਮੇਟੀ ਦੇ ਸਹਿਯੋਗ ਨਾਲ ਤਰਕਸ਼ੀਲ ਲਹਿਰ ਨੂੰ ਵੱਧ ਤੋਂ ਵੱਧ ਜਨਤਾ ਤੱਕ ਲੈ ਕੇ ਜਾਣ ਦਾ ਭਰੋਸਾ ਦਿਵਾਇਆ ਅਤੇ ਮੈਗਜ਼ੀਨ 'ਵਿਗਿਆਨ ਜੋਤ' ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦਾ ਨਿਸਚਾ ਲਿਆ। ਇਸ ਦੌਰਾਨ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜਿਹਨਾਂ ਵਿੱਚ ਮੱਖਣ ਸਿੰਘ ਜੌਹਲ ਦੀ ਕਿਤਾਬ 'ਤਰਕਸ਼ੀਲ ਵਿਚਾਰ ਸੰਚਾਰ' ਅਤੇ ਰਾਜਾਰਾਮ ਹੰਢਿਆਇਆ ਦੀ ਕਿਤਾਬ 'ਮੇਰੇ ਸੁਪਨੇ ਮੇਰੀ ਸੋਚ' ਸ਼ਾਮਿਲ ਹਨ। ਅੰਤ ਵਿੱਚ ਮੇਘ ਰਾਜ ਮਿੱਤਰ ਨੇ ਸਭ ਡੈਲੀਗੇਟਾਂ ਦਾ ਇਜਲਾਸ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।

**ਜਾਰੀ ਕਰਤਾ ਸਖਵੀਰ ਜੋਗਾ**
**(ਮੋ:9815013046)**

# ਅਕਾਲੀ ਦਲ ਦੀ ਟਿਕਟ ਲਈ ਕਾਹਲੇ ਕਈ ਦਲਿਤ ਆਗੂ

**ਚੰਡੀਗੜ੍ਹ-** ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਰਾਖਵੀਆਂ ਸੀਟਾਂ ਹਥਿਆਉਣ ਲਈ ਬਣਾਈ ਰਣਨੀਤੀ ਨੂੰ ਪਾਰਟੀ ਦੇ ਦਲਿਤ ਨੇਤਾਵਾਂ ਵੱਲੋਂ ਤਕੜੀ ਚੁਣੌਤੀ ਦਿੱਤੀ ਜਾ ਰਹੀ ਹੈ। ਹਾਕਮ ਧਿਰ ਵੱਲੋਂ ਜਾਰੀ ਕੀਤੀ ਪਹਿਲੀ ਸੂਚੀ ਰਾਹੀਂ ਛੇ ਰਾਖਵੀਆਂ ਸੀਟਾਂ 'ਤੇ ਉਮੀਦਵਾਰਾਂ ਦੀ ਅਦਲਾ-ਬਦਲੀ ਕਾਰਨ ਇਨ੍ਹਾਂ ਹਲਕਿਆਂ ਵਿੱਚ ਹੀ ਵਿਦਰੋਹ ਸ਼ੁਰੂ ਨਹੀਂ ਹੋਇਆ, ਸਗੋਂ ਇਸ ਵਰਗ ਦੇ ਹੋਰ ਆਗੂਆਂ ਨੇ ਵੀ ਆਪਣੀਆਂ ਸੀਟਾਂ ਬਰਕਰਾਰ ਰੱਖਣ ਲਈ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਹਿਲੀ ਸੂਚੀ ਵਿੱਚ ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ, ਅਵਿਨਾਸ਼ ਚੰਦਰ, ਦਰਬਾਰਾ ਸਿੰਘ ਗੁਰੂ, ਸਤਵੰਤ ਕੌਰ ਸੰਧੂ, ਗੁਰਤੇਜ ਸਿੰਘ ਘੁੜਿਆਣਾ, ਗੋਬਿੰਦ ਸਿੰਘ ਕਾਂਝਲਾ ਅਤੇ ਰਾਜਵਿੰਦਰ ਕੌਰ ਭਾਗੀਕੇ ਦੀ ਥਾਂ ਨਵੇਂ ਉਮੀਦਵਾਰਾਂ ਦੇ ਨਾਮ ਸਾਹਮਣੇ ਆ ਚੁੱਕੇ ਹਨ। ਸ੍ਰੀ ਫਿਲੌਰ ਤੇ ਅਵਿਨਾਸ਼ ਚੰਦਰ ਤਾਂ ਪਾਰਟੀ ਨੂੰ ਅਲਵਿਦਾ ਵੀ ਆਖ ਚੁੱਕੇ ਹਨ। ਨਿਹਾਲ ਸਿੰਘ ਵਾਲਾ ਤੋਂ ਵਿਧਾਇਕ ਰਾਜਵਿੰਦਰ ਕੌਰ ਭਾਗੀਕੇ ਨੇ ਪਾਰਟੀ ਫੈਸਲੇ ਵਿਰੁੱਧ ਬਗਾਵਤ ਦਾ ਝੰਡਾ ਚੁੱਕਿਆ ਹੋਇਆ ਹੈ। ਸ਼ਾਮ ਚੁਰਾਸੀ ਤੋਂ ਵਿਧਾਇਕਾ ਮਹਿੰਦਰ ਕੌਰ ਜੋਸ਼ ਨੇ ਆਪਣੀ ਟਿਕਟ ਨੂੰ ਖ਼ਤਰਾ ਮਹਿਸੂਸ ਕਰਦਿਆਂ ਪਾਰਟੀ ਵਰਕਰਾਂ ਦਾ ਇਕੱਠ ਕਰ ਕੇ ਪਾਰਟੀ ਆਗੂਆਂ ਨੂੰ ਅਸਿੱਧੇ ਤੌਰ 'ਤੇ ਚੁਣੌਤੀ ਦੇ ਦਿੱਤੀ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸਾਲ 2007 ਦੀਆਂ ਚੋਣਾਂ ਵਿੱਚ ਪਾਰਟੀ ਨੇ ਕਈ ਆਗੂਆਂ ਦੀਆਂ ਟਿਕਟਾਂ ਕੱਟ ਦਿੱਤੀਆਂ ਸਨ, ਉਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ ਦੇ ਵੱਡੀ ਗਿਣਤੀ ਬਾਗੀ ਉਮੀਦਵਾਰਾਂ ਨੇ ਆਜ਼ਾਦ ਵਿਧਾਇਕਾਂ ਵਜੋਂ ਜਿੱਤ ਹਾਸਲ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2017 ਦਾ ਮੈਦਾਨ ਸਰ ਕਰਨ ਲਈ ਬਣਾਈ ਰਣਨੀਤੀ ਵਿੱਚ ਪ੍ਰਮੁੱਖ ਤੌਰ 'ਤੇ ਇਹੀ ਯੋਜਨਾ ਬਣਾਈ ਹੈ ਕਿ ਰਾਖਵੀਆਂ ਸੀਟਾਂ 'ਤੇ ਧਿਆਨ ਕੇਂਦਰਤ ਕੀਤਾ ਜਾਵੇ। ਸੀਨੀਅਰ ਅਕਾਲੀ ਆਗੂਆਂ ਨੂੰ ਵੀ ਰਾਖਵੀਆਂ ਸੀਟਾਂ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ ਹੈ। ਪਾਰਟੀ ਵੱਲੋਂ ਪਹਿਲੀ ਸੂਚੀ ਵਿੱਚ ਚਾਰ ਅਜਿਹੇ ਦਲਿਤ ਆਗੂਆਂ ਨੂੰ ਉਮੀਦਵਾਰ ਬਣਾਇਆ ਗਿਆ ਹੈ, ਜੋ ਕਾਂਗਰਸੀ ਪਿਛੋਕੜ ਵਾਲੇ ਹਨ। ਇਨ੍ਹਾਂ ਵਿੱਚ ਅਜੀਤ ਸਿੰਘ ਸ਼ਾਂਤ, ਸੇਠ ਸੱਤਪਾਲ ਮੱਲ, ਕਬੀਰ ਦਾਸ ਅਤੇ ਈਸ਼ਰ ਸਿੰਘ ਮੇਹਰਬਾਨ ਸ਼ਾਮਲ ਹਨ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਜੈਤੋਂ ਤੋਂ ਗੁਰਦੇਵ ਸਿੰਘ ਬਾਦਲ, ਬੁਢਲਾਡਾ ਤੋਂ ਚਤਿੰਨ ਸਿੰਘ ਸਮਾਉਂ ਅਤੇ ਬਠਿੰਡਾ (ਦਿਹਾਤੀ) ਤੋਂ ਦਰਸ਼ਨ ਸਿੰਘ ਕੋਟਫੱਤਾ ਦੇ ਹਲਕੇ ਬਦਲਣ ਅਤੇ ਕਈਆਂ ਦੀ ਛੁੱਟੀ ਹੋਣ ਦੇ ਆਸਾਰ ਹਨ। ਪੰਜਾਬ ਵਿੱਚ ਰਾਖਵੀਆਂ ਸੀਟਾਂ ਦੀ ਗਿਣਤੀ 34 ਹੈ। 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਸਭ ਤੋਂ ਵੱਧ 21 ਰਾਖਵੇਂ ਵਿਧਾਨ ਸਭਾ ਹਲਕਿਆਂ 'ਤੇ ਜਿੱਤ ਹਾਸਲ ਕੀਤੀ ਸੀ। ਕਾਂਗਰਸ ਨੂੰ 34 ਰਾਖਵੀਆਂ ਸੀਟਾਂ ਵਿੱਚੋਂ ਸਿਰਫ਼ 10 ਮਿਲੀਆਂ ਸਨ ਅਤੇ ਤਿੰਨ 'ਤੇ ਭਾਜਪਾ ਦੇ ਉਮੀਦਵਾਰ ਜਿੱਤੇ ਸਨ।

ਅਕਾਲੀ ਦਲ ਨੇ ਰਣਨੀਤੀ ਬਣਾਈ ਹੈ ਕਿ ਆਗਾਮੀ ਚੋਣਾਂ ਦੌਰਾਨ 34 ਵਿਧਾਨ ਸਭਾ ਹਲਕਿਆਂ ਵਿੱਚੋਂ ਸਭ ਤੋਂ ਜ਼ਿਆਦਾ ਸੀਟਾਂ ਹਥਿਆਈਆਂ ਜਾਣ। ਪਾਰਟੀ ਵੱਲੋਂ ਅਜੇ ਹੋਰ ਉਮੀਦਵਾਰਾਂ ਦਾ ਐਲਾਨ ਕੀਤਾ ਜਾਣਾ ਹੈ। ਜਿਨ੍ਹਾਂ ਉਮੀਦਵਾਰਾਂ ਨੂੰ ਟਿਕਟਾਂ ਕੱਟੇ ਜਾਣ ਦਾ ਖ਼ਦਸ਼ਾ ਹੈ, ਉਨ੍ਹਾਂ ਵੱਲੋਂ ਬਗਾਵਤ ਦਾ ਰਾਹ ਅਖ਼ਤਿਆਰ ਕਰਨ ਦੇ ਆਸਾਰ ਹਨ। ਇਸ ਤਰ੍ਹਾਂ ਅਕਾਲੀ ਦਲ ਨੂੰ ਰਾਖਵੀਆਂ ਸੀਟਾਂ 'ਤੇ ਉਮੀਦਵਾਰ ਬਦਲਣ ਦੀ ਬਣਾਈ ਯੋਜਨਾ ਮਹਿੰਗੀ ਵੀ ਪੈ ਸਕਦੀ ਹੈ।

# ਇੰਦਰ ਇਕਬਾਲ ਸਿੰਘ ਅਟਵਾਲ ਨੂੰ ਹਲਕਾ ਰਾਏਕੋਟ ਤੋਂ ਟਿਕਟ ਦਿੱਤੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ

**ਕੈਲੀਫੋਰਨੀਆ, (ਹੁਸਨ ਲੋੜਆ ਬੰਗਾ)-** ਨੌਜਵਾਨ ਆਗੂ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਹਲਕਾ ਰਾਏਕੋਟ ਤੋਂ ਹਾਈਕਮਾਂਡ ਨੇ ਟਿਕਟ ਦੇ ਕੇ ਜਿੱਥੇ ਇਲਾਕਾ ਨਿਵਾਸੀਆਂ ਦੇ ਦਿਲ ਜਿੱਤੇ ਹਨ ਉਥੇ ਐਨ.ਆਰ.ਆਈਜ਼ ਵੀਰਾਂ ਦੀ ਮੰਗ ਨੂੰ ਪੂਰਾ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ: ਅਰਵਿੰਦਰ ਸਿੰਘ ਲਾਖਨ ਚੀਫ਼ ਕੋਆਰਡੀਨੇਟਰ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਅਤੇ ਮੈਂਬਰ ਹਾਈ ਪਾਵਰ ਕੋਰ ਕਮੇਟੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇੰਦਰ ਇਕਬਾਲ ਸਿੰਘ ਅਟਵਾਲ ਆਪਣੇ ਪਿਤਾ ਸ: ਚਰਨਜੀਤ ਸਿੰਘ ਅਟਵਾਲ ਸਪੀਕਰ ਵਿਧਾਨ ਸਭਾ ਵਾਂਗ ਬਹੁਤ ਹੀ ਮਿਹਨਤੀ ਤੇ ਸਿਰੜੀ ਸੁਭਾਅ ਦੇ ਮਾਲਕ ਹਨ। ਉਨ੍ਹਾਂ ਕਿਹਾ ਕਿ ਸ: ਅਟਵਾਲ ਨੂੰ ਜਿਤਾਉਣ ਲਈ ਉਹ ਦਿਨ ਰਾਤ ਇਕ ਕਰ ਦੇਣਗੇ। ਉਨ੍ਹਾਂ ਕਿਹਾ ਕਿ ਸ: ਅਟਵਾਲ ਦੀ ਚੋਣ ਮੁਹਿੰਮ ਵਿਚ ਇਕ ਐਨਆਰਆਈ ਵੀਰਾਂ ਦਾ ਜਥਾ ਵਿਸ਼ੇਸ ਤੌਰ ਤੇ ਪੁੱਜੇਗਾ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਦਾ ਟਿਕਟ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ।



ਸਬੰਧਿਤ ਫੋਟੋ: ਅਰਵਿੰਦਰ ਸਿੰਘ ਲਾਖਨ ਚੀਫ਼ ਕੋਆਰਡੀਨੇਟਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ, ਇੰਦਰ ਇਕਬਾਲ ਸਿੰਘ ਅਟਵਾਲ ਨੂੰ ਹਲਕਾ ਰਾਏਕੋਟ ਤੋਂ ਅਕਾਲੀ ਦਲ ਦੀ ਟਿਕਟ ਐਲਾਨੇ ਜਾਣ ਤੇ ਖੁਸ਼ੀ ਦਾ ਇਜਹਾਰ ਕਰਦੇ ਹੋਏ।

# 'ਆਪ' ਅਤੇ ਬੈਂਸ ਭਰਾਵਾਂ ਦੇ ਸੁਰ ਮਿਲੇ- ਦਿੱਤੀਆਂ ਪੰਜ ਸੀਟਾਂ

**ਚੰਡੀਗੜ੍ਹ-** ਹੁਣ ਤੱਕ ਕਿਸੇ ਵੀ ਪਾਰਟੀ ਨਾਲ ਗੱਠਜੋੜ ਨਾ ਕਰਨ ਦੀ ਨੀਤੀ 'ਤੇ ਚੱਲ ਰਹੀ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੇ ਬਦਲਦੇ ਸਿਆਸੀ ਹਾਲਾਤ ਨੂੰ ਦੇਖਦਿਆਂ ਅੱਜ ਬੈਂਸ ਭਰਾਵਾਂ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਦੀ ਲੋਕ ਇਨਸਾਫ਼ ਪਾਰਟੀ ਨਾਲ ਗੱਠਜੋੜ ਕਰ ਲਿਆ। ਗੱਠਜੋੜ ਤਹਿਤ ਲੋਕ ਇਨਸਾਫ਼ ਪਾਰਟੀ ਨੂੰ ਪੰਜ ਸੀਟਾਂ ਦਿੱਤੀਆਂ ਗਈਆਂ ਹਨ। ਸੂਤਰਾਂ ਮੁਤਾਬਕ ਲੋਕ ਇਨਸਾਫ਼ ਪਾਰਟੀ ਲੁਧਿਆਣਾ ਦੀਆਂ ਚਾਰ ਅਤੇ ਸੰਗਰੂਰ ਜ਼ਿਲ੍ਹੇ ਦੀ ਅਮਰਗੜ੍ਹ ਸੀਟ ਤੋਂ ਆਪਣੇ ਉਮੀਦਵਾਰ ਮੈਦਾਨ 'ਚ ਉਤਾਰਨਗੇ। ਇਸ ਗੱਠਜੋੜ ਨਾਲ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਹੇਠਲੇ 'ਆਵਾਜ਼-ਏ-ਪੰਜਾਬ' ਮੋਰਚੇ ਨੂੰ ਵੀ ਝਟਕਾ ਲੱਗਿਆ ਹੈ ਅਤੇ ਹੁਣ ਉਹ ਪਰਗਟ ਸਿੰਘ ਨਾਲ ਇਕੱਲੇ ਪੈ ਗਏ ਹਨ। ਉਂਜ ਉਹ ਕਾਂਗਰਸ ਪਾਰਟੀ ਨਾਲ ਗੱਲਬਾਤ ਬਾਦਲਾਂ 'ਚ ਕੋਈ ਫਰਕ ਨਹੀਂ ਹੈ। ਇਸ ਕਰ ਕੇ ਉਹ ਕਦੇ ਵੀ ਕਾਂਗਰਸ ਪਾਰਟੀ 'ਚ ਸ਼ਾਮਲ ਨਹੀਂ ਹੋ ਸਕਦੇ। ਨਵਜੋਤ ਸਿੰਘ ਸਿੱਧੂ ਪ੍ਰਤੀ ਸਤਿਕਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨੂੰ ਵੀ ਗੱਠਜੋੜ 'ਚ ਲਿਆਉਣ ਦੀ ਕੋਸ਼ਿਸ਼ ਕਰਨਗੇ।ਕਰਦੇ ਰਹੇ ਹਨ। 'ਆਪ' ਦੇ ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਇਨਸਾਫ਼ ਪਾਰਟੀ ਦੇ ਸਿਧਾਂਤ ਅਤੇ ਸਿਆਸਤ 'ਆਪ' ਨਾਲ ਮੇਲ ਖਾਂਦੀ ਹੈ ਅਤੇ ਪਾਰਟੀ ਦਾ ਸੰਵਿਧਾਨ ਵੀ ਗੱਠਜੋੜ ਕਰਨ ਤੋਂ ਨਹੀਂ ਰੋਕਦਾ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਕਿਹਾ ਕਿ ਜੇਕਰ 'ਆਪ' ਗੱਠਜੋੜ ਸੱਤਾ 'ਚ ਆਇਆ ਤਾਂ ਉਹ ਬੈਂਸ ਭਰਾਵਾਂ ਦੀ ਮੰਗ ਅਨੁਸਾਰ ਲੁਧਿਆਣਾ ਦੀ ਸਨਅਤ ਨੂੰ ਵਿਸ਼ੇਸ਼ ਪੈਕਜ ਦੇਣਗੇ। ਐਸਵਾਈਐਲ ਦੇ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਪਾਣੀ ਦੇਣ ਲਈ ਇਕ ਵੀ ਬੂੰਦ ਨਹੀਂ ਹੈ। ਉਨ੍ਹਾਂ ਸਵਾਲ ਕੀਤਾ ਕਿ ਹਰਸਿਮਰਤ ਕੌਰ ਬਾਦਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਕਿਉਂ ਨਹੀਂ ਦਿੱਤਾ।

# ਸਿੱਖ ਵਿਦਿਆਰਥੀ ਨੂੰ ਮੁਸਲਮਾਨ ਸਮਝ ਕੇ ਕੀਤੀ ਬਦਸਲੂਕੀ

**ਬੋਸਟਨ-** ਪ੍ਰਸਿੱਧ ਹਾਰਵਰਡ ਲਾਅ ਸਕੂਲ ਵਿੱਚ ਪੜ੍ਹ ਰਹੇ 22 ਸਾਲਾ ਸਿੱਖ ਨੂੰ ਗਲਤੀ ਨਾਲ ਮੁਸਲਮਾਨ ਸਮਝ ਕੇ ਕੈਂਪਸ ਨੇੜਲੇ ਸਟੋਰ ਵਿੱਚ ਇਕ ਵਿਅਕਤੀ ਨੇ ਉਸ ਨਾਲ ਬਦਸਲੂਕੀ ਕੀਤੀ।ਇਸ ਯੂਨੀਵਰਸਿਟੀ ਵਿੱਚ ਪਹਿਲੇ ਸਾਲ ਦਾ ਵਿਦਿਆਰਥੀ ਹਰਮਨ ਸਿੰਘ ਜਦੋਂ ਕੈਂਬਰਿਜ ਦੇ ਸਟੋਰ ਵਿੱਚ ਖਰੀਦਦਾਰੀ ਕਰ ਰਿਹਾ ਸੀ ਤਾਂ ਉਸ ਨੂੰ ਮਾਂ ਦਾ ਫੋਨ ਆ ਗਿਆ। ਜਦੋਂ ਉਹ ਫੋਨ ਉਤੇ ਗੱਲ ਕਰ ਰਿਹਾ ਸੀ ਤਾਂ ਇਕ ਵਿਅਕਤੀ ਆਇਆ ਅਤੇ ਉਸ ਨੇ ਕਾਊਂਟਰ ਪਿੱਛੇ ਖੜ੍ਹੇ ਕਲਰਕ ਨਾਲ ਗੱਲਬਾਤ ਦੌਰਾਨ ਗਾਲ੍ਹ ਵਜੋਂ ਕਿਹਾ ਕਿ ''ਦੇਖੋ ਉਧਰ ਇਕ ਮੁਸਲਮਾਨ ਹੈ।'' 'ਦਿ ਬੋਸਟਨ ਗਲੋਬ' ਵਿੱਚ ਲਿਖੇ ਆਪਣੇ ਤਜਰਬੇ ਬਾਰੇ ਹਰਮਨ ਸਿੰਘ ਨੇ ਕਿਹਾ, ''ਉਹ ਵਿਅਕਤੀ ਸਟੋਰ ਵਿੱਚ ਵੀ ਮੇਰੇ ਮਗਰ ਘੁੰਮਦਾ ਰਿਹਾ ਅਤੇ ਪੁੱਛਦਾ ਰਿਹਾ ਕਿ ਮੈਂ ਕਿਹੜੀ ਥਾਂ ਨਾਲ ਸਬੰਧਿਤ ਹੈ।

# ਨੋਟਬੰਦੀ ਦਾ ਮੁੱਦਾ ਭਾਰੂ ਹੋਣ ਦੇ ਬਾਵਜੂਦ ਮੋਦੀ ਆਪਣੇ ਐਲਾਨ 'ਤੇ ਅੜੇ

**(ਸਫਾ 1 ਦੀ ਬਾਕੀ)** ਮੁਹਿੰਮ ਦੇ ਵੱਖ ਵੱਖ ਪਹਿਲੂਆਂ ਬਾਰੇ ਜਾਣਕਾਰੀ ਵੀ ਦਿੱਤੀ।

**ਨੋਟਬੰਦੀ ਦੀ ਭੇਟ ਚੜ੍ਹਿਆ ਸੰਸਦ ਦਾ ਦਿਨ**

ਨੋਟਬੰਦੀ ਦੇ ਮਾਮਲੇ 'ਤੇ ਬਹਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਜ਼ਰੀ ਯਕੀਨੀ ਬਣਾਉਣ ਅਤੇ ਨੋਟਬੰਦੀ ਕਾਰਨ ਖੜ੍ਹੀਆਂ ਹੋਈਆਂ ਮੁਸ਼ਕਲਾਂ ਕਾਰਨ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਹਮਲਾਵਰ ਰੁਖ਼ ਅਪਣਾਉਣ ਕਾਰਨ ਸੰਸਦ ਵਿੱਚ ਲਗਾਤਾਰ ਕਈ ਦਿਨ ਕੋਈ ਕੰਮ ਨਹੀਂ ਹੋ ਸਕਿਆ। ਵਿਰੋਧੀ ਧਿਰ ਨੇ ਇਹ ਵੀ ਮੰਗ ਕੀਤੀ ਕਿ ਨੋਟਬੰਦੀ ਕਾਰਨ ਪੈਦੇ ਹੋਏ ਹਾਲਾਤ ਕਰ ਕੇ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਬਾਅਦ ਦੁਪਹਿਰ ਸਾਰੇ ਦਿਨ ਲਈ ਸਦਨ ਨੂੰ ਉਠਾਉਣ ਤੋਂ ਪਹਿਲਾਂ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਕਈ ਵਾਰ ਰੋਕਣੀ ਪਈ।

# ਅੱਧੀ ਸਦੀ ਤੱਕ ਗੁੰਮਨਾਮੀ ਦੀ ਹਾਲਤ ਵਿੱਚ ਪਿਆ ਸ਼ਹੀਦ ਭਗਤ ਸਿੰਘ ਦਾ ਪਿਸਤੌਲ ਲੱਭਿਆ

**(ਸਫਾ 1 ਦੀ ਬਾਕੀ)**

ਨੇ ਸਭ ਕੁੱਝ ਬਦਲ ਦਿੱਤਾ। ਇਸ ਮਗਰੋਂ ਸ਼ਹੀਦ ਭਗਤ ਸਿੰਘ ਦੀ ਪਿਸਤੌਲ ਦੀ ਮੌਜੂਦਗੀ ਵਾਲੀਆਂ ਸੰਭਾਵੀ ਥਾਵਾਂ ਬਾਰੇ ਰਿਪੋਰਟਾਂ ਪ੍ਰਕਾਸ਼ਿਤ ਹੋਈਆਂ। ਇਹ ਪਿਸਤੌਲ ਲਾਹੌਰ ਵਿੱਚ 17 ਦਸੰਬਰ 1928 ਨੂੰ ਬਰਤਾਨਵੀ ਪੁਲੀਸ ਅਧਿਕਾਰੀ ਜੇ.ਪੀ. ਸਾਂਡਰਸ ਨੂੰ ਮਾਰਨ ਲਈ ਵਰਤੀ ਗਈ। ਲਾਹੌਰ ਸਾਜ਼ਿਸ਼ ਕੇਸ ਵਿੱਚ ਇਹ ਪਿਸਤੌਲ ਅਹਿਮ ਸਬੂਤ ਸੀ। ਸਹਾਇਕ ਕਮਾਂਡੈਂਟ ਵਿਜੇਂਦਰ ਹੁਣ ਇਸ ਪਿਸਤੌਲ ਬਾਰੇ ਗੱਲ ਕਰਨ ਲਈ ਕਾਫ਼ੀ ਸਮਾਂ ਲਾਉਂਦਾ ਹੈ ਕਿਉਂਕਿ ਇਹ ਇਤਿਹਾਸ ਦੇ ਇਕ ਅਨਮੋਲ ਅਧਿਆਇ ਨਾਲ ਸਬੰਧਤ ਹੈ। ਬੀਐਸਐਫ ਦੇ ਇਸ ਅਦਾਰੇ ਦੇ ਡਾਇਰੈਕਟਰ ਆਈਜੀ ਪੰਕਜ ਨੇ ਕਿਹਾ ਕਿ ਜਦੋਂ ਵੀ ਉਹ ਮਹਾਨ ਸ਼ਹੀਦ ਦੀ ਪਿਸਤੌਲ ਨੂੰ ਆਪਣੇ ਹੱਥ 'ਚ ਲੈਂਦੇ ਹਨ ਤਾਂ ਉਹ ਭਾਵੁਕ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ''ਮੈਂ ਆਪਣੇ ਲੰਮੇ ਕਰੀਅਰ ਦੌਰਾਨ ਕਈ ਹਥਿਆਰ ਚੁੱਕੇ ਹਨ ਪਰ ਕੋਈ ਵੀ ਇਸ ਵਰਗਾ ਨਹੀਂ।'' ਉਨ੍ਹਾਂ ਸਾਫ਼ਗੋਈ ਨਾਲ ਮੰਨਿਆ ਕਿ ਇੱਥੇ ਮੌਜੂਦ ਕਿਸੇ ਨੂੰ ਵੀ ਇਹ ਪਤਾ ਨਹੀਂ ਸੀ ਕਿ ਇਹ ਪਿਸਤੌਲ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਹੈ।

ਆਈਜੀ ਨੇ ਕਿਹਾ ਕਿ ਪਿਸਤੌਲਾਂ ਤੋਂ ਪੇਂਟ ਉਤਰਨ ਤੋਂ ਬਾਅਦ ਉਦੋਂ ਸਾਰੇ ਖ਼ੁਸ਼ੀ ਨਾਲ ਝੂਮ ਉੱਠੇ ਜਦੋਂ ਇਕ ਪਿਸਤੌਲ ਦੀ ਬੈਰਲ ਉਤੇ ਉਸ ਦਾ ਨੰਬਰ 168896 ਸਪੱਸ਼ਟ ਹੋ ਗਿਆ, ਜੋ ਰਿਕਾਰਡ ਨਾਲ ਮੇਲ ਖਾ ਗਿਆ। ਹੁਣ ਇਸ ਪਿਸਤੌਲ ਨੂੰ ਵੱਖਰਾ ਇਕ ਥੜ੍ਹੇ ਉਤੇ ਸ਼ੀਸ਼ੇ ਵਿੱਚ ਰੱਖਿਆ ਗਿਆ ਹੈ ਪਰ ਹਾਲੇ ਵੀ ਇਸ ਦਾ ਵੇਰਵਾ ਨਾਲ ਨਹੀਂ ਦਰਸਾਇਆ ਗਿਆ। ਆਈਜੀ ਨੇ ਕਿਹਾ ਕਿ ਉਹ ਇਸ ਪਿਸਤੌਲ ਨੂੰ ਸ਼ਹੀਦ ਭਗਤ ਸਿੰਘ ਦੀ ਤਸਵੀਰ ਨਾਲ ਦਰਸਾਉਣ ਲਈ ਵਿਸ਼ੇਸ਼ ਥਾਂ ਤਿਆਰ ਕਰ ਰਹੇ ਹਨ। ਇਤਿਹਾਸਕਾਰ ਮਲਵਿੰਦਰਜੀਤ ਸਿੰਘ ਵੜੈਚ ਨੇ ਕਿਹਾ ਕਿ ਇਸ ਪਿਸਤੌਲ ਨੂੰ ਦੇਖਣਾ ਸੁਪਨਾ ਸੱਚ ਹੋਣ ਬਰਾਬਰ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸ਼ਹੀਦ ਦੀਆਂ ਹੋਰ ਨਿਸ਼ਾਨੀਆਂ ਹਾਲੇ ਲੱਭੀਆਂ ਜਾਣੀਆਂ ਬਾਕੀ ਹਨ।

**ਸੋਹਣੀ ਦਿੱਖ ਲਈ ਕਰ ਦਿੱਤਾ ਸੀ ਪੇਂਟ**

ਬੀਐਸਐਫ ਰਿਕਾਰਡ ਦੀ ਘੋਖ ਲਈ ਆਈਜੀ ਨੂੰ ਇਸ ਪਿਸਤੌਲ ਦਾ ਨੰਬਰ ਤੇ ਹੋਰ ਬਿਓਰਾ ਦਿੱਤਾ ਗਿਆ। ਇਸ ਪਿੱਛੋਂ ਇਕ ਟੀਮ ਨੂੰ ਇਸ ਦਾ ਇਕ ਪੁਰਾਣੇ ਰਜਿਸਟਰ ਵਿੱਚ ਇੰਦਰਾਜ ਮਿਲ ਗਿਆ ਪਰ ਅਸਲ ਹਥਿਆਰ ਦਾ ਪਤਾ ਲਾਉਣ ਲਈ ਇਕ ਅੜਿੱਕਾ ਹੋਰ ਖੜ੍ਹਾ ਹੋ ਗਿਆ ਕਿਉਂਕਿ ਸੰਭਾਲ ਤੇ ਵਧੀਆ ਦਿੱਖ ਲਈ ਇਸ ਅਜਾਇਬਘਰ ਦੇ ਸਾਰੇ ਹਥਿਆਰਾਂ ਨੂੰ ਪੇਂਟ ਕਰ ਦਿੱਤਾ ਗਿਆ ਸੀ। ਇਸ ਲਈ ਸਟਾਫ ਨੂੰ ਅਸਲ ਪਿਸਤੌਲ ਦੀ ਪਛਾਣ ਲਈ ਸਾਰੀਆਂ .32 ਕੌਲਟ ਪਿਸਤੌਲਾਂ ਦਾ ਪੇਂਟ ਉਤਾਰਨਾ ਪਿਆ। ਪੇਂਟ ਨਾਲ ਪਿਸਤੌਲ ਦਾ ਨੰਬਰ ਤੇ ਵੇਰਵਾ ਲੁਕ ਗਿਆ ਸੀ।

ਦੇਸ਼ ਦੁਆਬਾ

## ਸਾਂਝੀਆਂ ਗੱਲਾਂ

**- ਸੀ. ਐਲ. ਚੁੰਬਰ**

# ਸਾਡੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦਾ ਪ੍ਰਬੰਧ ਕਿਹੋ ਜਿਹਾ ਹੋਵੇ

ਗੁਰੂ ਨਾਨਕ ਮਹਾਰਾਜ ਨੇ ਫੁਰਮਾਇਆ ਹੈ ਕਿ ਪਹਿਲਾਂ ਪਾਣੀ ਜੀਵ ਹੈ। ਗੁਰੂ ਰਵਿਦਾਸ ਮਹਾਰਾਜ ਨੇ ਫੁਰਮਾਇਆ ਹੈ- ਤੋਹੀ ਮੋਹੀ ਅੰਤਰ ਕੈਸਾ, ਕਨਕ ਕਟਕ ਜਲ ਤਰੰਗ ਜੈਸਾ ਭਾਵ ਆਦਮੀ ਅਤੇ ਔਰਤ ਵਿਚ, ਗਰੀਬ ਅਤੇ ਅਮੀਰ ਵਿਚ, ਬੰਦੇ ਅਤੇ ਰੱਬਵਿਚ ਕੋਈ ਅੰਤਰ ਨਹੀਂ ਹੈ। ਅਸੀਂ ਰੱਬ ਦੇ ਬੰਦੇ ਹਾਂ, ਪਰ ਅਸੀਂ ਤੂੰ-ਤੂੰ, ਮੈਂ-ਮੈਂ ਦੇ ਚੱਕਰ ਵਿਚ ਪੈ ਕੇ ਮਨੁੱਖਾ ਦੁਰਲੱਭ ਜੀਵਨ ਗਵਾ ਬਹਿੰਦੇ ਹਾਂ। ਜੇ ਗੁਰੂ ਨਾਨਕ ਨੇ ਪਾਣੀ ਨੂੰ ਪਹਿਲਾਂ ਜੀਵ ਐਲਾਨਿਆ ਹੈ, ਭਾਵ ਅਸੀਂ ਪਾਣੀ ਦੇ ਜਾਏ ਹਾਂ ਕਿਉਂਕਿ ਸਾਡੇ ਸਰੀਰ ਦਾ ਸੱਤਰ ਪ੍ਰਤੀਸ਼ਤ ਹਿੱਸਾ ਪਾਣੀ ਤੋਂ ਬਣਿਆ ਹੈ। ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਫੁਰਮਾਇਆ ਹੈ ਕਿ ਜਿਵੇਂ ਪਾਣੀ ਅਤੇ ਪਾਣੀ ਵਿਚ ਉਪਜੀ ਲਹਿਰ ਵਿਚ ਕੋਈ ਫਰਕ ਨਹੀਂ ਹੈ ਅਤੇ ਉਸ ਤੋਂ ਬਣੇ ਗਹਿਣਿਆਂ ਵਿਚ ਕੋਈ ਫਰਕ ਨਹੀਂ। ਪਰ ਅਸੀਂ 'ਤੋਹੀ' ਤੇ 'ਮੋਹੀ' ਵਿਚ ਅੰਤਰ ਕਰਕੇ ਤੂੰ ਤੂੰ, ਮੈਂ ਮੈਂ ਵਿਚ ਉਲਝ ਕੇ ਜੀਵਨ ਦੀ ਤਾਣੀ ਨੂੰ ਉਲਝਾ ਬੈਠਦੇ ਹਾਂ।

ਕੋਈ ਧਰਮ ਲੈ ਲਵੋ, ਕੋਈ ਵੀ ਸਮਾਜਿਕ, ਰਾਜਸੀ ਜਾਂ ਧਾਰਮਿਕ ਸੰਸਥਾ ਲੈ ਲਓ, ਛੋਟੀ-ਛੋਟੀ ਗੱਲ 'ਤੇ ਦੁਫੇੜ ਹੋ ਗਏ ਹਨ ਜਾਂ ਹੋ ਰਹੇ ਹਨ ਜਾਂ ਹੁੰਦੇ ਰਹਿਣਗੇ। ਕਈ ਵਾਰ ਇਸ 'ਚ ਦੁਫੇੜ ਵਿਚੋਂ ਵੀ ਵਿਕਾਸ ਹੁੰਦਾ ਹੈ, ਕੁਝ ਨਵਾਂ ਨਿਕਲਦਾ ਹੈ। ਪਰ ਨਵਾਂ ਵਿਚਾਰ, ਨਵਾਂ ਸੰਗਠਨ, ਨਵਾਂ ਧਰਮ, ਪਹਿਲਾਂ ਨਾਲੋਂ ਜ਼ਿਆਦਾ ਨਿੱਗਰ ਹੋਣ ਨਾਲ ਹੀ ਵੱਧ ਫੁੱਲ ਸਕਦਾ ਹੈ। ਬਹੁਤ ਸਾਰੇ ਪੁਰਾਣੇ ਧਰਮ ਹੁਣ ਇਤਿਹਾਸ ਦੇ ਪੰਨੇ ਬਣ ਗਏ ਹਨ। ਹੁਣ ਦੇ ਧਰਮਾਂ ਨੂੰ ਵੀ ਨਵੀਂ ਸੋਚ ਅਪਣਾ ਕੇ ਚੱਲਣਾ ਪਵੇਗਾ, ਨਹੀਂ ਤਾਂ ਸਾਇੰਸ, ਲੋਕਤੰਤਰ ਅਤੇ ਤਕਨੀਕੀ ਯੁੱਗ ਵਿਚ ਬਹੁਤ ਪੱਛੜ ਕੇ ਲੋਕਾਂ ਦੇ ਮਨੋਂ ਲਹਿ ਕੇ ਗੱਲੋਂ ਵੀ ਲਹਿ ਜਾਣਗੇ। ਸਾਡੇ ਸਾਹਮਣੇ ਹੀ ਛੂਆਛਾਤੀ ਨਿਜ਼ਾਮ ਖਤਮ ਹੋਣ ਕੰਢੇ ਹੈ ਅਤੇ ਜਾਤੀਵਾਦੀ ਨਿਜ਼ਾਮ ਵੀ ਡਾਵਾਂਡੋਲ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀ ਅਤੇ ਕੇਂਦਰੀ ਮੰਤਰੀ ਰਹੇ ਡਾ. ਕਰਨ ਸਿੰਘ ਨੇ 28 ਸਾਲ ਪਹਿਲੋਂ ਲਿਖੀ ਕਿਤਾਬ 'ਹਿੰਦੂ ਧਰਮ: ਨਈ ਚੁਣੌਤੀਆਂ' ਵਿਚ ਲਿਖਿਆ ਸੀ ਕਿ ਹੁਣ ਜੇ ਤੁਸੀਂ ਆਪਣੇ ਬੱਚੇ ਨੂੰ ਹੀ ਦਬਾਓਗੇ ਤਾਂ ਉਹ ਵੀ ਤੁਹਾਡੇ ਖਿਲਾਫ ਬਗਾਵਤ ਕਰ ਦੇਵੇਗਾ। ਕਿਉਂ? ਕਿਉਂਕ ਹੁਣ ਜਮਾਨਾ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਪੈਦਲ ਤੁਰਨ ਵਾਲੇ ਲੋਕ ਹਵਾਈ ਜਹਾਜ਼ਾਂ ਤੋਂ ਵੀ ਅਗਲੇਰੀ ਤੋਰ ਤੁਰ ਰਹੇ ਹਨ। ਪੰਜਾਬੀ ਵਿਚ ਅਸੀਂ ਇਕ ਗਾਣਾ ਸੁਣਿਆ ਕਰਦੇ ਸੀ- ਅੱਡੀ ਮਾਰ ਕੇ ਗੱਡੀ ਦਾ ਪਈਆ ਭੰਨਿਆ, ਚਾਅ ਮੁਕਲਾਵੇ ਦਾ। ਨਵੀਂ ਪੀੜ੍ਹੀ ਦੇਸ਼ ਵਿਦੇਸ਼ਾਂ ਦੀ ਪੜ੍ਹਾਈ ਕਰਕੇ, ਟੀ.ਵੀ., ਇੰਟਰਨੈਟ ਰਾਹੀਂ ਗਿਆਨ ਵਿਗਿਆਨ ਨਾ ਮੁਕਲਾਵੇ ਜਿੰਨੇ ਚਾਅ 'ਚ ਫਿਰ ਰਿਹਾ ਹੈ। ਤਬਦੀਲੀ ਨੂੰ ਸਦਾ ਹੀ 'ਜੀ ਆਇਆਂ ਨੂੰ' ਕਹਿਣਾ ਚਾਹੀਦਾ ਹੈ। ਇਕ ਪੀੜ੍ਹੀ ਪੱਛੜ ਗਈ ਤਾਂ ਕਈ ਪੀੜ੍ਹੀਆਂ ਪੱਛੜ ਜਾਂਦੀਆਂ ਹਨ।


ਸੀ. ਐਲ. ਚੁੰਬਰ

ਮੰਨ ਲਵੋ ਅਸੀਂ ਕੋਈ ਅੱਜ ਸੰਸਥਾ ਬਣਾਉਂਦੇ ਹਾਂ। ਜੇ ਅਸੀਂ ਉਸੇ ਨੂੰ ਸਿਰਫ ਅੱਜ ਦੀਆਂ ਲੋੜਾਂ ਅਨੁਸਾਰ ਬਣਾਵਾਂਗੇ ਤਾਂ ਉਹ ਕੱਲ੍ਹ ਭਾਵ ਆਉਣ ਵਾਲੇ ਸਮੇਂ ਲਈ ਇੰਨੀ ਕਾਰਗਰ ਨਹੀਂ ਰਹੇਗੀ। ਅੱਜ ਅਤੇ ਕੱਲ੍ਹ ਦੋਹਾਂ ਨੂੰ ਮੁੱਖ ਰੱਖ ਕੇ ਬਣੀਆਂ ਸੰਸਥਾਵਾਂ ਅਤੇ ਵਿਚਾਰ ਹੋਣੇ ਚਾਹੀਦੇ ਹਨ। ਚਿਰ ਸਦੀਵੀ ਵਿਚਾਰ ਅੱਛੀਆਂ ਸੰਸਥਾਵਾਂ ਦੇ ਸਿਰ 'ਤੇ ਸਿਰੇ ਲੱਗਦੇ ਹਨ। ਇਸੇ ਤਰ੍ਹਾਂ ਨਿੱਗਰ ਸੰਸਥਾਵਾਂ ਹੀ ਨਿੱਗਰ ਵਿਚਾਰਾਂ ਨੂੰ ਬੰਨ੍ਹੇ-ਕੰਢੇ ਲਗਾਉਂਦੀਆਂ ਹਨ। ਸੋ ਸੰਸਥਾਵਾਂ ਵਿਚ ਨਿੱਗਰ ਸੋਚ ਵਾਲੇ ਇਮਾਨਦਾਰ, ਦੂਰ ਦ੍ਰਿਸ਼ਟੀ, ਸਵੈਮਾਣੀ, ਤਰਕਸ਼ੀਲ ਆਗੂਆਂ ਅਤੇ ਵਰਕਰਾਂ ਦੀ ਲੋੜ ਹੁੰਦੀ ਹੈ। ਨਿੱਜੀ ਤਜਰਬਾ ਤੁਹਾਡਾ ਵੀ ਹੋਵੇਗਾ ਅਤੇ ਸਾਡਾ ਵੀ ਹੈ ਕਿ ਸੰਸਥਾਵਾਂ ਵਿਚ ਫੁੱਟ ਦੇ ਮੁੱਖ ਕਾਰਨ ਹਨ- ਚੌਧਰ, ਸਰਦਾਰੀ, ਭ੍ਰਿਸ਼ਟਾਚਾਰ, ਅਸਹਿਣਸ਼ੀਲਤਾ ਅਤੇ ਨਾਰਦ ਮੁਨੀ। ਨਾਰਦ ਮੁਨੀਆਂ ਭਾਵ 'ਅੱਗ ਲਾਈ ਡੱਬੂ ਨਿਆਈਂ' ਵਰਗਿਆਂ ਤੋਂ ਬਚਣਾ ਚਾਹੀਦਾ ਹੈ। ਇਕ-ਦੂਜੇ ਦੀ ਗੱਲ ਨੂੰ, ਸਲਾਹ ਨੂੰ ਧਿਆਨ ਨਾਲ ਸੁਣ ਕੇ ਉਸ ਵਿਚੋਂ ਚੰਗੀ ਗੱਲ ਮੰਨਣ ਨਾਲ ਕਦੇ ਵੀ ਵਿਰੋਧ ਪੈਦਾ ਨਹੀਂ ਹੁੰਦਾ। ਸਾਂਝੇ ਪੈਸੇ ਨੂੰ ਕਦੇ ਵੀ ਖਾਣਾ ਨਹੀਂ ਚਾਹੀਦਾ। ਅਸੀਂ ਮੰਨੀਏ ਚਾਹੇ ਨਾ ਮੰਨੀਏ, ਸਵਰਗ ਨਰਕ ਇੱਥੇ ਹੀ ਹੈ। ਜੇ ਕੋਈ ਕਾਲੇ ਧਨ ਨਾਲ ਅਮੀਰ ਬਣ ਗਿਆ ਤਾਂ ਉਹਦੇ ਬੱਚੇ ਵਿਗੜ ਗਏ। ਜੇ ਬੱਚੇ ਵਿਗੜ ਗਏ ਤਾਂ ਫਿਰ ਰਿਹਾ ਕੀ? ਸਲਾਹ ਸੰਸਥਾਵਾਂ ਦੀ ਜਿੰਦ ਜਾਨ ਹੈ। ਅਖਾਣਾਂ ਕਹਾਉਤਾਂ ਕਿਸੇ ਨੇ ਐਵੇਂ ਨਹੀਂ ਬਣਾਈਆਂ। ਸਲਾਹ ਬਾਰੇ ਮੈਨੂੰ ਤਾਂ ਬਈ ਪੰਜਾਬੀ ਦੀ ਇਕ ਕਹਾਵਤ ਬੜੀ ਜਚੀ ਹੈ ਜੋ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ- ਦਾਤਣ ਫਲਾਂਹ ਦੀ ਰੰਨ ਵਿਆਹ ਦੀ ਅਤੇ ਗੱਲ ਸਲਾਹ ਦੀ। ਮੰਨ ਲਵੋ ਕਿਸੇ 'ਚ ਮੁੰਡਾ ਕੁੜੀ ਲਵ ਮੈਰਿਜ ਕਰ ਲਵੇ ਤਾਂ ਉਸ ਦੇ ਮਾਪੇ, ਰਿਸ਼ਤੇਦਾਰ ਬੜੇ ਲੋਹੇ ਲਾਖੇ ਹੋ ਜਾਂਦੇ ਹਨ। ਭਾਵੇਂ ਰਿਸ਼ਤੇਦਾਰਾਂ, ਘਰਦਿਆਂ ਦਾ ਲੱਖਾਂਆਏ ਡਾਲਰਾਂ ਪਾਊਂਡਾਂ ਦਾ ਖਰਚ ਕਿਉਂ ਨਾ ਬਚ ਗਿਆ ਹੋਵੇ। ਉਹ ਮੁੰਡੇ ਕੁੜੀ ਨੂੰ ਉਖੜੀ ਕੁਹਾੜੀ ਵਾਂਗ ਪੈਂਦੇ ਹਨ। ਕਈ ਤਾਂ ਬੇਦਖਲ ਕਰ ਦਿੰਦੇ ਹਨ। ਜੇ ਮੁੰਡਾ ਕੁੜੀ ਆਪਣੀ ਜਾਤ ਦੇ ਨਾ ਹੋਣ ਤਾਂ ਕਈ ਤਾਂ ਇੰਡੀਆ ਵਿਚ ਦੋਵਾਂ ਨੂੰ ਵੱਢ ਟੁੱਕ ਕੇ ਨਹਿਰ/ ਦਰਿਆ ਵਿਚ ਵੀ ਰੋੜ ਦਿੰਦੇ ਹਨ। ਕਿਸੇ ਦੀ ਸਲਾਹ ਨਾ ਮੰਨਣਾ ਕਈ ਵਾਰੀ ਇੰਨਾ ਖਤਰਨਾਕ ਬਣ ਜਾਂਦਾ ਹੈ। ਸਿਆਣਿਆਂ ਨੇ ਫਿਰ ਲੋਕਤੰਤਰ ਦੀ ਕਾਢ ਕੱਢੀ। ਲੋਕਤੰਤਰ ਵਿਚ ਹਰ ਕਿਸੇ ਨੂੰ ਵੋਟ ਦਾ ਹੱਕ ਦੇ ਦਿੱਤਾ ਕਿ ਉਹ ਆਪਣੀ ਮਨਪਸੰਦ ਦੇ ਉਮੀਦਵਾਰ ਨੂੰ ਵੋਟ ਪਾ ਕੇ ਉਸ ਨੂੰ ਚੁਣ ਸਕਦਾ ਹੈ। ਇਹ ਲੋਕਤੰਤਰ ਦੀ ਕਰਾਮਾਤ ਹੈ ਕਿ 'ਓਬਾਮਾ ਜੀ ਯੂਨਾਈਟਿਡ ਸਟੇਟਸ ਆਫ ਅਮੈਰਿਕਾ' ਦੇ ਰਾਸ਼ਟਰਪਤੀ ਬਣ ਗਏ, ਨਹੀਂ ਤਾਂ ਕਿਸਨੇ ਉਹਨਾਂ ਨੂੰ ਬਣਨ ਦੇਣਾ ਸੀ। ਸ. ਬਾਦਲ ਅਤੇ ਸ. ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਅਹੁਦੇ 'ਤੇ ਬਹਿੰਦੇ ਤੇ ਲਹਿੰਦੇ ਰਹਿੰਦੇ ਹਨ। ਸਾਡੇ ਭਾਰਤ ਨੂੰ ਲੋਕਰਾਜੀ ਸੰਵਿਧਾਨਕ ਤਾਣੇ-ਬਾਣੇ ਨੇ ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਵਜੋਂ ਵਿਕਸਿਤ ਕੀਤਾ ਹੈ।

ਸੋ, ਸਾਡੀਆਂ ਧਾਰਮਿਕ, ਸਮਾਜਿਕ ਅਤੇ ਰਾਜਸੀ ਸੰਸਥਾਵਾਂ ਦਾ ਪ੍ਰਬੰਧ ਲੋਕਰਾਜੀ ਹੋਣਾ ਚਾਹੀਦਾ ਹੈ। ਵੱਧ ਤੋਂ ਵੱਧ ਲੋਕਾਂ ਨੂੰ ਇਹਨਾਂ ਸੰਸਥਾਵਾਂ ਦੇ ਮੈਂਬਰ ਬਣਾ ਕੇ ਉਹਨਾਂ ਨੂੰ ਵੋਟ ਦਾ ਅਧਿਕਾਰ ਦੇ ਕੇ ਆਪਣੀ ਸੰਸਥਾ ਵਿਚ ਉਹਨਾਂ ਦੇ ਵਿਸ਼ਵਾਸ ਨੂੰ ਪੱਕਿਆਂ ਕਰਨਾ ਚਾਹੀਦਾ ਹੈ। ਆਪਣੀ ਸੰਸਥਾ ਦੀ ਮੈਂਬਰਸ਼ਿਪ ਅਤੇ ਅਹੁਦੇਦਾਰੀਆਂ ਵਿਚ ਬਿਨਾਂ ਕਿਸੇ ਜਾਤ, ਧਰਮ, ਲਿੰਗ, ਭਾਸ਼ਾ ਇਲਾਕੇ ਦਾ ਵਿਤਕਰਾ ਕੀਤਿਆਂ, ਦਿਮਾਗ ਦਾ ਘੇਰਾ ਵਿਸ਼ਾਲ ਕਰਨਾ ਚਾਹੀਦਾ ਹੈ।

ਵਿਦੇਸ਼ਾਂ ਵਿਚ ਵੀ ਵੱਖਰੀਆਂ-ਵੱਖਰੀਆਂ ਜਾਤਾਂ ਦੇ ਗੁਰਦੁਆਰੇ ਕਿਉਂ ਬਣੇ? ਕਿਉਂਕਿ ਕੁਝ ਲੋਕਾਂ ਨਾਲ ਜਾਤੀ ਆਧਾਰ 'ਤੇ ਵਿਤਕਰੇ ਕੀਤੇ ਗਏ ਜਾਂ ਉਹਨਾਂ ਨੂੰ ਬਣਦਾ ਮਾਣ-ਸਨਮਾਨ ਨਹੀਂ ਦਿੱਤਾ ਗਿਆ। ਆਪਣੀ ਸੰਸਥਾ ਦਾ ਇਕ ਵੱਖਰਾ ਸੈਲ ਬਣਾਉਣਾ ਚਾਹੀਦਾ ਹੈ ਜੋ ਸੰਸਥਾ ਦੀ ਕਾਰਜ ਪ੍ਰਣਾਲੀ ਅਤੇ ਇਸ ਦੇ ਮੈਂਬਰਾਂ ਦੀਆਂ ਇੱਛਾਵਾਂ ਦੀ ਘੋਖ ਕਰਦਾ ਹੈ। ਤੁਸੀਂ ਕੁਝ ਸਾਲ ਠਹਿਰੋ, ਧਰਮਾਂ ਨੂੰ ਵੀ ਸਮੇਂ ਅਨੁਸਾਰ ਸੋਧਾਂ ਕਰਨੀਆਂ ਪੈਣਗੀਆਂ, ਜਿਵੇਂ ਪੋਪ ਨੇ 1992 ਵਿਚ ਧਰਤੀ ਸੂਰਜ ਦੁਆਲੇ ਘੁੰਮਦੀ ਮੰਨ ਕੇ ਮਹਾਨ ਦਾਰਸ਼ਨਿਕ ਅਤੇ ਵਿਗਿਆਨੀ ਗਲੈਲੀਓ ਨਾਲ ਕੀਤੀ ਬਦ-ਸਲੂਕੀ ਲਈ ਮੁਆਫੀ ਮੰਗ ਕੇ ਉਹਨਾਂ ਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ ਸੀ।

ਅੰਤ ਵਿਚ ਅਸੀਂ ਗੁਰੂ ਕਬੀਰ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਫੁਰਮਾਨ ਨੂੰ ਆਪਣੇ ਮਨ ਵਿਚ ਧਿਆਈਏ ਅਤੇ ਉਸ ਉਪਰ ਚੱਲੀਏ-

ਕਬੀਰਾ ਜਬ ਹਮ ਆਏ ਜਗਤ ਮੇਂ, ਜਗ ਹੰਸੇ ਹਮ ਰੋਏ।
ਐਸੀ ਕਰਨੀ ਕਰ ਚਲੇ, ਹਮ ਹੰਸੇ ਜੱਗ ਰੋਏ।

**(ਮਾਣਯੋਗ ਸ੍ਰੀ ਸੀ. ਐਲ. ਚੁੰਬਰ ਸਾਹਿਬ ਜੀ ਦੀ ਅਣਛਪੀ ਰਚਨਾ ਅਸੀਂ ਸੰਪਾਦਕੀ ਦੇ ਰੂਪ ਵਿਚ ਪੇਸ਼ ਕਰ ਰਹੇ ਹਾਂ।)**

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)


ਮੇਘ ਰਾਜ ਮਿੱਤਰ
+91-98887-87440

**(ਦਸਵੀ ਕਿਸਤ)**

ਯੂਰੇਨੀਅਮ 238 ਦੀ ਅੱਧੀ ਮਾਤਰਾ ਚਾਰ ਅਰਬ ਪੰਜਾਹ ਕਰੋੜ ਸਾਲ ਵਿੱਚ ਸਿੱਕੇ 'ਚ ਬਦਲ ਜਾਂਦੀ ਹੈ। ਇਸ ਕਾਲ ਨੂੰ ਯੂਰੇਨੀਅਮ ਦੀ ਅੱਧੀ ਉਮਰ ਕਿਹਾ ਜਾਂਦਾ ਹੈ। ਧਰਤੀ ਦੀ ਉਮਰ ਦਾ ਪਤਾ ਲਾਉਣ ਲਈ ਵਿਗਿਆਨਕਾਂ ਨੇ ਯੂਰੇਨੀਅਮ ਤੇ ਸਿੱਕੇ ਦੇ ਅਨੁਪਾਤਾਂ ਨੂੰ ਪੁਰਾਣੀਆਂ ਚਟਾਨਾਂ ਵਿੱਚੋਂ ਲੱਭਿਆ ਹੈ। ਵਿਗਿਆਨਕਾਂ ਨੇ ਪਤਾ ਲਾਇਆ ਹੈ ਕਿ ਸਾਡੀ ਧਰਤੀ ਲਗਭੱਗ 4 ਅਰਬ 60 ਕਰੋੜ ਵਰਖ਼ੇ ਪੁਰਾਣੀ ਹੈ। ਉਹਨਾਂ ਅਨੁਸਾਰ ਅੱਜ ਤੋਂ 380 ਕਰੋੜ ਸਾਲ ਪਹਿਲਾਂ ਧਰਤੀ ਤੇ ਜੀਵਨ ਸ਼ੁਰੂ ਹੋਇਆ ਸੀ ਅੱਜ ਤੋਂ 34 ਕਰੋੜ 50 ਲੱਖ ਸਾਲ ਪਹਿਲਾਂ ਸਮੁੰਦਰੀ ਜੀਵਾਂ ਨੇ ਧਰਤੀ ਤੇ ਜਨਮ ਲਿਆ ਸੀ। ਪਹਿਲੇ ਦੁੱਧ ਚੁੰਘਾਉਣ ਵਾਲੇ ਜਾਨਵਰ ਅੱਜ ਤੋਂ 6 ਕਰੋੜ 50 ਲੱਖ ਸਾਲ ਪਹਿਲਾਂ ਧਰਤੀ ਤੇ ਵਿਚਰੇ ਸਨ। ਮਨੁੱਖ ਨੇ ਤਾਂ ਸਿਰਫ ਦਸ ਲੱਖ ਸਾਲ ਪਹਿਲਾਂ ਹੀ ਧਰਤੀ ਤੇ ਆਪਣੇ ਪੈਰਾਂ ਦੇ ਨਿਸ਼ਾਨ ਛੱਡੇ ਹਨ।

ਚਟਾਨਾਂ ਕਿਵੇਂ ਬਣਦੀਆਂ ਹਨ?

ਧਰਤੀ ਦੀ ਉਪਰਲੀ ਤਹਿ ਥੱਲੇ ਵੱਡੀ ਮਾਤਰਾ ਵਿੱਚ ਚਟਾਨਾਂ ਮਿਲਦੀਆਂ ਹਨ। ਇਸ ਕਰਕੇ ਰੇਲਵੇ ਲਾਈਨਾਂ ਵਛਾਉਣ ਲਈ, ਸੜਕਾਂ ਬਣਾਉਣ ਵਾਸਤੇ ਤੇ ਪੁਲਾਂ ਦੀ ਉਸਾਰੀ ਸਮੇਂ ਜਦੋਂ ਹੇਠਲੀਆਂ ਚਟਾਨਾਂ ਨੂੰ ਪੁੱਟਿਆ ਜਾਂਦਾ ਹੈ ਤਾਂ ਬਹੁਤ ਵਾਰੀ ਇਹਨਾਂ ਚਟਾਨਾਂ ਵਿੱਚੋਂ ਮ੍ਰਿਤਕ ਪਸ਼ੂਆਂ ਤੇ ਪੌਦਿਆਂ ਦੇ ਫਾਸਿਲ ਵੀ ਮਿਲ ਜਾਂਦੇ ਹਨ। ਚਟਾਨਾਂ ਆਮ ਤੌਰ ਤੇ ਤਿੰਨ ਢੰਗਾਂ ਨਾਲ ਬਣਦੀਆਂ ਹਨ। ਪਹਿਲਾਂ ਢੰਗ ਤਾਂ ਇਹ ਹੈ ਕਿ ਹੜਾਂ ਸਮੇਂ ਦਰਿਆ, ਜੰਗਲਾਂ ਦੀ ਮਿੱਟੀ ਨੂੰ ਆਪਣੇ ਨਾਲ ਹੀ ਰੋੜ ਲੈ ਜਾਂਦੇ ਹਨ। ਮਿੱਟੀ ਦੇ ਨਾਲ ਹੀ ਦਰੱਖਤ ਤੇ ਮਰੇ ਹੋਏ ਜੀਵ ਵੀ ਪਾਣੀ ਵਿੱਚ ਬਹਿ ਜਾਂਦੇ ਹਨ। ਇਹ ਮਿੱਟੀ ਤੇ ਮਰੇ ਹੋਏ ਪੌਦੇ ਅਤੇ ਪਸ਼ੂ ਵੀ ਸਮੁੰਦਰ ਵਿਚ ਦਬ ਜਾਂਦੇ ਹਨ। ਇਸ ਤਰਖ਼ਾਂ ਲੱਖਾਂ ਸਾਲ ਹੁੰਦਾ ਰਹਿੰਦਾ ਹੈ। ਉਪਰਲੀਆਂ ਪਰਤਾਂ ਦੇ ਭਾਰ ਨਾਲ ਹੇਠਲੀਆਂ ਪਰਤਾਂ ਸਖਤ ਹੋ ਜਾਂਦੀਆਂ ਹਨ ਤੇ ਚਟਾਨਾਂ ਬਣ ਜਾਂਦੀਆਂ ਹਨ। ਜੋ ਜੀਵ ਇਹਨਾਂ ਚਟਾਨਾਂ ਦੇ ਬਣਨ ਸਮੇਂ ਦਬੇ ਸਨ ਉਹ ਫਾਸਿਲ ਬਣ ਗਏ। ਕੁਝ ਚਟਾਨਾਂ ਅਜਿਹੀਆਂ ਹੁੰਦੀਆਂ ਹਨ ਜੋ ਜਵਾਲਾਮੁਖੀਆਂ ਦੇ ਫੱਟਣ ਕਾਰਨ ਬਣਦੀਆਂ ਹਨ। ਜਦੋਂ ਜਵਾਲਾਮੁਖੀਆਂ ਵਲੋਂ ਪਿਘਲਿਆ ਹੋਇਆ ਲਾਵਾ ਸੁੱਟਿਆ ਜਾਂਦਾ ਹੈ ਤਾਂ ਕੋਈ ਜੀਵ ਇਸ ਲਾਵੇ ਥੱਲੇ ਆ ਜਾਂਦਾ ਹੈ। ਬੈਕਟੀਰੀਆ ਗਰਮੀ ਕਾਰਨ ਇਸ ਸਥਾਨ ਤੇ ਨਹੀਂ ਪਹੁੰਚ ਸਕਦਾ ਹੈ। ਇਸ ਤਰਖ਼ਾਂ ਇਹ ਜੀਵ ਮਰ ਜਾਂਦੇ ਹਨ ਪਰ ਇਹਨਾਂ ਦੇ ਸਰੀਰ ਨਸ਼ਟ ਨਹੀਂ ਹੁੰਦੇ। ਹੌਲੀ ਹੌਲੀ ਲਾਵੇ ਦੇ ਠੰਡਾ ਹੋਣ ਤੇ ਇਹ ਫਾਸਿਲਾਂ ਵਾਲੀਆਂ ਚਟਾਨਾਂ ਬਣ ਜਾਂਦੀਆਂ ਹਨ।

ਇਸ ਤਰਖ਼ਾਂ ਹੀ ਰੇਗਸਤਾਨਾਂ ਵਿੱਚ ਵਾਪਰਦਾ ਹੈ। ਜੀਵ ਗਰਮੀ ਨਾ ਸਹਾਰਦੇ ਹੋਏ ਮਰ ਜਾਂਦੇ ਹਨ। ਹਨੇਰੀ ਤੇ ਤੂਫਾਨ ਇਹਨਾਂ ਤੇ ਹੋਰ ਮਿੱਟੀ ਪਾ ਦਿੰਦੇ ਹਨ। ਇਸ ਤਰਖ਼ਾਂ ਇਹਨਾਂ ਉਪਰ ਪਰਤਾਂ ਦੀ ਗਿਣਤੀ ਵਧਦੀ ਰਹਿੰਦੀ ਹੈ। ਇਸ ਢੰਗ ਨਾਲ ਅਜਿਹੀਆਂ ਚਟਾਨਾਂ ਹੋਂਦ ਵਿੱਚ ਆ ਜਾਂਦੀਆਂ ਹਨ।

ਚਟਾਨਾਂ ਬਣਨ ਦਾ ਇਹ ਸਿਲਸਿਲਾ ਧਰਤੀ ਦੀ ਉਤਪਤੀ ਦੇ ਸਮੇਂ ਤੋਂ ਹੀ ਜਾਰੀ ਹੈ। ਜਦੋਂ ਜੀਵਾਂ ਜਾਂ ਪੌਦਿਆਂ ਦੀ ਮੌਤ ਹੁੰਦੀ ਹੈ ਤਾਂ ਇਹਨਾਂ ਵਿੱਚੋਂ ਬਹੁਤੇ ਤਾਂ ਬੈਕਟੀਰੀਆ ਜਾਂ ਉੱਲੀਆਂ ਨਾਲ ਨਸ਼ਟ ਹੋ ਜਾਂਦੇ ਹਨ। ਸਮੁੰਦਰ ਦਾ ਪਾਣੀ ਲੂਣ ਵਾਲਾ ਹੁੰਦਾ ਹੈ ਇਸ ਲਈ ਇਹ ਪੌਦਿਆਂ ਤੇ ਪ੍ਰਾਣੀਆਂ ਨੂੰ ਕਾਫੀ ਦੇਰ ਨਸ਼ਟ ਨਹੀਂ ਹੋਣ ਦਿੰਦਾ ਹੈ। ਬਹੁਤ ਸਾਰੇ ਸਮੁੰਦਰੀ ਜੀਵਾਂ ਦੇ ਸਰੀਰਾਂ ਉੱਪਰ ਪੱਥਰ ਦੀਆਂ ਸਖਤ ਬਣਤਰਾਂ ਹੁੰਦੀਆਂ ਹਨ ਜਿਵੇਂ ਘੋਗੇ, ਸੰਖ, ਮੂੰਗੇ, ਸੱਪ, ਤੇ ਕੌਡੀਆਂ, ਅਜਿਹੇ ਜੀਵਾਂ ਦੇ ਮਰਨ ਤੋਂ ਬਾਅਦ ਇਹਨਾਂ ਦੇ ਸਖਤ ਢਾਂਚੇ ਸਮੁੰਦਰਾਂ ਦੇ ਥੱਲਿਆਂ ਤੇ ਇਕੱਠੇ ਹੋ ਜਾਂਦੇ ਹਨ ਤੇ ਹੌਲੀ-ਹੌਲੀ ਚਟਾਨਾਂ ਦਾ ਰੂਪ ਧਾਰਨ ਕਰਨ ਲੈਂਦੇ ਹਨ। ਈਸਾ ਮਸੀਹ ਦੀ ਮੌਤ ਤੋਂ 79 ਸਾਲ ਬਾਅਦ ਮਾਉਂਟ ਵੈਸਲੀਅਸ ਨਾਂ ਦਾ ਇੱਕ ਜਵਾਲਾਮੁਖੀ ਫਟਿਆ ਅਤੇ ਪੰਪੇਲੀ ਨਾਂ ਦਾ ਇੱਕ ਪੂਰਾ ਸ਼ਹਿਰ ਇਸ ਹੇਠ ਆ ਕੇ ਦਬ ਗਿਆ ਸੀ। ਅੱਜ ਵੀ ਉਸ ਸ਼ਹਿਰ ਦੇ ਵਸਨੀਕਾਂ, ਘਰੇਲੂ ਜਾਨਵਰਾਂ ਤੇ ਪੌਦਿਆਂ ਦੇ ਫਾਸਿਲ ਉਸ ਪਹਾੜ ਦੀਆਂ ਚਟਾਨਾਂ ਵਿੱਚੋਂ ਹੂ ਬ ਹੂ ਪ੍ਰਾਪਤ ਹੋ ਰਹੇ ਹਨ। ਅਮਰੀਕਾ ਦੇ ਸੂਬੇ ਦੱਖਣੀ ਕੈਲੇਫੋਰਨੀਆ ਦੀ ਇੱਕ ਝੀਲ ਦੇ ਪਾਣੀ ਵਿੱਚ ਤੇਲ ਦੇ ਝਰਨੇ ਮਿਲ ਜਾਣ ਕਾਰਨ ਉਸ ਝੀਲ ਦੇ ਸਾਰੇ ਜੀਵ ਮਰ ਗਏ ਸਨ। ਪਰ ਝੀਲ ਵਿੱਚ ਰਲੇ ਤੇਲ ਨੇ ਇਹਨਾਂ ਜੀਵਾਂ ਦੇ ਸਰੀਰਾਂ ਨੂੰ ਨਸ਼ਟ ਨਹੀਂ ਹੋਣ ਦਿੱਤਾ ਹੈ। ਉਸ ਸਮੇਂ ਦੇ ਕਰੋੜਾਂ ਹੀ ਫਾਸਿਲ ਇਸ ਝੀਲ ਵਿਚੋਂ ਪ੍ਰਾਪਤ ਹੋ ਰਹੇ ਹਨ। ਕਈ ਵਾਰੀ ਪੌਦੇ ਜਾਂ ਜੰਤੂ ਆਪਣੇ ਨਿਸਾਨ ਗਿੱਲੀ ਮਿੱਟੀ ਵਿੱਚ ਛੱਡ ਦਿੰਦੇ ਹਨ। ਜਦੋਂ ਗਿੱਲੀ ਮਿੱਟੀ ਸਖਤ ਹੋ ਜਾਂਦੀ ਹੈ ਤਾਂ ਕਈ ਵਾਰੀ ਕੁਝ ਹੋਰ ਖਣਿਜ ਪਦਾਰਥ ਇਸ ਮਿੱਟੀ ਵਿੱਚ ਭਰ ਜਾਂਦੇ ਹਨ। ਇਸ ਤਰਖ਼ਾਂ ਇਹ ਵੀ ਚਟਾਨਾਂ ਵਿਚ ਬਦਲ ਜਾਂਦੇ ਹਨ। ਫਾਸਿਲਾਂ ਨਾਲ ਸਿਰਫ ਜੀਵਾਂ ਵਿੱਚ ਹੋਏ ਵਿਕਾਸ ਦਾ ਹੀ ਪਤਾ ਨਹੀਂ ਲਗਦਾ ਸਗੋਂ ਉਸ ਸਮੇਂ ਦੇ ਮੌਸਮਾਂ ਦੀ ਜਾਣਕਾਰੀ ਵੀ ਮਿਲ ਜਾਂਦੀ ਹੈ।

ਪ੍ਰਿਥਵੀ ਤੇ ਅਜਿਹੇ ਵੀ ਬਹੁਤ ਸਾਰੇ ਜੀਵ ਹੋਏ ਹਨ ਜਿਹੜੇ ਆਪਣੇ ਫਾਸਿਲਾਂ ਦਾ ਕੋਈ ਰਿਕਾਰਡ ਛੱਡੇ ਬਗੈਰ ਹੀ ਧਰਤੀ ਤੋਂ ਅਲੋਪ ਹੋ ਗਏ ਸਨ ਭਾਵੇਂ ਬਹੁਤੀਆਂ ਹਾਲਤਾਂ ਵਿੱਚ ਇਹਨਾਂ ਜੀਵਾਂ ਲਈ ਇਹ ਰਿਕਾਰਡ ਛੱਡਣਾ ਸੰਭਵ ਹੀ ਨਹੀਂ ਸੀ। ਜਿਵੇਂ ਦਰੱਖਤਾਂ ਦੇ ਪੱਤੇ ਤੇ ਫੁੱਲ ਬਹੁਤ ਹੀ ਨਰਮ ਭਾਗ ਹੁੰਦਾ ਹੈ ਇਸ ਲਈ ਇਹਨਾਂ ਦੇ ਫਾਸਿਲਾਂ ਦਾ ਬਣਨਾ ਵੀ ਲਗਭਗ ਅਸੰਭਵ ਹੁੰਦਾ ਹੈ। ਜੀਵ, ਜੰਤੂਆਂ ਦੀਆਂ ਬਹੁਤ ਸਾਰੀਆਂ ਕਿਸਮਾਂ ਅਜਿਹੀਆਂ ਸਨ ਜਿਹਨਾਂ ਦੇ ਸਰੀਰ ਬਿਲਕੁਲ ਵੀ ਸਖਤ ਨਹੀਂ ਸਨ। ਇਸ ਤਰਾਂ ਜੀਵ ਵਿਕਾਸ ਦੇ ਬਿਲਕੁਲ ਠੀਕ ਤਰਤੀਬ ਬੱਧ ਵਿਕਾਸ ਦਾ ਪਤਾ ਲਾਉਣ ਲਈ ਇਸ ਪ੍ਰਕਾਰ ਦੇ ਕਈ ਖੱਪੇ ਰੁਕਾਵਟ ਹਨ। ਇਹਨਾਂ ਖੱਪਿਆਂ ਨੂੰ ਪੂਰਨ ਲਈ ਵਿਗਿਆਨਕ ਯਤਨਸ਼ੀਲ ਹਨ ਉਮੀਦ ਹੈ ਕਿ ਆਉਣ ਵਾਲੀ ਇੱਕੀਵੀ ਸਦੀ ਵਿੱਚ ਜੀਵ ਵਿਕਾਸ ਦੀ ਇੱਕ ਸਪਸ਼ਟ ਤਸਵੀਰ ਸਾਡੇ ਸਾਹਮਣੇ ਹੋਵੇਗੀ।

ਜੀਵਾਂ ਵਿੱਚ ਵਿਕਾਸ ਦੇ ਕੁੱਝ ਹੋਰ ਸਬੂਤ

ਅੱਜ ਵਿਗਿਆਨੀਆਂ ਪਾਸ ਸੈਂਕੜੇ ਅਜਿਹੇ ਸਬੂਤ ਹਨ ਜਿਹੜੇ ਜੀਵਾਂ ਵਿੱਚ ਹੋਏ ਵਿਕਾਸ ਦੀ ਪੁਸ਼ਟੀ ਕਰਦੇ ਹਨ। ਆਉ ਇਹਨਾਂ ਸਬੂਤਾਂ ਵਿੱਚੋਂ ਕੁਝ ਦੀ ਚਰਚਾ ਕਰੀਏ।

**ਬਣਤਰ ਸਮਾਨ, ਕੰਮ ਅੱਡ ਅੱਡ**

ਜਾਨਵਰਾਂ ਦੀਆਂ ਵੱਖ-ਵੱਖ ਜਾਤੀਆਂ ਵਿੱਚ ਬਹੁਤ ਸਾਰੇ ਅੰਗ, ਅਜਿਹੇ ਹੁੰਦੇ ਹਨ ਜਿਹਨਾਂ ਦੀ ਮੂਲ ਬਣਤਰ ਤਾਂ ਇੱਕੋ ਜਿਹੀ ਹੁੰਦੀ ਹੈ ਪਰ ਕੰਮ ਅੱਡ ਅੱਡ ਹੁੰਦੇ ਹਨ। ਮੱਛੀਆਂ ਦੇ ਫਰ, ਚਮਗੱਦੜਾਂ ਦੇ ਪਰ, ਘੋੜੇ ਦੀਆਂ ਅਗਲੀਆਂ ਲੱਤਾਂ ਅਤੇ ਮਨੁੱਖ ਦੀਆਂ ਬਾਹਾਂ ਇਹਨਾਂ ਸਭ ਜੀਵਾਂ ਦੇ ਇਹਨਾਂ ਅੰਗਾਂ ਦੀ ਬਣਤਰ ਸਮਾਨ ਹੁੰਦੀ ਹੈ। ਇਹਨਾਂ ਸਾਰਿਆਂ ਦੇ ਪੱਟ ਵਿੱਚ ਇੱਕ ਹੱਡੀ, ਲੱਤ ਦੀਆਂ ਦੋ ਹੱਡੀਆਂ ਤੇ ਪੈਰ ਦੀਆਂ ਪੰਜ ਉਂਗਲਾਂ ਦੀਆਂ ਹੱਡੀਆਂ ਹੁੰਦੀਆਂ ਹਨ। ਹੱਡੀਆਂ ਦੀ ਬਣਤਰ ਵਿਚ ਪਾਏ ਜਾਣ ਵਾਲੇ ਪਦਾਰਥ ਵੀ ਲਗਭੱਗ ਇਕੋ ਜਿਹੇ ਹੀ ਹੁੰਦੇ ਹਨ। ਭਾਵੇਂ ਇਹ ਸਾਰੇ ਜੀਵ ਆਪਣੇ ਇਹਨਾਂ ਅੰਗਾਂ ਤੋਂ ਅਲੱਗ ਅਲੱਗ ਕੰਮ ਲੈਂਦੇ ਹਨ। ਮੱਛੀਆਂ ਆਪਣੇ ਫਰਾਂ ਨਾਲ ਤੈਰਦੀਆਂ ਹਨ, ਚਮਗਿੱਦੜ ਆਪਣੇ ਪਰਾਂ ਨਾਲ ਉੱਡਦੇ ਹਨ, ਘੋੜੇ ਆਪਣੀਆਂ ਲੱਤਾਂ ਨਾਲ ਦੌੜਦੇ ਹਨ ਤੇ ਮਨੁੱਖ ਆਪਣੀਆਂ ਬਾਹਾਂ ਨਾਲ ਸੰਦਾਂ ਨੂੰ ਫੜਦਾ ਹੈ। ਇਸ ਤਰਖ਼ਾਂ ਇਹਨਾਂ ਅੰਗਾਂ ਦੀ ਇਕਸਾਰਤਾ ਸਾਨੂੰ ਇਹਨਾਂ ਦੇ ਵੱਡੇ ਵਡੇਰਿਆਂ ਵਿਚ ਨੇੜਤਾ ਦਾ ਪ੍ਰਗਟਾਵਾ ਕਰਦੀ ਹੈ। ਮੱਛੀਆਂ, ਚਮਗਿੱਦੜਾਂ, ਘੋੜਿਆਂ ਤੇ ਮਨੁੱਖਾਂ ਦੇ ਇਹਨਾਂ ਅੰਗਾਂ ਦੀ ਇੱਕੋ ਜਿਹੀ ਬਣਤਰ ਦਰਸਾਉਂਦੀ ਕਿ ਲੱਖਾਂ ਵਰਖ਼ੇ ਪਹਿਲਾਂ ਇਹਨਾਂ ਦੇ ਪੂਰਵਜ ਇੱਕੋ ਹੀ ਸਨ। ਹੌਲੀ ਹੌਲੀ ਸਮੇਂ ਦੇ ਫੇਰ ਬਦਲ, ਅੱਡ ਅੱਡ ਵਾਤਾਵਰਣ ਨੇ ਵੱਡ-ਵਡੇਰਿਆਂ ਦੀ ਇੱਕੋ ਸੰਤਾਨ ਨੂੰ ਮੱਛੀਆਂ, ਚਮਗਿੱਦੜਾਂ, ਘੋੜਿਆਂ ਤੇ ਮਨੁੱਖਾਂ ਵਿੱਚ ਬਦਲ ਦਿੱਤਾ ਹੈ। ਮਟਰ, ਸੇਮ ਤੇ ਛੋਲਿਆਂ ਦੇ ਲੱਛਣ ਵੀ ਇਹਨਾਂ ਦੇ ਇੱਕੋ ਪੂਰਵਜ ਤੋਂ ਹੋਏ ਵਿਕਾਸ ਦੇ ਸੂਚਕ ਹਨ।

**ਕੰਮ ਸਮਾਨ, ਬਣਤਰ ਵੱਖ-ਵੱਖ**

ਬਹੁਤ ਸਾਰੇ ਜੀਵਾਂ ਦੀਆਂ ਅਲੱਗ ਅਲੱਗ ਜਾਤੀਆਂ ਵਿੱਚ ਕੁਝ ਅੰਗ ਕੰਮ ਇਕੋ ਜਿਹਾ ਕਰਦੇ ਵਿਖਾਈ ਦਿੰਦੇ ਹਨ ਪਰ ਉਹਨਾਂ ਦੀ ਅੰਦਰਲੀ ਬਣਤਰ ਬਿਲਕੁਲ ਹੀ ਅਲੱਗ ਹੁੰਦੀ ਹੈ। ਸਿੱਟੇ ਵਜੋਂ ਇਹਨਾਂ ਦੇ ਮੁੱਢ ਵੀ ਵੱਖ-ਵੱਖ ਹੁੰਦੇ ਹਨ। ਜਿਵੇਂ ਤਿਤਲੀ, ਕਬੂਤਰ ਤੇ ਚਮਗਿੱਦੜ ਦੇ ਖੰਭ ਇੱਕੋ ਕੰਮ ਉੱਡਣ ਦਾ ਕਰਦੇ ਹਨ ਪਰ ਜੇ ਇਹਨਾਂ ਤਿੰਨਾਂ ਦੇ ਖੰਭਾਂ ਦੀ ਅੰਦਰੂਨੀ ਬਣਤਰ ਨੂੰ ਵੇਖੀਏ ਤਾਂ ਇਹ ਇਹਨਾਂ ਦੇ ਵੱਖੋਂ ਵੱਖਰੇ ਪੂਰਵਜਾਂ ਦੀ ਪੁਸ਼ਟੀ ਕਰਦੀ ਹੈ। **(ਚਲਦਾ)**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਰਕਾਰ ਦੇ ਲਾਰਿਆਂ ਤੋ ਅੱਕੇ ਕੱਚੇ ਮੁਲਾਜਮਾਂ ਨੇ ਰਾਮਪੁਰਾ ਫੂਲ ਵਿਖੇ ਲਗਾਇਆ ਪੱਕਾ ਮੋਰਚਾ

**ਰਾਮਪੁਰਾ ਫੂਲ –** ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵਿਚ ਸ਼ਾਮਿਲ ਹਰ ਤਰਾਂ ਦੇ ਠੇਕਾ, ਪ੍ਰੋਜੈਕਟ, ਸੁਸਾਇਟੀ, ਪੰਚਾਇਤੀ ਸਿਸਟਮ, ਕੰਪਨੀਆਂ, ਠੇਕੇਦਾਰਾਂ, ਇੰਨਲਿਸਟਮੈਂਟ, ਆਉਟ-ਸੋਰਸਿੰਗ, ਸਵੈ-ਰੁਜ਼ਗਾਰ, ਸੁਸਾਇਟੀ ਅਧੀਨ ਭਰਤੀ ਕੀਤੇ ਮੁਲਾਜ਼ਮਾਂ ਨੂੰ ਉਹਨਾਂ ਦੇ ਸੰਬੰਧਤ ਵਿਭਾਗ ਵਿਚ ਸ਼ਿਫਟ ਕਰਕੇ ਰੈਗੂਲਰ ਕਰਵਾਉਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਪੰਜਾਬ ਸਰਕਾਰ ਦੇ ਲਾਰਿਆਂ ਤੋਂ ਅੱਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੇ ਅੱਜ ਰਾਮਪੁਰਾ ਵਿਖੇ ਫਾਟਕਾ 'ਤੇ ਅਣਮਿੱਥੇ ਸਮੇਂ ਲਈ ਧਰਨਾ ਲਗਾਇਆ।ਇਸ ਧਰਨੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਠੇਕਾ ਮੁਲਾਜ਼ਮ ਬੈਗਾਂ ਸਮੇਤ ਪਹੁੰਚੇ।ਇਸ ਮੌਕੇ ਬੋਲਦਿਆਂ ਮੋਰਚੇ ਵਿਚ ਸ਼ਾਮਿਲ ਜਥੇਬੰਦੀਆਂ ਪੰਜਾਬ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਤੋਂ ਵਰਿੰਦਰ ਸਿੰਘ ਮੋਮੀ, ਥਰਮਲ ਸਾਂਝਾ ਫਰੰਟ ਤੋਂ ਰਜਿੰਦਰ ਸਿੰਘ ਢਿੱਲੋਂ, ਐੱਸ.ਐੱਸ.ਏ./ਰਮਸਾ ਅਧਿਆਪਕ ਯੂਨੀਅਨ ਪੰਜਾਬ ਤੋਂ ਦੀਦਾਰ ਸਿੰਘ ਮੁੱਦਕੀ, ਰੋਡਵੇਜ਼/ਪਨਬੱਸ ਕੰਟਰੈਕਟ ਵਰਕਰਜ਼ ਯੂਨੀਅਨ ਤੋਂ ਰੇਸ਼ਮ ਸਿੰਘ ਗਿੱਲ, ਵੈਟੇਨਰੀ ਏ.ਆਈ. ਵਰਕਰਜ਼ ਯੂਨੀਅਨ ਪੰਜਾਬ ਤੋਂ ਮਾਨ ਸਿੰਘ ਪੋਲਾ, ਮਗਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਤੋਂ ਅਮ੍ਰਿਤਪਾਲ ਸਿੰਘ, ਸ਼ਹੀਦ ਕਿਰਨਜੀਤ ਕੌਰ ਐਕਸ਼ਨ ਕਮੇਟੀ ਪੰਜਾਬ ਤੋਂ ਵੀਰਪਾਲ ਕੌਰ ਸਿਧਾਨਾ, ਮਾਡਲ ਸਕੂਲ ਕਰਮਚਾਰੀ ਐਸੋਸੀਏਸ਼ਨ ਪੰਜਾਬ ਤੋਂ ਡਾ. ਅਮ੍ਰਿਤਪਾਲ ਸਿੰਘ, ਐੱਨ.ਆਰ.ਐੱਚ.ਐੱਮ. ਪੰਜਾਬ ਸਟਾਫ ਨਰਸਜ਼ ਇੰਮਪਲੋਇਜ਼ ਯੂਨੀਅਨ ਪੰਜਾਬ ਤੋਂ ਰਣਜੀਤ ਕੌਰ, ਰੈਗੂਲਰ ਐਂਡ ਕੰਨਟਰੈਕਟ ਵਰਕਰਜ਼ ਯੂਨੀਅਨ (ਅਜ਼ਾਦ) ਪੀ.ਆਰ.ਟੀ.ਸੀ. ਤੋਂ ਜਸਪਾਲ ਸਿੰਘ, ਕਨਟਰੈਕਟ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਪੰਜਾਬ ਤੋਂ ਨਿੰਦਰ ਕੌਰ, ਕਿਰਨਜੀਤ ਕੌਰ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡਇੰਪ: ਕੰਟਰੈਕਟ ਵਰਕਰ ਅਤੇ ਲੇਬਰ ਯੂਨੀ. ਤੋਂ ਸ਼ੇਰ ਸਿੰਘ ਖੰਨਾ, ਸੀ.ਐੱਸ.ਐੱਸ. ਹਿੰਦੀ ਟੀਚਰ ਯੂਨੀਅਨ ਪੰਜਾਬ ਤੋਂ ਸ਼ਮਿੰਦਰ ਸਿੰਘ ਮਾਨ, ਪੰਜਾਬ ਕੰਨਟਰੱਕਸ਼ਨ ਵਰਕਰਜ਼ ਵੈਲਫੇਅਰ ਬੋਰਡ ਸਟਾਫ ਯੂਨੀਅਨ ਤੋਂ ਸੇਵਕ ਸਿੰਘ, ਪੰਜਾਬ ਸਟੇਟ ਸੁਵਿਧਾ ਕਰਮਚਾਰੀ ਯੂਨੀਅਨ ਪੰਜਾਬ ਤੋਂ ਹਰਮੀਤ ਸਿੰਘ, ਪੀ.ਡਬਲਿਊ.ਡੀ. ਇਲੈਕਟ੍ਰੀਕਲ ਆਉਟਸੋਰਸਿੰਗ ਮੁਲਾਜ਼ਮ ਯੂਨੀਅਨ ਪੰਜਾਬ ਤੋਂ ਜਸਪ੍ਰੀਤ ਸਿੰਘ ਗਗਨ ਨੇ ਕਿਹਾ ਕਿ ਉਹਨਾਂ ਦੀ ਮੰਗ ਪੂਰੀ ਤਨਖਾਹ ਸਮੇਤ ਭੱਤੇ, ਪੈਨਸ਼ਨਰੀ ਲਾਭਾਂ ਦੇ ਨਾਲ ਸੰਬੰਧਤ ਵਿਭਾਗਾ 'ਚ ਰੈਗੂਲਰ ਕਰਨ ਦੀ ਹੈ, ਪ੍ਰੰਤੂ ਪੰਜਾਬ ਸਰਕਾਰ ਸਮਾਂ ਟਪਾਉਣ ਲਈ ਨਿੱਤ ਅਖਬਾਰਾਂ ਵਿਚ ਹੀ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰ ਰਹੀ ਹੈ।ਭਾਂਵੇ ਮੋਰਚੇ ਦੇ ਦਬਾਅ ਸਦਕਾ ਲੰਮੇ ਸਮੇਂ ਤੋਂ ਪਈ ਦੰਦਲ ਤੋੜਣ ਲਈ ਮਜ਼ਬੂਰ ਹੋਣਾ ਪਿਆ ਹੈ।ਜਿਸ ਤਹਿਤ ਕੈਬਨਿਟ ਦੀ ਮੀਟਿੰਗ ਵਿਚ ਸਮੁੱਚੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਅਤੇ ਆਉਟ-ਸੋਰਸਿੰਗ ਦੇ ਮੁਲਾਜ਼ਮਾਂ ਨੂੰ ਠੇਕੇ 'ਤੇ ਰੱਖਣ ਦਾ ਫੈਸਲਾ ਅਖਬਾਰਾਂ ਅਤੇ ਟੀ.ਵੀ. ਰਾਂਹੀ ਦਿਖਾਇਆ ਗਿਆ।ਪ੍ਰੰਤੂ ਨਾ ਤਾਂ ਅਜੇ ਤੱਕ ਇਹ ਕਲੀਅਰ ਕੀਤਾ ਕਿ ਇਸ ਫੈਸਲੇ ਤਹਿਤ ਕਿਹੜੇ ਠੇਕਾ/ਆਉਟਸੋਰਸਿੰਗ/ਸਵੈ-ਰੁਜ਼ਗਾਰ ਮੁਲਾਜ਼ਮਾਂ ਨੂੰ ਕਦੋਂ ਤੇ ਕਿੱਥੇ ਰੈਗੂਲਰ ਕੀਤਾ ਜਾ ਰਿਹਾ ਹੈ ਤੇ ਇਹ ਵੀ ਨਹੀਂ ਸਪੱਸ਼ਟ ਕੀਤਾ ਗਿਆ ਕਿ ਇਹ ਪੋਲਿਸੀ ਸਥਾਈ ਹੈ ਜਾਂ ਇੱਕਵਾਰ ਲਈ, ਨਾਂ ਹੀ ਇਸ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੋਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਇੱਥੋ ਤੱਕ ਕਿ ਇਸ ਫੈਸਲੇ ਸੰਬੰਧੀ ਕਿਸੇ ਵੀ ਮਹਿਕਮੇ ਦੇ ਕਿਸੇ ਵੀ ਉੱਚ ਅਧਿਕਾਰੀ ਕੋਲ ਇਸ ਸੰਬੰਧੀ ਕੋਈ ਜਾਣਕਾਰੀ ਹੈ।ਇਸ ਗੱਲ ਦਾ ਪ੍ਰਗਟਾਵਾ ਮੋਰਚੇ ਦੀਆਂ ਸਮੂਹ ਜਥੇਬੰਦੀਆਂ ਨੇ ਪਿਛਲੀ ਦਿਨੀਂ ਸੰਬੰਧਤ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਮਿਲਣ ਉਪਰੰਤ ਕੀਤਾ।ਉਹਨਾਂ ਕਿਹਾ ਕਿ ਇਕ ਪਾਸੇ ਮਾਨਯੋਗ ਸੁਪਰੀਮ ਕੋਰਟ ਵਲੋਂ ਬਰਾਬਰ ਕੰਮ ਬਰਾਬਰ ਤਨਖਾਹ ਦਾ ਇਤਹਾਸਿਕ ਫੈਸਲਾ ਦਿੱਤਾ ਗਿਆ ਹੈ ਤੇ ਦੂਜੇ ਪਾਸੇ ਪੰਜਾਬ ਸਰਕਾਰ 'ਕੱਲਾ ਬੇਸਿਕ ਤਨਖਾਹ 'ਤੇ ਰੈਗੂਲਰ ਕਰਨ, ਠੇਕੇ 'ਤੇ ਭਰਤੀ ਕਰਨ ਦੇ ਲੋਕ ਵਿਰੋਧੀ ਫੈਸਲੇ ਦੇ ਰਹੀ ਹੈ।ਉਹਨਾਂ ਕਿਹਾ ਕਿ ਸਰਕਾਰ ਠੇਕਾ ਮੁਲਾਜ਼ਮਾਂ ਦੇ ਸੰਘਰਸ਼ ਨੂੰ ਦਬਾਉਣ ਲਈ ਵੱਖ-ਵੱਖ ਮਹਿਕਮਿਆਂ ਦੇ ਕਰਮਚਾਰੀਆਂ ਦੀ ਛਾਂਟੀ ਕਰ ਰਹੀ ਹੈ। ਥਰਮਲ ਬੰਦ ਕਰਕੇ, ਸੁਵਿਧਾ ਕਾਮਿਆਂ 'ਤੇ ਜਬਰ ਕਰਕੇ ਸੁਵਿਧਾ ਕੇਂਦਰ ਬੰਦ ਕਰਕੇ ਅਤੇ ਜਲ-ਘਰਾਂ ਦਾ ਪੰਚਾਇਤੀਕਰਨ ਕਰਕੇ ਉਹਨਾਂ ਨੂੰ ਵੀ ਨੌਕਰੀਓਂ ਫਾਰਗ ਕਰਨ ਦੀ ਸਕੀਮਾਂ ਘੜ੍ਹੀਆਂ ਜਾ ਰਹੀਆਂ ਹਨ।ਇੱਥੋ ਤੱਕ ਕਿ ਸੰਘਰਸ਼ ਕਰਦੇ ਠੇਕਾ ਮੁਲਾਜ਼ਮਾਂ 'ਤੇ 307 ਵਰਗੀਆਂ ਸੰਗੀਨ ਧਰਾਵਾਂ ਦੇ ਪਰਚੇ ਪਾ ਕੇ ਸੰਘਰਸ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਜਦੋਂ ਤੱਕ ਉਹਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਇਹ ਧਰਨਾ ਲਗਾਤਾਰ ਜਾਰੀ ਰਹੇਗਾ ਤੇ ਆਉਣ ਵਾਲੇ ਦਿਨਾਂ ਵਿਚ ਇਸ ਦੇ ਨਾਲ-ਨਾਲ ਵੱਧਵੇਂ ਐਕਸ਼ਨ ਕੀਤੇ ਜਾਣਗੇ।ਮੋਰਚੇ ਦੇ ਸਮੂਹ ਆਗੂਆਂ ਨੇ ਪੰਜਾਬ ਦੀ ਜਮਹੂਰੀਅਤ ਪਸੰਦ ਭਰਾਤਰੀ ਜੱਥੇਬੰਦੀਆਂ ਨੂੰ ਅਪੀਲ ਕੀਤੀ ਕਿ ਸਮੂਹ ਵਿਭਾਗਾ ਨੂੰ ਬਚਾਉਣ ਲਈ ਵਿਭਾਗਾ ਵਿਚ ਠੇਕਾ ਭਰਤੀ ਬੰਦ ਕਰਵਾਕੇ ਸਮੂਹ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਵਾਉਣ ਲਈ ਅੱਗੇ ਆਉਣ। ਇਸ ਮੌਕੇ ਧਰਨੇ 'ਤੇ ਆਏ ਠੇਕਾ ਮੁਲਾਜ਼ਮਾਂ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵਲੋਂ ਚਾਹ-ਪਾਣੀ ਦਾ ਲੰਗਰ ਲਾਇਆ ਗਿਆ।



**- ਦਲਜੀਤ ਸਿੰਘ ਸਿਧਾਣਾ**

# ਮਹਿੰਦਰਾ ਕਾਲਜ ਪਟਿਆਲਾ ਦੇ ਵਿਦਿਆਰਥੀਆਂ ਦਾ ਦੇਸ਼ ਭਗਤ ਯਾਦਗਾਰ ਹਾਲ ਵਿਚ ਪੁੱਜਣ 'ਤੇ ਨਿੱਘਾ ਸੁਆਗਤ

**ਜਲੰਧਰ:** ਮਹਿੰਦਰਾ ਕਾਲਜ ਪਟਿਆਲਾ ਵਿਚ ਪਬਲਿਕ ਐਡਮਿਸਟ੍ਰੇਸ਼ਨ ਦੇ 40 ਦੇ ਕਰੀਬ ਵਿਦਿਆਰਥੀ ਅਤੇ ਵਿਦਿਆਰਥਣਾਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਗ਼ਦਰੀ ਬਾਬਿਆਂ ਦੀ ਯਾਦ ਵਿਚ ਬਣੇ ਮਿਊਜ਼ੀਅਮ ਨੂੰ ਦੇਖਣ ਲਈ ਡਾ. ਸੁਰੇਸ਼ ਸ਼ਰਮਾ (ਮੁਖੀ ਲੋਕ ਪ੍ਰਸ਼ਾਸਨ ਵਿਭਾਗ ) ਅਤੇ ਪ੍ਰੋ. ਸੁਮੀਤ ਸ਼ਮੀ, ਪ੍ਰੋ. ਹਰਮਨਪ੍ਰੀਤ ਸਿੰਘ ਤੇ ਪ੍ਰੋ. ਦੀਪਕਾ ਸ਼ਾਰਧਾ ਦੀ ਅਗਵਾਈ ਹੇਠ ਪੁੱਜੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ, ਖਜਾਨਚੀ ਸੀਤਲ ਸਿੰਘ ਸੰਘਾ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਤੇ ਟਰੱਸਟੀ ਗੁਰਮੀਤ, ਕਮੇਟੀ ਮੈਂਬਰ ਦੇਵ ਰਾਜ ਨਯੀਅਰ, ਚਰੰਜੀ ਲਾਲ ਕੰਗਣੀਵਾਲ ਅਤੇ ਕਮੇਟੀ ਦੇ ਪਰਿਵਾਰਕ ਮੈਂਬਰ ਕੇਸਰ, ਲਾਇਬ੍ਰੇਰੀਅਨ ਬਲਵਿੰਦਰ ਕੌਰ ਬਾਂਸਲ, ਕੰਪਿਊਟਰ ਇੰਜੀਨੀਅਰ ਗੁਰਦੀਪ ਸਿੰਘ ਸੰਧਰ, ਬੂਬਨ, ਰਾਮ, ਰਤਨ, ਰਾਜੂ, ਦਲਬੀਰ ਸੰਘਾ ਆਦਿ ਨੇ ਇਥੇ ਪੁੱਜੇ ਹੋਏ ਵਿਦਿਆਰਥੀਆਂ ਦਾ ਨਿੱਘਾ ਸੁਆਗਤ ਕੀਤਾ। ਕਮੇਟੀ ਦੇ ਜਨਰਲ ਸਕੱਤਰ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਦਿਆਂ ਗ਼ਦਰ ਲਹਿਰ ਦੀ ਇਤਿਹਾਸਕ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ 1913 ਵਿਚ ਅਮਰੀਕਾ ਦੇ ਸ਼ਹਿਰ ਅਸਟੋਰੀਆ ਵਿਚ ਬਣੀ ਗ਼ਦਰ ਪਾਰਟੀ ਦੇ ਸਿਰਲੱਥ ਯੋਧੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹਿੰਦੋਸਤਾਨ ਪੁੱਜੇ ਸਨ। ਉਨ੍ਹਾਂ 1915 ਵਿਚ ਹਿੰਦੋਸਤਾਨ ਦੀਆਂ ਫੌਜੀ ਛਾਉਣੀਆਂ ਵਿਚ ਬਗ਼ਾਵਤ ਕਰਕੇ ਗ਼ਦਰ ਕਰਨ ਦਾ ਟੀਚਾ ਮਿੱਥਿਆ ਸੀ। ਬੇਸ਼ੱਕ ਆਪਣਿਆਂ ਦੀ ਹੀ ਗ਼ਦਾਰੀ ਕਾਰਨ ਗ਼ਦਰੀ ਗ਼ਦਰ ਕਰਨ ਵਿਚ ਅਸਫ਼ਲ ਹੋ ਗਏ ਪਰੰਤੂ ਉਨ੍ਹਾਂ ਦੇਸ਼ ਦੀ ਆਜ਼ਾਦੀ ਦੀ ਨੀਂਹ ਰੱਖ ਦਿੱਤੀ। ਬਹੁਤ ਸਾਰੇ ਗ਼ਦਰੀ ਬਾਬੇ ਫ਼ਾਂਸੀਆਂ 'ਤੇ ਚੜ੍ਹ ਗਏ, ਕਈਆਂ ਨੂੰ ਉਮਰ ਕੈਦਾਂ ਕਾਲੇ ਪਾਣੀ ਦੀਆਂ ਸਜ਼ਾਵਾਂ ਹੋਈਆਂ। ਉਨ੍ਹਾਂ ਦੱਸਿਆ ਕਿ ਗ਼ਦਰੀਆਂ ਨੇ ਸ਼ਹੀਦ ਹੋ ਚੁੱਕੇ ਸਾਥੀਆਂ ਦੇ ਪਰਿਵਾਰਾਂ ਦੀ ਮੱਦਦ ਲਈ ਇਕ ਪਰਿਵਾਰ ਸਹਾਇਕ ਕਮੇਟੀ ਦਾ ਗਠਿਨ ਕੀਤਾ ਸੀ। 1947 ਵਿਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਸੇ ਪਰਿਵਾਰ ਸਹਾਇਕ ਕਮੇਟੀ ਦਾ ਨਾਂ ਦੇਸ਼ ਭਗਤ ਯਾਦਗਾਰ ਕਮੇਟੀ ਰੱਖਿਆ ਗਿਆ। ਜਿਸਨੇ ਆਪਣੇ ਸ਼ਹੀਦ ਸਾਥੀਆਂ ਦੀ ਯਾਦ ਵਿਚ ਇਸ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਕੀਤੀ। ਗ਼ਦਰੀ ਬਾਬਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕਮੇਟੀ ਯਤਨਸ਼ੀਲ ਹੈ। ਮਿਊਜ਼ੀਅਮ ਕਮੇਟੀ ਦੇ ਕਨਵੀਨਰ ਗੁਰਮੀਤ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗਦਰੀਆਂ ਸਾਹਮਣੇ ਇਕ ਨਿਸ਼ਾਨਾ ਸੀ ਕਿ ਹਿੰਦੋਸਤਾਨ ਨੂੰ ਆਜ਼ਾਦ ਕਰਵਾ ਕੇ ਖੁਸ਼ਹਾਲੀ ਤੇ ਬਾਬਰੀ ਵਾਲਾ ਸਮਾਜ ਸਿਰਜਣਾ।



**–ਤਰਸੇਮ ਜਲੰਧਰੀ**


# MAJESTIC HOMES



## SALE PENDING
**$338,888**
**3314 Canim Ct Antioch**

**3 Bedrooms and 2 Bathrooms - Best Deal in Antioch**

Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.



## SOLD $ 348,888
**59 E. Lake Drive Antioch**
**4 Bedrooms and 2 bath Home in Antioch**

4 Bedrooms, 2 bath and 2 car garage. Upgraded kitchen, bath and Carpet about 8 years ago. 2 bedrooms and a bath down stairs. Very convenient location.



## COMING SOON
**3201 Magicwoods Ct Sacramento**
**$278,888**
**3 Bedrooms and 2 Bathrooms - Home in Sacramento**

Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



**Ramesh Suman, Broker**
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us



**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

**2006 A Street, Suite 219, Antioch, CA 94509**

**Service Excellence - Experience the Difference**

WWW.MajesticHomes.US Email: Ramesh@RameshSuman.com

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

*(ਗੁਰੂ ਗ੍ਰੰਥ ਸਾਹਿਬ)*
*ਲੜੀ 10*



ਅਵਤਾਰ ਸਿੰਘ ਮਿਸ਼ਨਰੀ
510-432-5827

## ਕੀ ਰੱਬ ਦੀ ਮੂਰਤ ਬਣਾ ਕੇ ਥਾਪੀ ਜਾ ਸਕਦੀ ਹੈ ?

ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ (ਜਪੁਜੀ) ਇਹ ਤੁਕ ਜਪੁਜੀ ਸਾਹਿਬ ਦੀ ਪੰਜਵੀਂ ਪੌੜੀ ਦੀ ਹੈ। ਇਸ ਵਿੱਚ ਪ੍ਰਮਾਤਮਾਂ ਬਾਰੇ ਦਰਸਾਇਆ ਗਿਆ ਹੈ ਕਿ ਉਸ ਦਾ ਬੁੱਤ ਜਾਂ ਮੂਰਤ ਬਣਾ ਕੇ, ਕਿਸੇ ਕੰਧ, ਮੰਦਰ, ਚਰਚ, ਗੁਰਦੁਆਰੇ ਜਾਂ ਕਿਸੇ ਵੀ ਧਰਮ ਅਸਥਾਨ ਵਿੱਚ ਅਸਥਾਪਨ ਨਹੀਂ ਕੀਤੀ ਜਾ ਸਕਦਾ ਕਿਉਂਕਿ ਉਹ ਨਿਰਾ ਅਕਾਰ, ਆਪਣੇ ਆਪ ਤੋਂ ਪੈਦਾ ਹੋਇਆ ਅਤੇ ਦੁਨਿਆਵੀ ਪਦਾਰਥਾਂ ਦੀ ਮੋਹ ਮਾਇਆ ਤੋਂ ਰਹਿਤ ਹੈ। ਜਰਾ ਸੋਚੋ! ਜੋ ਨਿਰੰਕਾਰ ਅਤੇ ਜਨਮ ਮਰਨ ਰਹਿਤ ਹੈ, ਉਸ ਦੀ ਮੂਰਤ ਕਿਵੇਂ ਬਣਾਈ ਜਾ ਸਕਦੀ ਹੈ? ਪਰ ਚਲਾਕ ਅਤੇ ਧਰਮ ਦਾ ਭੇਖ ਧਾਰ ਬ੍ਰਾਹਮਣ ਨੇ, ਉਸ ਦੀਆਂ ਮੂਰਤੀਆਂ ਬਣਾ ਮੰਦਰਾਂ, ਮੱਠਾਂ ਵਿੱਚ ਅਸਥਾਪਨ ਕੀਤੀਆਂ ਅਤੇ ਭੋਲੇ ਭਾਲੇ ਲੋਕਾਂ ਨੂੰ ਪਾਣੀ, ਦੁੱਧ, ਧੂਪ-ਦੀਪ, ਫੁੱਲ, ਸੁਗੰਧ, ਚੰਦਨ, ਰੁਪਏ ਪੈਸੇ ਅਤੇ ਸੋਨਾ ਆਦਿ ਅਰਪਨ ਕਰਕੇ, ਭਗਵਾਨ ਨੂੰ ਪੂਜਨ ਦਾ ਤਰੀਕਾ ਦੱਸਿਆ ਜੋ ਇੱਕ ਢੌਂਗ ਸੀ। ਇਵੇਂ ਸਦੀਆਂ ਤੋਂ ਪੁਜਾਰੀ ਜਨਤਾ ਨੂੰ ਧਰਮ ਕਰਮ ਦੇ ਨਾਂ ਤੇ ਲੁੱਟਦਾ ਆ ਰਿਹਾ ਸੀ ਤੇ ਅੱਜ ਵੀ ਹੈ।

ਰੱਬੀ ਭਗਤਾਂ ਅਤੇ ਬਾਬੇ ਨਾਨਕ ਨੇ ਇਸ ਲੁੱਟ ਬਾਰੇ ਜਨਤਾ ਨੂੰ ਜਾਗ੍ਰਿਤ ਕੀਤਾ ਤੇ ਫੁਰਮਾਇਆ-ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆਂ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥੨॥ (੬੬੨) ਲੋਕ ਹੌਲੀ ਹੌਲੀ ਸੱਚਾ ਗਿਆਨ ਹਾਸਲ ਕਰਕੇ, ਪੁਜਾਰੀਆਂ ਦੇ ਕਰਮਕਾਂਡੀ ਪਿੰਜਰੇ ਤੋਂ ਬਾਹਰ ਨਿਕਲਣ ਲੱਗੇ। ਉਨ੍ਹਾਂ ਨੂੰ ਸਮਝ ਪੈ ਗਈ ਕਿ ਪ੍ਰਮਾਤਮਾਂ ਨਿਰਾ ਅਕਾਰ ਤੇ ਜਨਮ ਮਰਨ ਰਹਿਤ ਹੈ ਅਤੇ ਉਸ ਨੂੰ ਕਿਸੇ ਮਾਂ ਬਾਪ ਨੇ ਪੈਦਾ ਨਹੀਂ ਕੀਤਾ। ਹਨੇਰ ਸਾਂਈਂ ਦਾ ਦੇਖੋ! ਅੱਜ ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਦੇ ਬਹੁਤੇ ਅਨੁਯਾਈ ਧਰਮ ਅਸਥਾਨ ਗੁਰਦੁਆਰਿਆਂ ਵਿੱਚ ਮੂਰਤੀਆਂ ਅਸਥਾਪਨ ਕਰੀ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਭੇਖੀ ਸਾਧਾਂ ਅਤੇ ਗੁਰੂਆਂ ਭਗਤਾਂ ਦੀਆਂ ਨਕਲੀ ਮੂਰਤੀਆਂ ਰੱਖ ਕੇ, ਪੂਜੀ ਜਾ ਰਹੇ ਹਨ।

ਮੂਰਤੀਆਂ ਦੀ ਵਿਕਰੀ ਤੇ ਪੂਜਾ ਧਰਮ ਅਸਥਾਨਾਂ ਅੰਦਰ ਜੋਰਾਂ ਸ਼ੋਰਾਂ ਨਾਲ ਹੋ ਰਹੀ ਅਤੇ ਨਕਲੀ ਗ੍ਰੰਥ ਵੀ ਬਰਾਬਰ ਪ੍ਰਕਾਸ਼ ਕੀਤੇ ਜਾ ਰਹੇ ਹਨ। ਥੋੜਿਆਂ ਨੂੰ ਛੱਡ, ਬਹੁਤੇ ਪੇਟੂ ਪ੍ਰਚਾਰਕ ਵੀ ਸਭ ਕੁਝ ਉਲਟ ਹੁੰਦਾ ਦੇਖ, ਪੇਟ ਦੀ ਖਾਤਰ ਕੁਝ ਨਹੀਂ ਬੋਲਦੇ, ਸਿਰਫ ਮਰਾਸੀਆਂ ਵਾਂਗ ਪ੍ਰਬੰਧਕਾਂ ਤੇ ਭੇਖੀ ਸਾਧਾਂ ਰੂਪ ਜਜਮਾਨਾਂ ਦੀ ਉਸਤਤਿ ਦੇ ਪੁਲ ਬੰਨ੍ਹੀ ਜਾਂਦੇ ਹਨ। ਅਜਿਹਾ ਗੁਨਾਹ ਉਹ ਸਭ ਕੁਝ ਜਾਣਦੇ ਬੁਝਦੇ ਕਰਦੇ ਹਨ-ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗੁਨੁ ਕਰੈ॥ (੧੩੭੬)

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਰੱਬ ਇੱਕ ਨਿਰਾ ਅਕਾਰ ਸ਼ਕਤੀ ਨਾ ਕਿ ਵਿਅਕਤੀ ਹੈ। ਜਿਸ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਅਤੇ ਸਿਰੇ ਸਿਰ ਧੰਧੇ ਲਾਇਆ ਹੋਇਆ ਹੈ। ਉਸ ਨੂੰ ਕਿਸੇ ਮੰਦਰ, ਮਸਜਦ, ਚਰਚ ਜਾਂ ਗੁਰਦੁਆਰੇ ਮੂਰਤੀਆਂ ਜਾਂ ਬੁੱਤਾਂ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ। ਇਹ ਗਿਆਨ ਦਾ ਨੁਕਤਾ ਸਮਝਣ ਦੀ ਅਤਿਅੰਤ ਲੋੜ ਹੈ ਵਰਨਾਂ ਪੁ-ਜਾਰੀਆਂ, ਭੇਖੀ ਸਾਧਾਂ ਸੰਤਾਂ ਤੇ ਮਕਾਰੀ ਲੀਡਰਾਂ ਦੇ ਭਰਮ ਜਾਲ ਵਿੱਚ ਫਸੇ, ਅਗਿਆਨਤਾ ਦੀ ਮਾਰ ਖਾਂਦੇ ਰਹਾਂਗੇ। ਸੋ ਹੁਣ ਤੁਹਾਨੂੰ ਪਤਾ ਲੱਗ ਗਿਆ ਹੋਵੇਗਾ ਕਿ-ਥਾਪਿਆ ਨ ਜਾਇ ਕੀਤਾ ਨ ਹੋਇ॥ ਦੇ ਕੀ ਅਰਥ ਹਨ? **(ਚਲਦਾ)**

**(ਪਿਛਲੇ ਅੰਕ ਦੀ ਲੜੀ ਨੰਬਰ 8 ਲਿਖੀ ਗਈ, ਜਿਸ ਨੂੰ 9 ਨੰਬਰ ਲੜੀ ਸਮਝਿਆ ਜਾਵੇ)**

# ਲੋਹੇ ਨੂੰ ਇਉਂ ਕੱਟਿਆ ਲੋਹੇ ਨੇ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਨੇੜਿਉਂ ਦੇਖੀ ਹੋਈ ਇਹ ਘਟਨਾ ਤਿੰਨ ਕੁ ਦਹਾਕੇ ਪੁਰਾਣੀ ਹੈ। ਸਾਡੇ ਇਲਾਕੇ ਦੇ ਇਕ ਪਿੰਡ ਦਾ ਬੜਾ ਸਾਊ ਸ਼ਰੀਫ ਬੰਦਾ ਹੁੰਦਾ ਸੀ ਰਤੀ ਰਾਮ। ਘਰੋਂ ਗਰੀਬ ਪਰ ਮਿੱਠ-ਬੋਲਾ ਰੱਜ ਕੇ ਅਤੇ ਇਮਾਨਦਾਰ ਵੀ। ਪਿੰਡਾਂ ਵਿਚ ਗੈਰ-ਜ਼ਮੀਨੇ ਲੋਕਾਂ ਨੂੰ ਢੇਰ ਕੂੜਾ ਸੁੱਟਣ ਲਈ ਥੋੜ੍ਹਾ ਥੋੜ੍ਹਾ ਥਾਂ ਪਿੰਡੋਂ ਬਾਹਰਵਾਰ ਦਿੱਤਾ ਹੋਇਆ ਹੁੰਦਾ ਹੈ, ਜਿਸ ਨੂੰ ਆਮ ਬੋਲਚਾਲ ਵਿਚ 'ਆਬਾਦੀਆਂ' ਕਹਿ ਲਿਆ ਜਾਂਦਾ ਹੈ। ਇਸ ਥਾਂ ਵਿਚ ਗੈਰ-ਕਾਸ਼ਤਕਾਰ ਪਰਿਵਾਰ ਆਪਣੇ ਪਸ਼ੂਆਂ ਲਈ ਪੱਠੇ-ਦੱਥੇ ਰੱਖ ਲੈਂਦੇ ਹਨ ਅਤੇ ਤੂੜੀ ਦੇ ਕੁੱਪ ਜਾਂ ਗੁਹਾੜੀ ਵਗੈਰਾ ਬੰਨ੍ਹ ਲੈਂਦੇ ਹਨ। ਇੰਝ ਇਸ ਰਤੀ ਰਾਮ ਦੇ ਟੱਬਰ ਦੀ ਆਬਾਦੀ ਪਿੰਡ ਦੇ ਇਕ ਪਾਸੇ ਕੁਝ ਉੱਚੇ-ਨੀਵੇਂ ਟੋਏ-ਟਿੱਬਿਆਂ ਵਿਚ ਵਾਕਿਆ ਸੀ।

ਇਸ ਥਾਂ ਦੇ ਇਕ ਖੂੰਜੇ 'ਤੇ ਬੜਾ ਭਾਰਾ ਪੁਰਾਣਾ ਟਾਹਲੀ ਦਾ ਇਕ ਦਰੱਖਤ ਸੀ। ਘਰ ਦੀਆਂ ਪਾਲ਼ੀਆਂ ਕੱਟੀਆਂ-ਵੱਛੀਆਂ ਵੇਚ ਕੇ ਗੁਜ਼ਾਰਾ ਕਰ ਰਹੇ ਰਤੀ ਰਾਮ ਨੇ ਸੋਚਿਆ ਹੋਇਆ ਸੀ ਕਿ ਇਸ ਟਾਹਲੀ ਦੇ ਚਾਰ ਪੈਸੇ ਵੱਟ ਕੇ ਉਹ ਕੋਈ ਘਰੇਲੂ ਗਰਜ ਸਾਰ ਲਵੇਗਾ। ਪਰ ਵਿਚਾਰੇ ਗਰੀਬ ਦੀ ਟਾਹਲੀ ਨੂੰ ਅਚਾਨਕ ਇਕ ਖਤਰਾ ਆ ਖੜ੍ਹਾ ਹੋਇਆ।

ਰਤੀ ਰਾਮ ਦੀ ਬਦਕਿਸਮਤੀ ਕਹਿ ਲਓ ਕਿ ਉਸਦੀ ਇਸ ਆਬਾਦੀ ਦੇ ਇਕ ਪਾਸੇ ਪਿੰਡ ਦੇ ਉਸ ਬੰਦੇ ਦੀ ਜ਼ਮੀਨ ਸੀ, ਜਿਹੜਾ ਸਾਰੇ ਪਿੰਡ ਵਿਚ ਸਿਰੇ ਦਾ ਲੜਾਕਾ ਤੇ ਅੜਬੰਗ ਬੰਦਾ ਮੰਨਿਆ ਜਾਂਦਾ ਸੀ।ਉਹ ਆਪਣੀ ਉੱਚੀ-ਨੀਵੀਂ ਜ਼ਮੀਨ ਨੂੰ ਬੁਲਡੋਜ਼ਰ ਨਾਲ ਪੱਧਰੀ ਕਰਵਾਉਣ ਲੱਗ ਪਿਆ। ਧੱਕੇਸ਼ਾਹੀ ਨਾਲ ਉਸਨੇ ਰਤੀ ਰਾਮ ਦੇ ਥਾਂ ਵੱਲ੍ਹ ਦੀ ਸਾਈਡ ਮਿੱਟੀ ਕਰਾਹੁੰਦਿਆਂ ਕੁਝ ਇਸ ਢੰਗ ਨਾਲ ਵੱਡਾ ਸਾਰਾ ਬੰਨ੍ਹ ਜਿਹਾ ਬਣਾ ਦਿੱਤਾ ਕਿ ਰਤੀ ਰਾਮ ਦੀ ਟਾਹਲੀ ਉਸ ਨੇ ਆਪਣੇ ਥਾਂ ਵਿਚ ਕਰ ਲਈ। ਵਿਚਾਰੇ ਰਤੀ ਰਾਮ ਨੇ ਉਥੇ ਜਾ ਕੇ ਹਾਲ-ਪਾਹਰਿਆ ਕੀਤੀ, ਪਰ ਉਸ ਹੰਕਾਰੇ ਹੋਏ ਬੰਦੇ ਨੇ ਪੁੱਠਾ-ਸਿੱਧਾ ਬੋਲਦਿਆਂ ਰਤੀ ਰਾਮ ਦੀ ਬੇਇਜ਼ਤੀ ਕਰਦਿਆਂ ਉਥੋਂ ਭਜਾ ਦਿੱਤਾ।

ਗਰੀਬ ਰਤੀ ਰਾਮ ਪਿੰਡ ਵਿਚ ਵਿਲਕਦਾ ਫਿਰਿਆ। ਗੱਲੀਂ-ਬਾਤੀਂ ਤਾਂ ਸਾਰੇ ਉਸ ਨਾਲ ਹਮਦਰਦੀ ਜਤਾਈ ਜਾਣ ਤੇ ਟਾਹਲੀ ਉਤੇ ਉਸੇ ਦਾ ਹੱਕ ਦੱਸੀ ਜਾਣ, ਪਰ ਇਹ ਹਿੰਮਤ ਕੋਈ ਵੀ ਨਾ ਕਰੇ ਕਿ ਧੱਕੇ-ਸ਼ਾਹੀ ਕਰ ਰਹੇ ਅੜਬੰਗ ਨੂੰ ਰੋਕਿਆ ਜਾਵੇ। ਇਨਸਾਫ ਲਈ ਗੁਹਾਰ ਲਾਉਂਦਾ ਰਤੀ ਰਾਮ ਪੰਚਾਇਤ ਕੋਲ ਗਿਆ, ਪਰ ਪਿੰਡ ਦੇ ਹੈਂਕੜਬਾਜ ਹੱਥੋਂ ਬੇਇਜਤੀ ਕਰਾਉਣ ਦੇ ਡਰੋਂ, ਪੰਚਾਇਤੀਆਂ ਨੇ ਵੀ ਗੋਂਗਲੂਆਂ ਤੋਂ ਮਿੱਟੀ ਝਾੜ ਦਿੱਤੀ।

ਕਈ ਹੀਲੇ-ਵਸੀਲੇ ਕਰਨ ਤੋਂ ਬਾਅਦ ਨਿਰਾਸ਼ ਤੇ ਉਦਾਸ ਹੋਇਆ ਰਤੀ ਰਾਮ ਇਕ ਦਿਨ ਆਪਣੇ ਵਿਹੜੇ 'ਚ ਬੈਠਾ ਸੀ, ਕਿ ਗਲੀ ਵਿਚੋਂ ਪਿੰਡ ਦਾ ਹੀ ਇਕ ਹੋਰ ਉਹ ਬੰਦਾ ਲੰਘਦਾ ਜਾਵੇ ਜਿਹੜਾ ਸੁਭਾਅ ਦਾ ਤਾਂ ਭਾਵੇਂ ਕੁਰੱਖਤ ਹੀ ਸੀ, ਪਰ ਉਹ ਐਵੇਂ ਕਿਸੇ ਦੇ ਗਲ਼ ਨਹੀਂ ਸੀ ਪੈਂਦਾ। ਸਗੋਂ ਇਸਦੀ ਫਿਤਰਤ ਅਜਿਹੀ ਸੀ ਕਿ ਇਹ ਫੰਨੇ ਖਾਂ ਬਣੇ ਫਿਰਦੇ ਵੱਡੇ ਤੋਂ ਵੱਡੇ ਨਾਢੂ ਖਾਂ ਨੂੰ ਵੀ ਕਿਸੇ ਗਲਤ ਗੱਲ ਤੋਂ ਮੂੰਹ 'ਤੇ ਹੀ ਝਾੜ ਦਿੰਦਾ ਸੀ। ਕਿਸੇ ਦੇ ਗਿੱਟੇ ਲੱਗੇ ਗੋਡੇ ਲੱਗੇ, ਇਹ ਸੱਚੀ ਗੱਲ ਕਹਿਣੋਂ ਕਦੇ ਨਹੀਂ ਸੀ ਝਕਦਾ ਜਾਂ ਡਰਦਾ।

ਸਹਿਵਨ ਹੀ ਇਸ ਨੇ ਗਲ਼ੀ ਵਿਚੋਂ ਗੁਜ਼ਰਦਿਆਂ ਰਤੀ ਰਾਮ ਨੂੰ ਪੁੱਛ ਲਿਆ ਕਿ ਚੌਧਰੀ ਤੂੰ ਨਿੰਮੋ-ਝੂਣਾ ਜਿਹਾ ਕਾਹਤੋਂ ਹੋਇਆ ਬੈਠਾਂ? ''ਆ ਜਾ ਬਹਿਜਾ ਮੱਲਾ!'' ਕਹਿੰਦਿਆਂ ਰਤੀ ਰਾਮ ਨੇ ਉਸਨੂੰ ਨਾਲ ਡਹੇ ਮੰਜੇ 'ਤੇ ਬਹਾ ਲਿਆ। ਆਪਣੀ ਟਾਹਲੀ ਜਬਰਨ ਮੱਲੇ ਜਾਣ ਦੀ ਸਾਰੀ ਕਹਾਣੀ ਸੁਣਾਉਣ ਤੋਂ ਬਾਅਦ ਘਿਗਿਆਣੀ ਬੋਲੀ ਬੋਲਦਿਆਂ ਹਾਲੇ ਰਤੀ ਰਾਮ ਨੇ ਆਪਣੀ ਮਦਦ ਲਈ ਕੋਈ 'ਵਾਸਤਾ' ਵੀ ਨਹੀਂ ਸੀ ਪਾਇਆ ਕਿ ਉਹ ਬੰਦਾ ਬੜੇ ਇਤਮੀਨਾਨ ਨਾਲ, ਰਤੀ ਰਾਮ ਦੇ ਨੰਗੇ ਗੋਡਿਆਂ 'ਤੇ ਹੱਥ ਰੱਖ ਕੇ ਬੋਲਿਆ-

"ਰਤੀ ਰਾਮਾ ਤੂੰ ਐਂਉਂ ਕਰ.. ਅਜੇ ਈ ਸ਼ਾਮ ਨੂੰ 'ਅੜਬੰਗ' ਕੋਲ ਜਾ ਕੇ ਮੇਰਾ ਨਾਂ ਲੈਂਦਿਆਂ ਕਹਿ ਦੇਈਂ ਕਿ ਸਰਦਾਰਾ ਉਹ ਟਾਹਲੀ ਮੈਂ 'ਫਲਾਣਾ ਸੌਂਹ' ਨੂੰ ਵੇਚ ਦਿੱਤੀ ਐ! ਬੱਸ ਇੰਨੀ ਗੱਲ ਉਹਦੇ ਕੰਨੀ ਪਾ ਆ, ਫਿਰ ਮੈਂ ਜਾਣਾਂ ਮੇਰਾ ਕੰਮ ਜਾਣੇ। ਟਾਹਲੀ ਤੇਰੀ ਰਹੀ, ਜਦ ਵੀ ਕੋਈ ਗਾਹਕ ਆਵੇ, ਜਿੰਨਾ ਚਾਹੇਂ ਉਨਾ ਮੁੱਲ ਪਾ ਕੇ ਵੇਚ ਲਈ ਭਰਾਵਾ!'

ਥੋੜ੍ਹੇ ਦਿਨਾਂ ਬਾਅਦ ਸਾਰੇ ਪਿੰਡ ਨੇ ਦੇਖਿਆ ਕਿ ਰਤੀ ਰਾਮ ਦੇ ਬਣੇ ਰਖਵਾਲੇ ਨੇ ਕੋਲ ਖੜ੍ਹ ਕੇ ਟਾਹਲੀ ਵਢਵਾਈ, ਪੈਸੇ ਅਸਲ ਮਾਲਕ ਦੇ ਖੀਸੇ ਪਾਏ ਤੇ ਅੜਬੰਗ ਹੱਥ ਮਲਦਾ ਰਹਿ ਗਿਆ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ
ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com
TEAM JD
ELITE REALTY SERVICES
DALVIR 'DIL' NIJJAR
Realtor, Lic # 01418648
916-628-2210
dil.realtor@gmail.com
Office: 916-681-5112
7412 Elsie Avenue, Sacramento CA 94828



# ਸਵਰਗਵਾਸੀ ਸਰਦਾਰ ਹਰਭਜਨ ਸਿੰਘ ਲਾਖਾ ਦੀ ਯਾਦ ਵਿੱਚ ਬਣੇਗਾ ਬੇਗਮਪੁਰਾ ਰਿਨਾਇਸੈਂਸ ਯੂਨੀਵਰਸਟੀ ਵਿੱਚ ਟੈਕਨੀਕਲ ਅਤੇ ਮਕੈਨੀਕਲ ਸੈਂਟਰ

ਸਵਾਮੀ ਜਗਤਗਿਰੀ ਚੈਰੀਟੇਬਲ ਟਰੱਸਟ ਪਠਾਨਕੋਟ ਦੇ ਸੰਚਾਲਕ ਸਵਾਮੀ ਗੁਰਦੀਪ ਗਿਰੀ ਦੀ ਵੈਨਕੁਵਰ ਫੇਰੀ ਸਮੇਂ ਉਨਾਂ ਨਾਲ Rumble street Burnaby ਵਿਖੇ ਲਾਖਾ ਪ੍ਰੀਵਾਰ ਵਲੋਂ ਵਿਸ਼ੇਸ਼ ਮੀਟੰਗ ਕੀਤੀ ਗਈ ਅਤੇ ਸਿਟੇ ਵਜੋਂ ਫੈਸਲਾ ਕੀਤਾ ਗਿਆ ਕਿ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਬਹੁਜਨ ਸਮਾਜ ਪਾਰਟੀ ਦੇ ਬਾਨੀ ਮਾਨਿਆਂਵਰ ਸਾਹਿਬ ਕਾਂਸ਼ੀ ਰਾਮ ਨਾਲ ਮਿਲ ਕੇ ਭਾਰਤ ਵਿੱਚ ਸਮਾਜਿਕ , ਰਾਜਨੀਤਕ ਅਤੇ ਆਰਥਿਕ ਪ੍ਰੀਵਰਤਨ ਕਰਨ ਵਿੱਚ ਮੁਖ ਭੂਮਿਕਾ ਅਦਾ ਕਰਨ ਵਾਲੇ ਸਵਰਗਵਾਸੀ ਸਰਦਾਰ ਹਰਭਜਨ ਸਿਘ ਲ਼ਾਖਾ ਦੇ ਨਾਂ ਤੇ ਬੇਗਮਪੁਰਾ ਰਿਨਾਇਸੈਂਸ ਯੂਨੀਵਿਰਸਟੀ ਪਠਾਨਕੋਟ ਵਿੱਚ ਟੈਕਨੀਕਲ ਤੇ ਮਕੈਨੀਕਲ ਸਿਖਲਾਈ ਸੈਂਟਰ ਦੀ ਸੰਥਾਪਨਾ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਸਵਾਮੀ ਗੁਰਦੀਪ ਗਿਰੀ ਜੀ ਇਹ ਯੁਨੀਵਿਰਸਟੀ ਗਰੀਬ ਵਿਦਿਆਰਥੀਆ ਨੂੰ ਸਿਖਿਆ ਪ੍ਰਧਾਨ ਕਰਵਾਉਣ ਲਈ ਬਣਾ ਰਹੇ ਹਨ ਜਿਸਦਾ ਬਹੁਤ ਸਾਰਾ ਕੰਮ ਪੁਰਾ ਹੋ ਚੁੱਕਾ ਹੈ ਅਤੇ ਅਜ਼ੇ ਹੋਰ ਕਾਫੀ ਕੁਝ ਕਰਨਾ ਬਾਕੀ ਹੈ। ਸਵਰਗਵਾਸੀ ਸਰਦਾਰ ਹਰਭਜਨ ਸਿਘ ਲ਼ਾਖਾ ਸਾਹਿਬ ਦੇ ਸਪੁਤਰ ਸਰਦਾਰ ਪਰਮਜੀਤ ਸਿੰਘ ਲਾਖਾ ਨੇ ਦੱਸਿਆ ਕਿ ਇਸ ਟੈਕਨੀਕਲ ਸੈਂਟਰ ਚੋਂ ਸਿਖਿਆ ਪ੍ਰਾਪਤ ਕਰਕੇ ਵਿਦਿਆਰਥੀ ਆਪਣਾ ਨਿਜ਼ੀ ਰੁਜਗਾਰ ਕਰ ਸੱਕਦੇ ਹਨ ਅਤੇ ਵਿਦੇਸ਼ਾ ਵਿੱਚ ਵੀ ਨੌਕਰੀ ਪ੍ਰਾਪਤ ਕਰ ਸਕਦੇ ਹਨ।



ਸਰਦਾਰ ਪਰਮਜੀਤ ਸਿੰਘ ਲਾਖਾ ਨੇ ਇਹ ਵੀ ਦੱਸਿਆ ਕਿ ਇਸ ਓਪਰਾਲੇ ਨਾਲ ਓਹ ਆਪਣੇ ਸਤਿਕਾਰਯੋਗ ਸਵਰਗਵਾਸੀ ਪਿਤਾ ਸਰਦਾਰ ਹਰਭਜਨ ਸਿੰਘ ਲਾਖਾ ਦੇ ਸੁਪਿਨਆ ਨੂੰ ਪੂਰਾ ਕਰਕੇ ਉਹਨਾਂ ਨੂੰ ਸ਼ਰਦਾ ਦੇ ਫੁਲ ਭੇਂਟ ਕਰਨਗੇ ਕਿਉਕੇ ਲਾਖਾ ਸਾਹਿਬ ਖੁਦ ਸੱਫਦਰ ਜ਼ੰਗ ਏਰਪੋਰਟ ਤੇ ਬਤੋਰ ਮਕੈਨੀਕਲ ਇੰਜੀਨੀਅਰ ਦਾ ਕੰਮ ਕਰ ਚੁੱਕੇ ਸੀ ਇਸੇ ਲਈ ਉਨਾਂ ਦੀ ਇਹ ਦਿਲੀ ਤਮੰਨਾ ਸੀ ਕਿ ਅੱਗੇ ਚੱਲ ਕੇ ਉਹ ਆਪਣੇ ਸਮਾਜ ਲਈ ਇਸੇ ਲਾਇਨ ਵਿੱਚ ਕੋਈ ਸੁਵਿਧਾ ਮੁਹੈਈਆ ਕਰਵਾਉਣਗੇ। ਉਨਾਂ ਦੀ ਇਸੇ ਇਛਾ ਨੂੰ ਪੂਰਾ ਕਰਨ ਵਾਸਤੇ ਲਾਖਾ ਪ੍ਰੀਵਾਰ ਵਲੋਂ ਇਹ ਉਪਰਾਲਾ ਕੀਤਾ ਜਾ ਰਿਹਾ ਹੈ।ਐਸਰੋ ਕੇਨੈਡਾ ਲਾਖਾ ਪ੍ਰੀਵਾਰ ਦੇ ਇਸ ਸਮਾਜਿਕ ਪ੍ਰੀਵਰਤਨ ਦੇ ਕੰਮ ਦੀ ਤਹਿ ਦਿਲੋਂ ਸ਼ਲਾਘਾ ਕਰਦਾ ਹੈ ਅਤੇ ਆਸ ਕਰਦਾ ਹੈ ਕਿ ਲਾਖਾ ਪ੍ਰੀਵਾਰ ਤੋਂ ਸੇਧ ਲੈ ਕੇ ਹੋਰ ਵੀ ਪ੍ਰੀਵਾਰ ਬੇਗਮਪੁਰਾ ਯੂਨੀਵਿਰਸਟੀ ਦੇ ਲੁੜੀਦੇਂ ਪਰੋਜੈਕਟ ਪੁਰੇ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਜਰੂਰ ਪਾਉਣਗੇ।

ਇਥੇ ਇਹ ਵੀ ਦੱਸਣਾਯੋਗ ਹੈ ਕਿ ਸਰਦਾਰ ਹਰਭਜਨ ਸਿੰਘ ਲਾਖਾ 1989 ਅਤੇ 1996 ਵਿੱਚ ਦੋ ਬਾਰ ਪੰਜਾਬ ਦੇ ਹਲਕੇ ਫਿਲੌਰ ਤੋਂ ਬਹੁਜਨ ਸਮਾਜ ਪਾਰਟੀ ਵਲੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਸਨ। ਪਾਰਲੀਮੈਂਟ ਵਿੱਚ ਉਨਾਂ ਨੇ ਦਲਿਤਾਂ, ਗਰੀਬਾਂ, ਮਜਦੂਰਾਂ ਅਤੇ ਜਰੂਰਤਮੰਦ ਲੋਕਾਂ ਦੀ ਅਵਾਜ਼ ਬਣ ਕੇ ਉਹਨਾਂ ਦੇ ਕਲਿਆਣ ਲਈ ਸਦਾ ਹੀ ਸੰਘਰਸ਼ ਕੀਤਾ ।ਸਰਦਾਰ ਪਰਮਜੀਤ ਸਿੰਘ ਲਾਖਾ ਅੰਬੇਡਕਰ ਇੰਨਟਨੈਸ਼ਨਲ ਸੋਸ਼ਿਲ ਰਿਫਾਰਮ ਆਰਗੇਨਾਈਜੇਂਸਨ (ਐਸਰੋ) ਕੇਨੈਡਾ ਦੇ ਡਾਇਰੇਕਟਰ ਵੀ ਹਨ ਅਤੇ ਇਸ ਸੰਗਠਨ ਦੀ ਪ੍ਰਬੰਧਕ ਕਮੇਟੀ ਵੀ ਇਸ ਮੀਂਟਗ ਵਿੱਚ ਉਹਨਾਂ ਦੇ ਨਾਲ ਸਾਮਿਲ ਸੀ।

ਸਰਦਾਰ ਹਰਭਜਨ ਸਿਘ ਲ਼ਾਖਾ ਦਲਿਤ ਸਮਾਜ ਦੇ ਹੱਕਾਂ ਲਈ ਲੜ੍ਹਦੇ -ਲੜ੍ਹਦੇ ਜੁਨ 11,2014 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਪਰ ਉਨਾਂ ਵਲੋਂ ਸਮਾਜਿਕ ਆਰਥਿਕ ਅਤੇ ਰਾਜਨੀਤਕ ਪ੍ਰੀਵਰਤਨ ਲਈ ਕੀਤੇ ਗਏ ਕੰਮਾਂ ਵਾਸਤੇ ਉਨਾਂ ਨੂੰ ਸਦਾ ਹੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ॥

**ਰਿਪੋਰਟ- ਰਤਨ ਪਾਲ**
Media Coordinator
Ambedkar International Social Reform
Organization (AISRO) Canada

# ਐਸਰੋ ਕੈਨੇਡਾ ਨੇ ਵਿੱਢਿਆ ਦੂਜਾ ਵੱਡਾ ਪਰੋਜੈਕਟ ਬੇਗਮਪੁਰਾ ਰਿਨਾਇਸੈਂਸ ਯੂਨਿਵਰਸਿਟੀ ਵਿੱਚ ਬਣਾਏਗਾ ਯੂਨਿਟ

ਤਕਰੀਬਨ ਤਿੰਨ ਮਹੀਨੇ ਪਹਿਲਾਂ ਜੁਲਾਈ 01,2016 ਨੂੰ ਹੋਂਦ ਵਿੱਚ ਆਇਆ Ambedkar International Social Reform Organization (AISRO) Canada ਥੋੜੇ ਜਿਹੇ ਸਮੇਂ ਵਿੱਚ ਹੀ ਭਾਰਤ ਅੰਦਰ ਸਮਾਜਿਕ ਪ੍ਰੀਵਰਤਨ ਦੇ ਸ਼ਲਾਘਾਯੋਗ ਕੰਮ ਕਰਕੇ ਆਪਣੀ ਪਹਿਚਾਣ ਬਣਾਉਣ ਵਿੱਚ ਲਗਾਤਾਰ ਕਾਮਯਾਵੀ ਪ੍ਰਾਪਤ ਕਰ ਰਿਹਾ ਹੈ।ਇਸੇ ਕੜ੍ਹੀ ਵਿੱਚ ਪਠਾਨਕੋਟ ਸਥਿਤ ਡੇਰਾ ਸਵਾਮੀ ਜਗਤਗਿਰੀ ਟਰੱਸਟ ਦੇ ਸੰਚਾਲਕ ਮਾਣਯੋਗ ਗੁਰਦੀਪ ਗਿਰੀ ਦੀ ਵੈਨਕੁਵਰ ਫੇਰੀ ਤੇ ਉਹਨਾਂ ਨਾਲ ਐਤਵਾਰ ਨਵੰਬਰ 06,2016 ਨੂੰ 14672/85 ਐਵੇਨਿਊ ਸਰ੍ਹੀ ਵਿਖੇ ਗਲਬਾਤ ਕੀਤੀ ਗਈ।ਸਵਾਮੀ ਜੀ ਨੇ ਦੱਸਿਆ ਕਿ ਉਹ ਪਠਾਨਕੋਟ ਵਿੱਚ ਬੇਗਮਪੁਰਾ ਰਿਨਾਇਸੈਂਸ ਯੂਨੀਵਿਰਸਟੀ ਬਣਾ ਰਹੇ ਹਨ। ਜਿਥੇ ਉਹਨਾਂ ਕੋਲ 70 ਏਕੜ ਜ਼ਮੀਨ ਉਪਲਬੰਧ ਹੈ। ਇਹ ਯੂਨੀਵਿਰਸਟੀ ਦਾ ਕਾਫੀ ਹਿੱਸਾ ਬਣ ਕੇ ਤਿਆਰ ਹੋ ਚੁਕਾ ਹੈ ਅਤੇ ਅਜੇ ਵੀ ਕੰਮ ਚਲ ਰਿਹਾ ਹੈ ਉਹਨਾਂ ਦੱਸਿਆ ਕਿ ਟਰੱਸਟ ਵਲੋਂ ਸਮਾਜਿਕ ਪ੍ਰੀਵਰਤਨ ਲਈ ਕੰਮ ਕੀਤੇ ਜਾਂਦੇ ਹਨ। ਟਰੱਸਟ ਵਲੋਂ 6 ਸਕੂਲ ਮਾਤਾ ਕਲਸਾ ਦੇ ਨਾਂ ਤੇ ਭਾਰਤ ਦੇ ਵੱਖ-ਵੱਖ ਪ੍ਰਾਂਤਾ ਵਿੱਚ ਚਲਾਏ ਜਾ ਰਹੇ ਹਨ। ਸਮਾਜ ਵਿੱਚੋਂ ਅੰਧਵਿਸ਼ਵਾਸ਼ ,ਛੂਆ-ਛਾਤ, ਗਰੀਬੀ ਅਤੇ ਨਸ਼ੇ ਸਮਾਪਤ ਕਰਕੇ ਸਮਾਜਿਕ ਸਮਾਨਤਾ ਲਈ ਕੰਮ ਕੀਤੇ ਜਾਂਦੇ ਹਨ। ਗਰੀਬ ਲੋਕਾਂ ਨੂੰ ਤਕਨੀਕੀ ਅਤੇ ਆਰਥਿਕ ਸਹਾਇਤਾ ਮੁਹੈਈਆ ਕਰਾ ਕੇ ਰੁਜ਼ਗਾਰ ਦਿਵਾਉਣ ਵਿੱਚ ਸਹਾਇਤਾ ਕੀਤੀ ਜਾਂਦੀ ਹੈ ।ਗਰੀਬ ਬੱਚਿਆ ਦੇ ਵਿਆਹ ਲਈ ਟਰੱਸਟ ਆਪਣਾ ਹਾਲ ਅਤੇ ਲੰਗਰ ਦੀ ਮੁਫਤ ਸੇਵਾ ਉਪਲੰਬਧ ਕਰਾਉਂਦਾ ਹੈ ।ਪਠਾਨਕੋਟ ਹਸਪਤਾਲ ਵਿੱਚ ਹਸਪਤਾਲ ਦੇ ਡਾਕਟਰਾਂ ਨਾਲ ਗਲਬਾਤ ਕਰਕੇ ਗਰੀਬ ਮਰੀਜ਼ਾਂ ਦਾ ਮੁਫਤ ਇਲਾਜ਼ ਕਰਵਾਇਆ ਜਾਂਦਾ ਹੈ। ਜਿਕਰ ਯੋਗ ਹੈ ਕਿ ਐਸਰੋ ਦਾ ਮੁੱਖ ਉਦੇਸ਼ ਵੀ ਭਾਰਤ ਵਿੱਚ ਸਮਾਜਿਕ ਪ੍ਰੀਵਰਤਨ ਕਰਕੇ ਡਾ. ਅੰਬੇਡਕਰ ਦੇ ਕਾਰਵਾਂ ਨੂੰ ਮੰਜ਼ਲੇ ਮਕਸੂਦ ਤੱਕ ਪਹੁੰਚਾਉਣਾ ਹੈ ॥

ਸਵਾਮੀ ਜੀ ਨਾਲ ਆਪਣੀਆ ਸ਼ੰਕਾਵਾਂ ਦੀ ਗਲਬਾਤ ਤੋਂ ਬਾਅਦ ਸੰਤੁਸ਼ਟੀ ਉਪਰੰਨਤ ਐਸਰੋ ਕਨੈਡਾ ਇਸ ਨਤੀਜੇ ਤੇ ਪਹੁੰਚਾ ਕਿ ਇਸ ਯੂਨੀਵਿਰਸਟੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਪੜ੍ਹਨਗੇ ਅਤੇ ਹਜ਼ਾਰਾਂ ਦੀ ਹੀ ਗਿਣਤੀ ਵਿੱਚ ਨੋਕਰੀਆ ਪ੍ਰਾਪਤ ਕਰਨਗੇ। ਇਸ ਤਰ੍ਹਾਂ ਬਾਬਾ ਸਾਹਿਬ ਦੇ ਸੰਦੇਸ਼ ਪੜ੍ਹੋ ਲਿਖੋ ਤੇ ਸੰਘਰਸ਼ ਕਰੋ ਦੀ ਪ੍ਰਾਪਤੀ ਹੋਵੇਗੀ ਅਤੇ ਇਹ ਸਮਾਜਿਕ ਪ੍ਰੀਵਰਤਨ ਲਈ ਇਕ ਮੀਲ ਪੱਥਰ ਸਾਬਤ ਹੋਵੇਗਾ।

ਸਵਾਮੀ ਜੀ ਵਲੋਂ ਦੱਸਿਆ ਗਿਆ ਕਿ ਯੁਨੀ-ਵਿਰਸਟੀ ਵਿੱਚ ਇੱਕ ਯੂਨਿਟ ਬਣਾਉਣ ਤੇ ਤਕਰੀਬਨ 3.5 ਲੱਖ ਰੁਪਿਆ ਖਰਚ ਆਉਂਦਾ ਹੈ ਅਤੇ ਐਸਰੋ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਇੱਕ ਯੂਨਿਟ ਬਣਾਇਆ ਜਾਵੇਗਾ।ਐਸਰੋ ਪ੍ਰਧਾਨ ਰੂਪ ਲਾਲ ਗੱਡੂ ਤੇ ਮੀਡਆਂ ਸਪੋਕਸਮੈਂਨ ਰਸ਼ਪਾਲ ਸਿੰਘ ਭਾਰਦਵਾਜ਼ ਵਲੋਂ 4000 ਦੀ ਰੱਕਮ ਸਵਾਮੀ ਗੁਰਦੀਪ ਗਿਰੀ ਜੀ ਨੂੰ ਦਾਨ ਕੀਤੀ ਅਤੇ ਬਕਾਇਆ ਰਕਮ ਵੀ ਜਲਦੀ ਹੀ ਭੇਜਣ ਦਾ ਬਾਅਦਾ ਕੀਤਾ। ਐਸਰੋ ਵਲੋਂ ਇਹ ਭਰੋਸਾ ਦਿੱਤਾ ਗਿਆ ਕਿ ਸਾਡਾ ਇਹ ਪ੍ਰੋਜੈਕਟ ਪੂਰਾ ਹੋਣ ਤੋਂ ਬਾਅਦ ਅਗੋਂ ਵੀ ਆਰਥਿਕ ਸਹਾਇਤਾ ਜ਼ਾਰੀ ਰਖੀ ਜਾਵੇਗੀ।

ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਮਹੀਨੇ ਹੀ ਐਸਰੋ ਨੇ ਹੋਸ਼ਿਆਰਪੁਰ ਅਸੈਬਲੀ ਚੋਣ ਹਲਕੇ ਤੋਂ ਬਹੁਜਨ ਸਮਾਜ ਪਾਰਟੀ ਤੋਂ ਚੋਣ ਲੜਨ ਜਾ ਰਹੇ ਇੰਜੀਨੀਅਰ ਸੁਰਿੰਦਰ ਸੰਧੂ ਨੂੰ ਦੋ ਲੱਖ ਰੁਪਿਆ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਸੀ ਅਤੇ ਚੋਣ ਪ੍ਰਚਾਰ ਲਈ ਆਪਣੇ 10 ਮੈਂਬਰਸ ਨੂੰ ਭੇਜਣ ਦਾ ਐਲਾਨ ਕੀਤਾ ਸੀ।

ਐਸਰੋ ਕੇਨੈਡਾ ਵਲੋਂ ਅਪੀਲ ਕੀਤੀ ਜਾਂਦੀ ਹੈ ਕਿ ਜੋ ਵੀ ਐਸਰੋ ਕੇਨੈਡਾ ਨੂੰ ਆਰਥਿਕ ਸਹਾਇਤਾ ਦੇਣਾ ਚਾਹੁੰਦਾ ਹੈ ਉਹ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਮੈਂਬਰ ਨੂੰ ਸਹਾਇਤਾ ਦੇ ਸਕਦਾ ਹੈ ਅਤੇ ਆਪਜੀ ਦੀ ਸਹਾਇਤਾ ਨਾਲ ਬਾਕੀ ਰਕਮ ਭੇਜਣ ਵਿੱਚ ਸਹਾਇਤਾ ਮਿਲੇਗੀ।

**ਰਿਪੋਰਟ- ਰਤਨ ਪਾਲ**
Media Coordinator (AISRO) Canada

# ਸੁਣੋ! ਸੁਣੋ!! ਸੁਣੋ!!! ਕੋਈ ਲੀਡਰ ਵੋਟ ਮੰਗਣ ਨਾ ਆਵੇ

ਸਿਆਣੇ ਕਹਿੰਦੇ ਹਨ ਕਿ ਜਿਸ ਘਰ ਦਾ ਮੁਖੀ ਪ੍ਰਮਾਤਮਾ ਨੂੰ ਪਿਆਰਾ ਹੋ ਜਾਏ ਜਾਂ ਫਿਰ ਆਪਣੀਆਂ ਜਿਮੇਵਾਰੀਆਂ ਤੋਂ ਕੰਨੀ ਕਤਰਾਉਣ ਲਗ ਜਾਵੇ ਤਾਂ ਉਸ ਘਰ ਦਾ ਰੱਬ ਹੀ ਰਾਖਾ ਹੁੰਦਾ ਹੈ। ਕੁੱਝ ਇਸੇ ਹੀ ਤਰਾਂ ਦਾ ਹੀ ਭਾਣਾ ਵਾਪਰਿਆ ਹੈ ਹਲਕਾ ਫਿਲੌਰ ਦੇ ਲੋਕਾਂ ਨਾ਼ਲ, ਜਿਥੋ ਹਲਕਾ ਵਾਸੀਆਂ ਨੇ ਬੜੇ ਉਤਸ਼ਾਹ ਨਾ਼ਲ ਸ਼੍ਰੀ ਅਵਿਨਾਸ਼ ਚੰਦਰ ਕਲੇਰ ਨੂੰ ਵੱਡੀ ਲੀਡ ਨਾ਼ਲ ਜਿਤਾਇਆ ਸੀ, ਪਰ ਹਲਕਾ ਵਾਸੀਆਂ ਨੂੰ ਕੀ ਪਤਾ ਸੀ ਕਿ ਉਹਨਾਂ ਦਾ ਹਲਕਾ ਵਿਧਾਇਕ ਨਾ਼ਲ ਵਿੱਚ ਵਿਚਾ਼ਲੇ ਹੀ ਤੋੜ ਵਿਛੋੜਾ ਹੋ ਜਾਣਾ ਹੈ। ਜਿਸ ਕਾਰਣ ਹਲਕਾ ਵਾਸੀ ਆਪਣੇ ਆਪ ਨੂੰ ਮਾਂ ਵਾਹਰੇ ਤੇ ਠੱਗੇ ਠੱਗੇ ਮਹਿਸੂਸ ਕਰ ਰਹੇ ਹਨ। ਜੀ ਹਾਂ ਜਦੋਂ ਪੱਤਰਕਾਰਾਂ ਦੀ ਟੀਮ ਨੇ ਹਲਕਾ ਫਿਲੌਰ ਦੇ ਪਿੰਡ ਸਰਹਾ਼ਲ ਮੁੰਡੀ ਦਾ ਦੌਰਾ ਕੀਤਾ ਤਾਂ ਪਿੰਡ ਵਾਸੀਆਂ ਨੇ ਪਿੰਡ ਨੇ ਦੱਸਿਆ ਕਿ ਹਲਕਾ



ਵਿਧਾਇਕ ਦੇ ਹਲਕੇ ਵਿੱਚ ਦਖਲ ਨਾ ਦੇਣ ਕਰਕੇ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮੱਸਿਆਵਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਭਾਂਵੇਂ ਸਰਕਾਰ ਦੁਹਾਈ ਦੇ ਰਹੀ ਹੈ ਕਿ ਲੋੜਵੰਦ ਲੋਕਾਂ ਨੂੰ ਨੀਲੇ ਕਾਰਡਾਂ ਰਾਹੀਂ 2 ਰੁਪਏ ਕਿਲੋ ਕਣਕ ਅਤੇ 20 ਰੁਪਏ ਕਿਲੋ ਦਾ਼ਲ ਦਿਤੀ ਜਾਵੇਗੀ ਪਰ ਇਥੋਂ ਦੇ ਪ੍ਰਸ਼ਾਸ਼ਨ ਵਲੋਂ ਲੋਕਾਂ ਨੂੰ ਬਹੁਤ ਜਿਆਦਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ 2 ਮਹੀਨੇ ਪਹਿਲਾਂ ਖੁਰਾਕ ਸਿਵਲ ਸਪਲਾਈ ਵਿਭਾਗ ਵਲੋਂ ਲੋਕਾਂ ਤੋਂ ਪੈਸੇ ਇਕੱਠੇ ਕਰ ਲਏ, ਪਰ ਅਜੇ ਤੱਕ ਕਿਸੇ ਨੂੰ ਦਾਣੇ ਨਹੀਂ ਦਿਤੇ ਗਏ। ਜਦਕਿ ਪਿੰਡ ਦੇ ਸਰਪੰਚ ਬਨਾਰਸੀ ਦਾਸ ਨੇ ਵੀ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਕਈ ਗਰੀਬ ਲੋਕਾਂ ਨੇ ਇੱਕ ਦੂਜੇ ਤੋਂ ਉਧਾਰੇ ਪੈਸੇ ਲੈ ਕੇ ਕਣਕ ਲਈ ਜਮਾ ਕਰਵਾਏ ਹਨ, ਪਰ ਕਣਕ ਨਾ ਮਿਲਣ ਕਰਕੇ ਲੋਕ ਪ੍ਰੇਸ਼ਾਨ ਹੋ ਰਹੇ ਹਨ।

ਪਿੰਡ ਸਰਹਾ਼ਲ ਮੁੰਡੀ ਵਾਸੀਆਂ ਨੇ ਦੱਸਿਆ ਕਿ ਪਿੰਡ ਵਿੱਚ ਗੰਦੇ ਪਾਣੀ ਦਾ ਕੋਈ ਪੁਖਤਾ ਪ੍ਰਬੰਧ ਨਾ ਹੋਣ ਕਰਕੇ ਲੋਕ ਲਮੇ ਸਮੇ ਤੋਂ ਬਹੁਤ ਜਿਆਦਾ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਦੇ ਆ ਰਹੇ ਹਨ। ਛੱਪੜ ਲਈ ਕੋਈ ਗ੍ਰਾਂਟ ਨਾ ਮਿਲਣ ਕਾਰਣ ਪਿੰਡ ਵਾਸੀਆਂ ਨੇ ਆਪਣੇ ਹੱਥੀਂ ਖਾ਼ਲਾ ਪੁੱਟਕੇ ਗੰਦਾ ਪਾਣੀ ਪਿੰਡ ਤੋਂ ਬਾਹਰ ਪਾਇਆ ਹੈ। ਜਦਕਿ ਪਿੰਡ ਵਾਸੀਆਂ ਨੇ ਇਸ ਸਮੱਸਿਆ ਦੇ ਹਲ ਲਈ ਹਲਕਾ ਵਿਧਾਇਕ ਸ਼੍ਰੀ ਅਵਿਨਾਸ਼ ਚੰਦਰ ਕਲੇਰ, ਮੈਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਅਤੇ ਹਲਕਾ ਇਨਚਾਰਜ ਬਲਦੇਵ ਸਿੰਘ ਖਹਿਰਾ ਦੇ ਵੀ ਤਰਲੇ ਕੀਤੇ ਹਨ, ਪਰ ਕਿਸੇ ਨੇ ਵੀ ਇਸ ਸਮੱਸਿਆ ਦਾ ਹਲ ਨਹੀਂ ਕੀਤਾ, ਹਰ ਪਾਸਿਓ ਲਾਰੇ ਤੇ ਬਾਅਦੇ ਹੀ ਮਿਲੇ ਹਨ। ਪਿੰਡ ਵਾਸੀਆਂ ਨੇ ਨਿਰਾਸ਼ਾ ਭਰੇ ਸਬਦਾਂ ਵਿੱਚ ਕਿਹਾ ਕਿ 2017 ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾ ਵੇਲੇ ਕੋਈ ਵੀ ਪਾਰਟੀ ਦਾ ਲੀਡਰ ਭਿਖਾਰੀ ਬਣਕੇ ਵੋਟਾਂ ਮੰਗਣ ਨਾ ਆਵੇ।

ਇਸੇ ਤਰਾਂ ਪਿੰਡ ਹਲਕਾ ਫਿਲੌਰ ਦੇ ਪਿੰਡ ਧੁਲੇਤਾ ਵਿਖੇ ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਦਾ ਛੱਪੜ ਗੰਦੇ ਪਾਣੀ ਨਾ਼ਲ ਭਰਿਆ ਹੋਣ ਕਰਕੇ ਗੰਦਾ ਪਾਣੀ ਓਵਰਫਲੋ ਹੋ ਕੇ ਰਸਤਿਆਂ ਵਿੱਚ ਭਰ ਜਾਂਦਾ ਹੈ, ਜਿਸ ਕਾਰਣ ਲੋਕਾਂ ਨੂੰ ਰਸਤਿਆਂ ਵਿੱਚੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ, ਜਿਸ ਕਾਰਣ ਕੀੜੇ ਮਕੌੜੇ ਅਤੇ ਸੱਪ ਘਰਾਂ ਵਿੱਚ ਆ ਜਾਂਦੇ ਹਨ ਅਤੇ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ। ਉਹਨਾਂ ਦੱਸਿਆ ਕਿ ਰਸਤਿਆਂ ਵਿੱਚ ਗੰਦਾ ਪਾਣੀ ਖੜਾ ਹੋਣ ਕਰਕੇ ਕਈਆਂ ਦੇ ਸੱਟਾਂ ਵੀ ਲਗ ਚੁੱਕੀਆਂ ਹਨ ਅਤੇ ਕਈ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹਨ। ਪਿੰਡ ਵਾਸੀਆਂ ਨੇ ਇਸ ਸਮੱਸਿਆ ਦਾ ਸਰਕਾਰ ਪਾਸੋਂ ਹੱਲ ਕਰਨ ਦੀ ਮੰਗ ਕੀਤੀ। ਉਧਰ ਜਦੋਂ ਇਸ ਪਿੰਡ ਦੇ ਸਰਪੰਚ ਪਰਮਜੀਤ ਕੌਰ ਨੇ ਕਿਹਾ ਕਿ ਇੱਸ ਛੱਪੜ ਲਈ ਕੋਈ ਗਰਾਂਠ ਨਹੀਂ ਆਈ ਪਰ ਪਿੰਡ ਵਾਸੀਆਂ ਦੇ ਸਹਿਯੋਗ ਇਸ ਸਮੱਸਿਆ ਦਾ ਜਲਦ ਹੱਲ ਕਰ ਦਿਤਾ ਜਾਵੇਗਾ।

ਇਥੇ ਵਰਨਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਹਲਕਾ ਫਿਲੌਰ ਤੋਂ ਸ਼੍ਰੀ ਬਲਦੇਵ ਸਿੰਘ ਖਹਿਰਾ ਨੂੰ ਹਲਕਾ ਇਨੰਚਾਰਜ ਲਗਾਇਆ ਗਿਆ ਹੈ ਅਤੇ ਹੁਣ ਉਸ ਨੂੰ ਉਮੀਦਵਾਰ ਵੀ ਐਲਾਨਿਆ ਗਿਆ ਹੈ, ਪਰ ਇਥੋਂ ਦੇ ਹਲਕਾ ਵਿਧਾਇਕ ਸ਼੍ਰੀ ਅਵਿਨਾਸ਼ ਚੰਦਰ ਕਲੇਰ ਅਣਗੌ਼ਲਿਆਂ ਕੀਤਾ ਗਿਆ ਹੈ, ਜਿਸ ਕਾਰਣ ਹਲਕੇ ਦਾ ਵਿਕਾਸ ਨਾ ਹੋ ਸਕਿਆ।

**ਰਿਪੋਰਟ ਤੇ ਤਸਵੀਰ- ਨਿਰਮਲ ਗੁੜਾ**

# ਪ੍ਰਿੰਸੀਪਲ ਡਾਇਟ ਵੱਲੋਂ ਨਸਰਾਲਾ ਸਕੂਲ ਦਾ ਮੁਲਾਂਕਣ

## ਪੰਜਾਬ ਸਿੱਖਿਆ ਵਿਭਾਗ ਵੱਲੋਂ 'ਸੰਗਤ ਦਰਪਣ ਸੰਗਤ ਦਰਸ਼ਨ'





**ਨਸਰਾਲਾ-** ਪ੍ਰੋਗਰਾਮ ਤਹਿਤ ਸੀਨੀਅਰ ਸੈਕੰਡਰੀ ਸਕੂਲ ਨਸਰਾਲਾ ਦਾ ਸਮੁੱਚਾ ਮੁਲਾਂਕਣ ਪ੍ਰਿੰਸੀਪਲ ਡਾਇਟ ਸ੍ਰੀਮਤੀ ਸੁਖਵਿੰਦਰ ਕੌਰ ਦੀ ਅਗਵਾਈ ਵਿਚ ਆਈ ਟੀਮ ਵੱਲੋਂ ਕੀਤਾ ਗਿਆ। ਮੁਲਾਂਕਣ ਦੌਰਾਨ ਟੀਮ ਦੇ ਲੀਡਰ ਹੁਰਾਂ ਐਸ. ਐਮ. ਸੀ. ਮੈਂਬਰਾਂ ਅਤੇ ਬੱਚਿਆਂ ਦੇ ਮਾਪਿਆਂ ਨਾਲ ਪੜ੍ਹਾਈ ਦੇ ਪੱਧਰ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਗਣਿਤ, ਮੈਥ, ਆਰਟ ਲੈਬ ਚੈਕ ਕੀਤੀਆਂ। ਜਮਾਤਾਂ ਵਿਚ ਜਾ ਕੇ ਵਿਦਿਆਰਥੀਆਂ ਤੋਂ ਸਵਾਲ ਵੀ ਪੁੱਛੇ। ਅਧਿਆਪਕਾਂ ਦੀਆਂ ਡਾਇਰੀਆਂ, ਰਜਿਸਟਰ, ਰਮਸਾ ਰਿਕਾਰਡ ਦੀ ਜਾਂਚ ਕਰਨ ਉਪਰੰਤ ਸਾਰੇ ਪੱਖਾਂ ਦੀ ਪੜਚੋਲ ਕਰਦਿਆਂ ਸੰਤੁਸ਼ਟੀ ਜ਼ਾਹਿਰ ਕੀਤੀ ਗਈ। ਸਕੂਲ ਵਿਚ ਸਫਾਈ ਅਤੇ ਪੜ੍ਹਾਈ ਸਬੰਧੀ ਗਤੀਵਿਧੀਆਂ ਨੂੰ ਵਾਚਦਿਆਂ ਉਹਨਾਂ ਸਟਾਫ ਅਤੇ ਐਸ. ਐਮ. ਸੀ. ਮੈਂਬਰਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਪ੍ਰਿੰਸੀਪਲ ਸ੍ਰੀ ਕਰੁਣ ਸ਼ਰਮਾ, ਬੀਬੀ ਦੀਪ ਕੌਰ ਸਰਪੰਚ, ਰਾਜ ਕੁਮਾਰ ਪੰਚ, ਪਿਆਰਾ ਸਿੰਘ ਬੱਧਣ, ਬਲਵੀਰ ਕੌਰ, ਪਰਵੀਨ, ਸੁਰਿਦਰ ਕੌਰ, ਹਰਮੀਤ ਕੌਰ, ਡਾ. ਜਸਵੰਤ ਰਾਏ, ਗੁਰਦੀਪ ਕੌਰ ਕਲਰਕ ਹਾਜ਼ਰ ਸਨ। **(ਰਿਪੋਰਟ ਤੇ ਤਸਵੀਰਾਂ- ਡਾ ਜਸਵੰਤ ਰਾਏ)**

# ਨਾਮੀ ਕਵਿੱਤਰੀ ਸੰਦੀਪ ਕੌਰ ਅਰਸ਼ ਨੂੰ ਭਾਰੀ ਸਦਮਾ, ਪਿਤਾ ਜੀ ਦੀ ਮੌਤ

**ਚੰਡੀਗੜ੍ਹ (ਲੁਧਿਆਣਵੀ)-** ਪੰਜਾਬੀ ਦੀ ਨਾਮਵਰ ਕਵਿੱਤਰੀ, ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੀ ਸਰਗਰਮ ਵਰਕਰ ਅਤੇ ਦੂਰਦਰਸ਼ਨ ਜਲੰਧਰ ਦੀ ਐਂਕਰ ਸ੍ਰੀਮਤੀ ਸੰਦੀਪ ਕੌਰ ਅਰਸ਼ (ਸਾਗਰ) (9530634719) ਨੂੰ ਉਸ ਵਕਤ ਭਾਰੀ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਕਈ ਮਹੀਨਿਆਂ ਤੋਂ ਬੀਮਾਰੀ ਨਾਲ ਜੂਟਦੇ ਚਲੇ ਆ ਰਹੇ ਪਿਤਾ ਹਰਬੰਸ ਸਿੰਘ ਜੀ (65) ਅਚਾਨਕ ਸਦੀਵੀ ਵਿਛੋੜਾ ਦੇ ਗਏ। ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੇ ਪ੍ਰਧਾਨ ਲਾਲ ਸਿੰਘ ਲਾਲੀ ਦੀ ਪ੍ਰਧਾਨਗੀ ਹੇਠ ਹੋਈ ਹਗਾਮੀ ਸ਼ੋਕ-ਇਕੱਤਰਤਾ ਵਿਚ ਗੀਤ-ਸੰਗੀਤ ਖੇਤਰ ਦੇ ਦੋ ਦਰਜਨ ਤੋਂ ਵੱਧ ਸਾਥੀਆਂ ਵਲੋਂ ਆਪਣੀ ਸੰਸਥਾ ਦੀ ਦੁਖਿਆਰਨ ਸੰਦੀਪ ਅਰਸ਼ ਨਾਲ ਹਮਦਰਦੀ ਪ੍ਰਗਟਾਈ ਗਈ। ਵਿਛੜੀ ਰੂਹ ਨਮਿੱਤ ਦੋ ਮਿੰਟ ਦਾ ਮੋਨ ਧਾਰਨ ਕਰਦਿਆਂ ਸ਼ਰਧਾਂਜਲੀਆਂ ਭੇਂਟ ਕਰਦੇ ਹੋਏ ਇਕੱਤਰਤਾ ਵਲੋਂ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਅਤੇ ਬਾਕੀ ਪਰਿਵਾਰ ਨੂੰ ਇਸ ਅਸਹਿ ਸਦਮੇ ਨੂੰ ਸਹਿਣ ਦਾ ਬੱਲ ਬਖਸ਼ਣ ਲਈ ਓਸ ਅਕਾਲ-ਪੁਰਖ ਅੱਗੇ ਦੁਆਵਾਂ ਵੀ ਕੀਤੀਆਂ ਗਈਆਂ। ਵਿਛੜੀ ਆਤਮਾ ਨਮਿੱਤ ਅੰਤਮ ਅਰਦਾਸ, ਗੁਰੂਦੁਆਰਾ ਬੇਰੀ ਵਾਲਾ, ਕਪੂਰਥਲਾ ਵਿਖੇ, 20 ਨਵੰਬਰ ਨੂੰ 12-30 ਵਜੇ ਹੋਵੇਗੀ।

# ਪਰਵਾਸੀ ਪੰਜਾਬੀਆਂ ਲਈ ਕਿਧਰੇ ਛਲਾਵਾ ਬਣ ਕੇ ਨਾ ਰਹਿ ਜਾਣ ਚੋਣ ਮਨੋਰਥ-ਪੱਤਰ

**ਇੱਕ ਸਵਾਲ, ਜੋ ਪੰਜਾਬ ਵੱਸਦੇ ਪੰਜਾਬੀਆਂ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਹੈ, ਉਹ ਇਹ ਕਿ ਇਹ ਪਰਵਾਸੀ ਪੰਜਾਬੀ ਆਪਣੇ ਚਹੇਤੇ ਉਮੀਦਵਾਰਾਂ ਨੂੰ ਮਾਇਆ ਵੀ ਦਿੰਦੇ ਹਨ, ਬੋਲਾਂ ਦਾ ਸਮੱਰਥਨ ਵੀ ਦਿੰਦੇ ਹਨ, ਕਦੇ-ਕਦਾਈਂ ਪੰਜਾਬ ਆ ਕੇ ਉਨ੍ਹਾਂ ਵਿੱਚੋਂ ਕੁਝ ਆਪਣੇ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ ਵੀ ਕਰਦੇ ਹਨ, ਪਰ ਇਨ੍ਹਾਂ ਚੋਣਾਂ 'ਚ 'ਵੋਟ' ਪਾਉਣ ਦਾ ਹੱਕ ਮਿਲਣ ਦੇ ਬਾਵਜੂਦ ਉਹ ਵੋਟਾਂ ਕਿਉਂ ਨਹੀਂ ਬਣਵਾਉਂਦੇ ਜਾਂ ਉਸ ਦੀ ਵਰਤੋਂ ਕਿਉਂ ਨਹੀਂ ਕਰਦੇ? ਦੂਜਾ ਇਹ ਕਿ ਸਭਨਾਂ ਪਾਰਟੀਆਂ ਦੇ ਨੇਤਾ ਪਰਵਾਸੀ ਪੰਜਾਬੀਆਂ ਦਾ ਹਰੇਕ ਕਿਸਮ ਦਾ ਸਮੱਰਥਨ ਵੀ ਲੈਂਦੇ ਹਨ, ਉਨ੍ਹਾਂ ਵੱਲੋਂ ਭੇਟ ਕੀਤੀਆਂ ਥੈਲੀਆਂ ਵੀ ਪ੍ਰਾਪਤ ਕਰਦੇ ਹਨ, ਉਨ੍ਹਾਂ ਦੀ ਪ੍ਰਸੰਸਾ ਵੀ ਕਰਦੇ ਹਨ, ਉਨ੍ਹਾਂ ਤੋਂ ਆਪਣੀ ਪ੍ਰਸੰਸਾ ਕਰਵਾਉਂਦੇ ਵੀ ਹਨ, ਪਰ ਉਨ੍ਹਾਂ ਦਾ ਵੋਟਰ ਫਾਰਮ ਭਰ ਕੇ, ਉਨ੍ਹਾਂ ਨੂੰ ਮਿਲਣ ਵਾਲਾ ਵੱਡਾ 'ਵੋਟ' ਦਾ ਹੱਕ ਦੁਆਉਣ ਲਈ ਉਪਰਾਲਾ ਆਖਿਰ ਕਿਉਂ ਨਹੀਂ ਕਰਦੇ?**



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਬਾਰੇ ਚਰਚਾ ਸਥਾਨਕ ਪੰਜਾਬੀਆਂ ਨਾਲੋਂ ਵੱਧ ਵਿਦੇਸ਼ ਵੱਸਦੇ ਪੰਜਾਬੀਆਂ 'ਚ ਹੈ; ਇਹ ਪੰਜਾਬੀ ਭਾਵੇਂ ਅਮਰੀਕਾ, ਕੈਨੇਡਾ, ਇੰਗਲੈਂਡ ਵਸਦੇ ਹਨ ਜਾਂ ਯੂਰਪ ਜਾਂ ਅਰਬ ਦੇਸ਼ਾਂ ਵਿੱਚ। ਦਰਜਨਾਂ ਰੇਡੀਓ ਸਟੇਸ਼ਨ, ਟੀ ਵੀ ਚੈਨਲ, ਦੇਸੀ ਅਖ਼ਬਾਰਾਂ ਪਲ-ਪਲ ਪੰਜਾਬ ਦੀ ਰਾਜਨੀਤੀ ਦੀ ਖ਼ਬਰ ਪਰਵਾਸੀਆਂ ਨਾਲ ਸਾਂਝੀ ਕਰਦੀਆਂ ਹਨ, ਉਨ੍ਹਾਂ ਦੀ ਰਾਇ ਲੈਂਦੀਆਂ ਹਨ। ਪੰਜਾਬ 'ਚ ਅਗਲੀਆਂ ਚੋਣਾਂ 'ਚ ਕਿਸ ਦੀ ਜਿੱਤ ਹੋਵੇਗੀ? ਚੋਣਾਂ 'ਚ ਕੌਣ-ਕੌਣ ਉਮੀਦਵਾਰ ਹੋ ਸਕਦੇ ਹਨ? ਕਿਹੜੀ ਰਾਜਨੀਤਕ ਪਾਰਟੀ ਕਿਹੜਾ ਮੁੱਦਾ ਉਠਾ ਰਹੀ ਹੈ? ਇਸ ਬਾਰੇ ਚੁੰਝ ਚਰਚਾ ਔਨ-ਲਾਈਨ ਰੇਡੀਓ 'ਤੇ ਗੀਤ-ਸੰਗੀਤ ਦੇ ਪ੍ਰੋਗਰਾਮਾਂ ਦੇ ਨਾਲ ਉਥੇ ਹੁੰਦੀ ਹੀ ਰਹਿੰਦੀ ਹੈ। ਪਰਵਾਸੀ ਪੰਜਾਬੀ ਇਸ ਗੱਲ ਬਾਰੇ ਬੇਖੌਫ਼ ਚਰਚਾ ਕਰਦੇ ਹਨ ਕਿ ਪੰਜਾਬ ਦੇ ਅਗਲੇ ਹਾਕਮ ਕੌਣ ਹੋਣਗੇ ਅਤੇ ਹੋਣੇ ਚਾਹੀਦੇ ਹਨ? ਇਸੇ ਗੱਲ ਨੂੰ ਮੱਦੇ-ਨਜ਼ਰ ਰੱਖ ਕੇ ਇਹ ਪਰਵਾਸੀ ਪੰਜਾਬੀ ਆਪਣੇ ਹਰਮਨ-ਪਿਆਰੇ ਉਮੀਦਵਾਰਾਂ, ਰਾਜਨੀਤਕ ਪਾਰਟੀਆਂ ਨੂੰ ਭਰਪੂਰ ਸਮੱਰਥਨ (ਸਮੇਤ ਮਾਇਆ ਦੇ ਵੱਡੇ ਗੱਫ਼ਿਆਂ ਦੇ) ਦਿੰਦੇ ਹਨ। ਇਹੋ ਜਿਹਾ ਸਮੱਰਥਨ ਉਹਨਾਂ ਵੱਲੋਂ ਪੰਚਾਇਤ, ਬਲਾਕ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਅਤੇ ਲੋਕ ਸਭਾ ਚੋਣਾਂ ਵੇਲੇ ਵੀ ਦਿੱਤਾ ਗਿਆ ਸੀ ਅਤੇ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਵੀ ਉਨ੍ਹਾਂ ਆਪਣੇ ਚਹੇਤਿਆਂ ਨੂੰ ਜਿਤਾਉਣ ਲਈ ਪੂਰਾ ਟਿੱਲ ਲਾਇਆ ਸੀ।

ਇੱਕ ਸਵਾਲ, ਜੋ ਪੰਜਾਬ ਵੱਸਦੇ ਪੰਜਾਬੀਆਂ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਹੈ, ਉਹ ਇਹ ਕਿ ਇਹ ਪਰਵਾਸੀ ਪੰਜਾਬੀ ਆਪਣੇ ਚਹੇਤੇ ਉਮੀਦਵਾਰਾਂ ਨੂੰ ਮਾਇਆ ਵੀ ਦਿੰਦੇ ਹਨ, ਬੋਲਾਂ ਦਾ ਸਮੱਰਥਨ ਵੀ ਦਿੰਦੇ ਹਨ, ਕਦੇ-ਕਦਾਈਂ ਪੰਜਾਬ ਆ ਕੇ ਉਨ੍ਹਾਂ ਵਿੱਚੋਂ ਕੁਝ ਆਪਣੇ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ ਵੀ ਕਰਦੇ ਹਨ, ਪਰ ਇਨ੍ਹਾਂ ਚੋਣਾਂ 'ਚ 'ਵੋਟ' ਪਾਉਣ ਦਾ ਹੱਕ ਮਿਲਣ ਦੇ ਬਾਵਜੂਦ ਉਹ ਵੋਟਾਂ ਕਿਉਂ ਨਹੀਂ ਬਣਵਾਉਂਦੇ ਜਾਂ ਉਸ ਦੀ ਵਰਤੋਂ ਕਿਉਂ ਨਹੀਂ ਕਰਦੇ? ਦੂਜਾ ਇਹ ਕਿ ਸਭਨਾਂ ਪਾਰਟੀਆਂ ਦੇ ਨੇਤਾ ਪਰਵਾਸੀ ਪੰਜਾਬੀਆਂ ਦਾ ਹਰੇਕ ਕਿਸਮ ਦਾ ਸਮੱਰਥਨ ਵੀ ਲੈਂਦੇ ਹਨ, ਉਨ੍ਹਾਂ ਵੱਲੋਂ ਭੇਟ ਕੀਤੀਆਂ ਥੈਲੀਆਂ ਵੀ ਪ੍ਰਾਪਤ ਕਰਦੇ ਹਨ, ਉਨ੍ਹਾਂ ਦੀ ਪ੍ਰਸੰਸਾ ਵੀ ਕਰਦੇ ਹਨ, ਉਨ੍ਹਾਂ ਤੋਂ ਆਪਣੀ ਪ੍ਰਸੰਸਾ ਕਰਵਾਉਂਦੇ ਵੀ ਹਨ, ਪਰ ਉਨ੍ਹਾਂ ਦਾ ਵੋਟਰ ਫਾਰਮ ਭਰ ਕੇ, ਉਨ੍ਹਾਂ ਨੂੰ ਮਿਲਣ ਵਾਲਾ ਵੱਡਾ 'ਵੋਟ' ਦਾ ਹੱਕ ਦੁਆਉਣ ਲਈ ਉਪਰਾਲਾ ਆਖਿਰ ਕਿਉਂ ਨਹੀਂ ਕਰਦੇ? ਅਤੇ ਉਨ੍ਹਾਂ ਦੀਆਂ ਵੋਟਾਂ ਆਪਣੇ ਹੱਕ 'ਚ ਭਗਤਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ?

ਗ਼ਪੰਜਾਬ ਦੀਆਂ ਦੋ ਪ੍ਰਮੁੱਖ ਰਿਵਾਇਤੀ ਰਾਜਨੀਤਕ ਪਾਰਟੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਲੰਮਾ ਸਮਾਂ ਪਰਵਾਸੀ ਪੰਜਾਬੀਆਂ ਨੂੰ ਭਰਮਾਇਆ। ਉਨ੍ਹਾਂ ਦੇ ਦੁੱਖ, ਤਕਲੀਫ਼ਾਂ ਦੂਰ ਕਰਨ ਲਈ ਪਹਿਲਾਂ ਐੱਨ ਆਰ ਆਈ ਸਭਾ ਬਣਾਈ, ਉਨ੍ਹਾਂ ਦੀਆਂ ਜਾਇਦਾਦਾਂ, ਘਰ, ਪੈਸਾ-ਟਕਾ ਸੁਰੱਖਿਅਤ ਕਰਨ ਲਈ ਵੱਡੇ-ਵੱਡੇ ਵਚਨ ਕੀਤੇ, ਵਾਅਦੇ ਕੀਤੇ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੰਜਾਬੀ ਪਰਵਾਸੀਆਂ ਲਈ ਹਰ ਵਰ੍ਹੇ ਸੰਮੇਲਨ ਕਰਵਾਏ, ਕੁਝ ਚੋਣਵੇਂ ਚਹੇਤੇ ਪਰਵਾਸੀਆਂ ਨੂੰ ਸੱਦ ਕੇ ਸਰਕਾਰੀ ਕਾਰਾਂ 'ਚ ਹੂਟੇ ਦਿੱਤੇ, ਆਉ-ਭਗਤ ਕੀਤੀ, ਉਨ੍ਹਾਂ ਦੀਆਂ ਝੋਲੀਆਂ ਝੂਠੇ ਵਾਅਦਿਆਂ ਨਾਲ ਭਰੀਆਂ। 'ਇੱਕ ਵਿੰਡੋ' ਦੀ ਸੇਵਾ ਦੇਣ ਦੀ ਗੱਲ ਕਹਿ ਕੇ ਉਨ੍ਹਾਂ ਨੂੰ ਆਪਣੇ ਕਾਰੋਬਾਰ ਪੰਜਾਬ 'ਚ ਸ਼ੁਰੂ ਕਰਨ ਲਈ ਪ੍ਰੇਰਿਆ। ਸਹੂਲਤਾਂ ਦੇ ਸਬਜ਼ ਬਾਗ਼ ਦਿਖਾਏ, ਪਰ ਰਾਜਸੀ ਲੋਕਾਂ ਦੀ ਸਵਾਰਥੀ ਅਤੇ ਪੰਜਾਬ ਦੀ ਅਫ਼ਸਰਸ਼ਾਹੀ ਦੀ ਸੌੜੀ ਸੋਚ ਨੇ ਅਨੇਕ ਪਰਵਾਸੀ ਪੰਜਾਬੀਆਂ ਨੂੰ ਖੱਜਲ-ਖੁਆਰ ਕੀਤਾ। ਐੱਨ ਆਰ ਆਈ ਥਾਣੇ ਸਥਾਪਤ ਕੀਤੇ ਗਏ, ਪਰ ਪਰਵਾਸੀ ਇਨਸਾਫ਼ ਉਥੋਂ ਵੀ ਨਾ ਲੈ ਸਕੇ। ਐੱਨ ਆਰ ਆਈ ਕੋਰਟਾਂ ਦਾ ਗਠਨ ਹੋਇਆ, ਪਰ ਪਰਵਾਸੀ ਆਪਣੇ ਘਰਾਂ, ਦੁਕਾਨਾਂ, ਜਾਇਦਾਦਾਂ ਲਈ ਉਥੋਂ ਵੀ ਰਾਹਤ ਪ੍ਰਾਪਤ ਨਾ ਕਰ ਸਕੇ। ਉਹ ਭੂ-ਮਾਫੀਏ ਤੇ ਅਫ਼ਸਰਾਂ ਦੀ ਮਿਲੀ-ਭੁਗਤ ਦਾ ਸ਼ਿਕਾਰ ਹੋਏ। ਇੱਕ ਨਹੀਂ, ਹਜ਼ਾਰਾਂ ਪਰਵਾਸੀ ਆਪਣੇ ਘਰ ਗੁਆ ਬੈਠੇ, ਜਾਇਦਾਦਾਂ ਉਨ੍ਹਾਂ ਹੱਥੋਂ ਖੁੱਸ ਗਈਆਂ ਜਾਂ ਘੱਟ ਕੀਮਤ ਉੱਤੇ ਵੇਚਣ ਲਈ ਮਜਬੂਰ ਹੋ ਗਏ ਜਾਂ ਫਿਰ ਇਨਸਾਫ਼ ਪ੍ਰਾਪਤੀ ਲਈ ਜਦੋ-ਜਹਿਦ ਕਰਦਿਆਂ ਆਪਣੇ ਉੱਤੇ ਐੱਫ਼ ਆਰ ਆਈ ਦਰਜ ਕਰਾ ਬੈਠੇ।

ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਚੋਣ ਮੈਨੀਫੈਸਟੋ-2012 'ਚ ਦਰਜ ਕੀਤਾ ਸੀ ਕਿ ਉਸ ਦੀ ਸਰਕਾਰ ਬਣੀ ਤਾਂ ਐੱਨ ਆਰ ਆਈ ਕੋਰਟਾਂ ਰਾਹੀਂ ਪਰਵਾਸੀਆਂ ਨੂੰ ਤੇਜ਼ੀ ਨਾਲ ਇਨਸਾਫ਼ ਮਿਲੇਗਾ। ਉਨ੍ਹਾਂ ਟਰੈਵਲ ਏਜੰਟਾਂ, ਜੋ ਐੱਨ ਆਰ ਆਈ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਗੁੰਮਰਾਹ ਕਰਦੇ ਹਨ, ਵਿਰੁੱਧ ਸਖ਼ਤ ਕਾਰਵਾਈ ਕਰ ਕੇ ਉਨ੍ਹਾਂ ਨੂੰ ਇਨਸਾਫ਼ ਦੁਆਇਆ ਜਾਵੇਗਾ। ਹੈਰਾਨੀ ਦੀ ਗੱਲ ਹੈ ਕਿ 2014 ਤੱਕ ਹਰ ਸਾਲ ਪਰਵਾਸੀ ਸੰਮੇਲਨ ਕਰਾਉਣ ਵਾਲੀ ਪੰਜਾਬ ਦੀ ਮੌਜੂਦਾ ਸਰਕਾਰ ਨੇ ਪਰਵਾਸੀ ਸੰਮੇਲਨ ਬੰਦ ਕਰ ਦਿੱਤੇ, ਲੰਮੇ ਸਮੇਂ ਤੋਂ ਚੱਲ ਰਹੀ ਐੱਨ ਆਰ ਆਈ ਸਭਾ ਦੇ ਕੰਮ-ਕਾਰ ਨੂੰ ਲੱਗਭੱਗ ਠੱਪ ਕਰ ਕੇ ਰੱਖ ਦਿੱਤਾ ਅਤੇ ਉਸ ਦੀ ਦੋ ਸਾਲਾ ਚੋਣ ਹੀ ਨਾ ਹੋਣ ਦਿੱਤੀ। ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਪਰਵਾਸੀ ਪੰਜਾਬੀਆਂ ਨੇ ਆਪਣੇ ਕੰਮ ਨਾ ਹੋਣ, ਪੰਜਾਬ ਦੀ ਭੈੜੀ ਪ੍ਰਸ਼ਾਸਨਕ ਹਾਲਤ, ਮਾਫ਼ੀਏ ਦੇ ਰਾਜ ਅਤੇ ਹੋਰ ਸਮੱਸਿਆਵਾਂ ਤੋਂ ਔਖੇ ਹੋ ਕੇ ਆਮ ਆਦਮੀ ਪਾਰਟੀ ਨੂੰ 2014 ਵਿੱਚ ਪੰਜਾਬੀਆਂ ਨੂੰ ਵੋਟਾਂ ਪਾਉਣ ਲਈ ਅਜਿਹਾ ਪ੍ਰੇਰਿਆ ਕਿ ਮੌਕੇ ਦੀ ਸਰਕਾਰ ਨੂੰ ਵੱਡੀ ਗਿਣਤੀ ਵੋਟਾਂ ਤੋਂ ਹੱਥ ਧੋਣੇ ਪਏ। ਆਮ ਆਦਮੀ ਪਾਰਟੀ 30 ਫ਼ੀਸਦੀ ਵੋਟਾਂ ਲੈ ਕੇ 4 ਲੋਕ ਸਭਾ ਸੀਟਾਂ ਜਿੱਤ ਗਈ। ਮੌਕੇ ਦੀ ਸਰਕਾਰ ਨੇ ਪਰਵਾਸੀਆਂ ਲਈ ਜਾਰੀ ਚੋਣ ਮਨੋਰਥ-ਪੱਤਰ ਤੋਂ ਮੁੱਖ ਮੋੜ ਕੇ ਉਨ੍ਹਾਂ ਦੀ ਸਾਰ ਲੈਣੀ ਹੀ ਛੱਡ ਦਿੱਤੀ। ਇਹੋ ਜਿਹਾ ਵਤੀਰਾ ਹੀ ਪੰਜਾਬ ਦੀ ਕਾਂਗਰਸ ਵੱਲੋਂ ਪਰਵਾਸੀਆਂ ਨਾਲ ਪਹਿਲੀਆਂ 'ਚ ਕੀਤਾ ਗਿਆ, ਜਿਸ ਦੇ ਮੁੱਖ ਮੰਤਰੀ ਨੇ ਪਹਿਲਾਂ ਐੱਨ ਆਰ ਆਈ ਸਭਾ ਦਾ ਗਠਨ ਕਰਵਾਇਆ, ਪਰ ਮੁੜ ਕੇ ਉਸ ਸਭਾ ਦੇ ਵਿਹੜੇ ਪੈਰ ਹੀ ਨਾ ਪਾਇਆ, ਉਨ੍ਹਾਂ ਦੀਆਂ ਸਮੱਸਿਆਵਾਂ, ਔਖਿਆਈਆਂ ਦਾ ਹੱਲ ਤਾਂ ਕੀ ਕੱਢਣਾ ਸੀ। ਕਾਂਗਰਸ, ਅਕਾਲੀ ਦਲ ਅਤੇ ਹੋਰ ਰਾਜਨੀਤਕ ਪਾਰਟੀਆਂ ਦੇ ਨੇਤਾ ਵਲੈਤ ਦੀ ਸੈਰ ਕਰਦੇ ਰਹੇ; ਕੈਨੇਡਾ, ਅਮਰੀਕਾ ਜਾ ਕੇ ਪਰਵਾਸੀਆਂ ਤੋਂ ਸੇਵਾ ਕਰਵਾਉਂਦੇ ਰਹੇ; ਮਹਿੰਗੇ ਤੋਹਫ਼ੇ, ਡਾਲਰ, ਪੌਂਡ, ਯੂਰੋ ਨਾਲ ਜੇਬਾਂ ਭਰਦੇ ਰਹੇ, ਉਨ੍ਹਾਂ ਨਾਲ ਕਾਰੋਬਾਰ ਦੀਆਂ ਸਾਂਝਾਂ ਪਾਉਣ ਦੇ ਲਾਰੇ ਲਾਉਂਦੇ ਰਹੇ, ਆਪਣੇ ਬੱਚਿਆਂ ਨੂੰ ਵਿਦੇਸ਼ 'ਚ ਸੈਟਲ ਕਰਨ-ਕਰਾਉਣ ਲਈ ਉਨ੍ਹਾਂ ਦੀ ਸਹਾਇਤਾ ਵੀ ਲੈਂਦੇ ਰਹੇ, ਪਰ ਉਨ੍ਹਾਂ ਦੇ ਪੱਲੇ ਕਿਸੇ ਵੀ ਨੇਤਾ ਨੇ ਕੁਝ ਨਹੀਂ ਪਾਇਆ। ਹਾਂ, ਕੁਝ ਇੱਕ ਉਨ੍ਹਾਂ ਗ਼ਲਤ ਪਰਵਾਸੀ ਪੰਜਾਬੀਆਂ ਦੀ ਸਹਾਇਤਾ ਉਹ ਆਪਣੇ ਹਿੱਤਾਂ ਦੀ ਪੂਰਤੀ ਲਈ ਕਰਦੇ ਹਨ, ਜਿਹੜੇ ਕਈ ਹਾਲਤਾਂ 'ਚ ਗ਼ਲਤ, ਅਪਰਾਧਿਕ ਕੰਮ ਕਰ ਕੇ ਪੰਜਾਬੋਂ ਭਗੌੜੇ ਹੋਏ ਵਿਦੇਸ਼ਾਂ ਵਿੱਚ ਸ਼ਰਨ ਲਈ ਬੈਠੇ ਹਨ, ਨੇਤਾਵਾਂ ਦੀ ਹਜ਼ੂਰੀ 'ਚ ਸੱਭੋ ਕੁਝ ਭੇਟ ਕਰਨ ਲਈ ਤੱਤਪਰ ਦਿੱਸਦੇ ਹਨ। ਇਹੋ ਜਿਹੇ ਲੋਕ ਪੰਜਾਬ ਦੇ ਅਫ਼ਸਰਾਂ, ਨੇਤਾਵਾਂ ਨਾਲ ਉਨ੍ਹਾਂ ਦੀ ਵਿਦੇਸ਼ ਫੇਰੀ ਸਮੇਂ ਨੇੜਤਾ ਵਧਾਉਣ ਲਈ ਹਰ ਹੀਲਾ ਵਰਤਦੇ ਹਨ।

ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਤੇ 2014 ਦੀਆਂ ਲੋਕ ਸਭਾ ਚੋਣਾਂ 'ਚ ਜਿੱਤ ਲਈ ਪਰਵਾਸੀ ਪੰਜਾਬੀਆਂ ਦਾ ਵੱਡਾ ਪ੍ਰਭਾਵ ਦੇਖਣ ਨੂੰ ਮਿਲਿਆ ਸੀ। ਦੋਵਾਂ ਰਿਵਾਇਤੀ ਪਾਰਟੀਆਂ ਤੋਂ ਕਿਨਾਰਾ ਕਰ ਕੇ ਪਰਵਾਸੀਆਂ ਨੇ ਤੀਜੀ ਧਿਰ ਨੂੰ ਪੰਜਾਬ ਦੀ ਹਾਕਮ ਬਣਨ ਲਈ ਉਤਸ਼ਾਹਤ ਕੀਤਾ, ਕਿਉਂਕਿ ਪਰਵਾਸੀ ਪੰਜਾਬੀਆਂ ਦਾ ਸੂਬੇ ਵਿੱਚ, ਖ਼ਾਸ ਕਰ ਕੇ ਪੇਂਡੂ ਖੇਤਰ ਵਿੱਚ, ਡਾਲਰਾਂ-ਪੌਂਡਾਂ ਦੇ ਲਿਸ਼ਕਾਰੇ ਕਾਰਨ ਵੱਡਾ ਪ੍ਰਭਾਵ ਹੈ। ਉਂਜ ਵੀ ਪੰਜਾਬ ਦੀ ਪਰਵਾਸੀ ਆਬਾਦੀ ਦਾ ਵੱਡਾ ਹਿੱਸਾ ਪੰਜਾਬ ਤੋਂ ਬਾਹਰ ਬੈਠਿਆਂ ਵੀ ਆਪਣੀ ਜਨਮ ਭੂਮੀ 'ਚ ਆਪਣਾ ਟੌਹਰ-ਟੱਪਾ ਬਣਾਈ ਰੱਖਣ ਲਈ ਤੱਤਪਰ ਦਿੱਸਦਾ ਹੈ।

ਲੰਮੇ ਸਮੇਂ ਤੋਂ ਪੰਜਾਬੀ ਵਿਦੇਸ਼ਾਂ 'ਚ ਵੱਸ ਰਹੇ ਹਨ। ਬਹੁਤੇ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ ਗਏ। ਪੜ੍ਹਾਈ ਕਰਨ ਵਾਲੇ ਪੰਜਾਬੀ ਪਾੜ੍ਹੇ ਕੋਈ ਨਾ ਕੋਈ ਹੀਲਾ-ਵਸੀਲਾ ਵਰਤ ਕੇ ਵਿਦੇਸ਼ੀ ਧਰਤੀ ਉੱਤੇ ਗਏ ਅਤੇ ਮੁੜ ਉਥੋਂ ਦੇ ਹੀ ਹੋ ਕੇ ਰਹਿ ਗਏ। ਇਹੋ ਹਾਲ ਰੁਜ਼ਗਾਰ ਲਈ ਗਏ ਪੰਜਾਬੀਆਂ ਦਾ ਹੋਇਆ। ਬਹੁਤ ਘੱਟ ਪੰਜਾਬੀ ਵਿਦੇਸ਼ਾਂ 'ਚ ਜੀਅ ਨਾ ਲੱਗਣ ਕਾਰਨ ਜਾਂ ਆਪਣੀ ਧਰਤੀ ਦੇ ਮੋਹ ਕਾਰਨ ਮੁੜ ਪੰਜਾਬ ਪਰਤੇ। ਬਹੁਤੇ ਵਿਦੇਸ਼ ਗਏ ਤੇ ਮੁੜ ਉਥੋਂ ਦੇ ਹੀ ਹੋ ਕੇ ਰਹਿ ਗਏ, ਪਰ ਪੰਜਾਬ ਨਾਲ ਮੋਹ ਪਰਵਾਸੀ ਪੰਜਾਬੀਆਂ ਦਾ ਕਦੇ ਵੀ ਘਟਿਆ, ਮੁੱਕਿਆ ਨਹੀਂ। ਉਹ ਵਿਦੇਸ਼ ਰਹਿੰਦੇ ਵੀ ਪੰਜਾਬ ਵਿਚਲੇ ਆਪਣੇ ਘਰਾਂ, ਪਿੰਡਾਂ, ਸ਼ਹਿਰਾਂ ਦੀਆਂ ਗਲੀਆਂ 'ਚ ਵਿਚਰਦੇ ਆਪਣੇ ਆਪ ਨੂੰ ਮਹਿਸੂਸ ਕਰਦੇ ਹਨ। ਤਦੇ ਉਨ੍ਹਾਂ ਵਿੱਚੋਂ ਬਹੁਤੇ ਪਿੰਡ, ਸ਼ਹਿਰ, ਗਲੀ-ਮੁਹੱਲੇ 'ਚ ਜਾਂ ਆਪਣੇ ਪਿੱਛੇ ਰਹਿੰਦੇ ਪਰਵਾਰਾਂ 'ਚ ਵਾਪਰਦੀ ਹਰ ਘਟਨਾ ਪ੍ਰਤੀ ਜਾਣੂੰ ਰਹਿੰਦੇ ਹਨ : ਕੁਝ ਖ਼ਬਰਾਂ ਪੜ੍ਹ ਕੇ, ਕੁਝ ਰੇਡੀਓ, ਟੀ ਵੀ ਸੁਣ ਕੇ ਅਤੇ ਬਹੁਤੇ ਟੈਲੀਫੋਨਾਂ, ਮੋਬਾਈਲਾਂ ਉੱਤੇ ਮਿੰਟੋ-ਮਿੰਟੀ ਸੰਪਰਕ ਕਰ ਕੇ।

ਇਸ ਵੇਰ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਰਵਾਸੀ ਪੰਜਾਬੀਆਂ ਨੂੰ ਰਿਝਾਉਣ ਅਤੇ ਉਨ੍ਹਾਂ ਦੇ ਵੋਟ ਤੇ ਨੋਟ ਪ੍ਰਾਪਤ ਕਰਨ ਲਈ ਨੇਤਾਵਾਂ ਵੱਲੋਂ ਵਿਦੇਸ਼ੀ ਦੌਰੇ ਆਰੰਭੇ ਗਏ ਹੋਏ ਹਨ। ਇਨ੍ਹਾਂ ਨੇਤਾਵਾਂ ਵੱਲੋਂ ਪਰਵਾਸੀਆਂ ਨੂੰ ਸਬਜ਼ ਬਾਗ਼ ਦਿਖਾਏ ਜਾ ਰਹੇ ਹਨ। ਕੁਝ ਪਰਵਾਸੀ ਪੰਜਾਬੀ ਨੇਤਾ ਪੰਜਾਬ ਦੀ ਧਰਤੀ ਦੇ ਇਨ੍ਹਾਂ 'ਮਹਾਨ ਨੇਤਾਵਾਂ' ਦਾ ਸੱਚ ਜਾਣੇ ਬਿਨਾਂ ਅਤੇ ਪੰਜਾਬ ਦੀ ਧਰਤੀ ਦੀਆਂ ਸਮੱਸਿਆਵਾਂ ਨੂੰ ਪਰਖੇ ਬਿਨਾਂ ਜਜ਼ਬਾਤ 'ਚ ਆ ਕੇ ਇਨ੍ਹਾਂ ਨੇਤਾਵਾਂ ਨੂੰ ਸ਼ਾਬਾਸ਼ੀ, ਸਮੱਰਥਨ ਦੇਣ ਲਈ ਕਾਹਲੇ ਦਿੱਖਦੇ ਹਨ।

ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਵੱਡੀਆਂ ਹਨ। ਉਨ੍ਹਾਂ ਦੇ ਮਸਲੇ ਵੀ ਵੱਡੇ ਅਤੇ ਅਣਗਿਣਤ ਹਨ। ਪੰਜਾਬ ਫੇਰੀ ਦੌਰਾਨ ਉਨ੍ਹਾਂ ਦੀ ਤੇ ਉਨ੍ਹਾਂ ਦੇ ਪਰਵਾਰਾਂ ਦੀ ਸੁਰੱਖਿਆ ਵੱਡਾ ਮਸਲਾ ਰਹਿੰਦਾ ਹੈ। ਹਵਾਈ ਅੱਡਿਆਂ 'ਤੇ ਉਨ੍ਹਾਂ ਦੀ ਲੁੱਟ ਅਤੇ ਮਾਨਸਿਕ ਪ੍ਰੇਸ਼ਾਨੀ ਉਨ੍ਹਾਂ 'ਚ ਦੇਸ਼ ਪ੍ਰਤੀ ਘ੍ਰਿਣਾ ਦੇ ਭਾਵ ਪੈਦਾ ਕਰਦੀ ਹੈ। ਦੇਸ਼ ਵਿੱਚ ਉਨ੍ਹਾਂ ਦੀ ਜਾਇਦਾਦ, ਘਰ, ਪੈਸਾ ਆਪਣਿਆਂ ਅਤੇ ਬਾਹਰਲਿਆਂ ਵੱਲੋਂ ਖੁਰਦ-ਬੁਰਦ ਕੀਤੇ ਜਾਣ ਦਾ ਡਰ ਉਨ੍ਹਾਂ ਨੂੰ ਲਗਾਤਾਰ ਸਤਾਉਂਦਾ ਹੈ। ਇਸ ਸਭ ਕੁਝ ਦੇ ਬਾਵਜੂਦ ਉਹ ਆਪਣੇ ਪੰਜਾਬ ਪ੍ਰਤੀ ਮੋਹ ਕਾਰਨ ਇਸ ਨੂੰ ਹੱਸਦਾ, ਵੱਸਦਾ, ਰਸਦਾ ਵੇਖਣਾ ਲੋੜਦੇ ਰਹਿੰਦੇ ਹਨ ਅਤੇ ਇਸ ਦੀ ਖ਼ੈਰ ਮੰਗਦੇ ਹਨ।

ਲੋੜ ਇਸ ਗੱਲ ਦੀ ਹੈ ਕਿ ਪਰਵਾਸੀ ਪੰਜਾਬੀ, ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਸਮਝਦਿਆਂ, ਨੇਤਾਵਾਂ ਵੱਲੋਂ ਪਰਵਾਸੀਆਂ ਲਈ ਕੀਤੇ ਵਾਅਦਿਆਂ ਨੂੰ ਪਰਖਣ ਦੇ ਨਾਲ-ਨਾਲ, ਆਪਣੇ ਸਰੀਰ ਦੇ 'ਅੱਧ' ਆਪਣੇ ਪਿਛਲੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਉਨ੍ਹਾਂ ਦੇ ਚੋਣ ਮਨੋਰਥ-ਪੱਤਰਾਂ ਦਾ ਸੱਚ ਪਰਖਣ। ਉਨ੍ਹਾਂ ਵਾਅਦਿਆਂ ਨੂੰ ਵੀ ਵੇਖਣ, ਜਿਹੜੇ ਪੰਜਾਬ ਵਾਸੀਆਂ ਨੂੰ ਪਿਛਲੇ ਕਈ ਦਹਾਕਿਆਂ ਤੋਂ ਰਾਜਨੀਤਕ ਲੋਕ ਦੇ ਰਹੇ ਹਨ। ਕਿਧਰੇ ਇੰਜ ਨਾ ਹੋਵੇ ਕਿ ਪਰਵਾਸੀ ਪੰਜਾਬੀ ਆਉਣ ਵਾਲੀ ਚੋਣ ਸਮੇਂ ਉਨ੍ਹਾਂ ਵੱਲੋਂ ਦਿੱਤੀ ਪੰਜਾਬੀਆਂ ਨੂੰ ਸਲਾਹ ਨਾਲ ਠੱਗੇ ਜਾਣ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਪਰਵਾਸੀ ਪੰਜਾਬੀਆਂ ਲਈ ਮਨੋਰਥ-ਪੱਤਰਾਂ 'ਚ ਦਿੱਤੇ ਜਾਣ ਵਾਲੇ ਵਾਅਦੇ ਵੀ ਛਲਾਵਾ ਬਣ ਕੇ ਰਹਿ ਜਾਣ।

# ਕਿੱਥੇ ਗਏ ਬਾਤਾਂ ਸੁਨਾਉਣ ਵਾਲ਼ੇ ਉਹ ਬਾਬੇ

ਬਲਵੀਰ ਮੰਨਣ
ਰਿਸਰਚ ਸਕਾਲਰ (ਪੰਜਾਬੀ ਵਿਭਾਗ)
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ
ਫਗਵਾੜਾ। 91-94173-45485



ਸਮਾਂ ਬਦਲ ਗਿਆ। ਲੋਕ ਬਦਲ ਗਏ।ਇਸ ਬਦਲਾਅ ਦਾ ਵਾਪਰਨਾ ਇਨ੍ਹਾਂ (ਸਮਾਂ ਅਤੇ ਲੋਕਾਂ) ਵਿੱਚੋਂ ਕਿਸੇ ਇੱਕ ਜਣੇ ਦੇ ਕੀਤੇ ਦਾ ਸਿੱਟਾ ਨਹੀਂ, ਇਨ੍ਹਾਂ ਦੋਹਾਂ ਨੇ ਰਲ਼ ਕੇ ਇੱਕ ਦੂਜੇ ਨੂੰ ਬਦਲਿਆ ਹੈ ਕਿਉਂਕਿ ਤਾੜੀ ਕਦੇ ਇੱਕ ਹੱਥ ਨਾਲ ਨਹੀਂ ਵੱਜਦੀ।ਪਤਾ ਨਹੀਂ ਇਹਨਾਂ ਦੋਹਾਂ ਦਾ ਰਲਣਾ ਇੱਕ ਸਾਂਝੇ ਮੰਤਵ (ਬਦਲਾਅ) ਹਿੱਤ ਸੀ ਜਾਂ ਇੱਕ ਦੂਜੇ ਦੇ ਵਿਰੋਧ ਲਈ ਇਹ ਇਕੱਠੇ ਹੋਏ ਸਨ ਜਿਸ ਦਾ ਇਵਜ਼ਾਨਾ ਅੱਜ ਅਸੀਂ ਆਪਣਾ ਬਹੁਤ ਕੁਝ, ਮੌਲਿਕ ਤੇ ਨਰੋਆ, ਗੁਆ ਕੇ ਭੁਗਤ ਰਹੇ ਹਾਂ।

ਸਿਆਲ਼ਾਂ ਦੀਆਂ ਰਾਤਾਂ ਲੰਬੀਆਂ, ਠੰਢੀਆਂ। ਗਰਮੀਆਂ ਦੀਆਂ ਰਾਤਾਂ, ਛੋਟੀਆਂ ਪਰ ਉਹ ਵੀ ਗਰਮ ਨਹੀਂ, ਸੀਤ ਜਹੀਆਂ। ਪਿੰਡਾਂ ਦੇ ਬਾਸ਼ਿੰਦਿਆਂ ਨੇ ਇੱਕ ਥਾਂ ਰਲ਼ ਕੇ ਬੈਠਣਾ, ਕਿਸੇ ਅਨੁਭਵੀ ਬਜ਼ੁਰਗ ਕੋਲ਼ੋਂ ਬਾਤ ਸੁਣਨ ਹਿੱਤ। ਰਾਤ ਮੁੱਕ ਜਾਣੀ ਪਰ ਬਾਤ ਨਾ ਮੁੱਕਣੀ। ਕਹਾਣੀਆਂ ਉਹੀ ਜਿਹੜੀਆਂ ਹੁਣ ਅਸੀਂ ਇੱਕ-ਦੋ, ਚਾਰ ਸਫ਼ਿਆਂ ਵਿੱਚ ਲਿਖ ਲੈਂਦੇ ਜਾਂ ਪੜ੍ਹ ਲੈਂਦੇ ਹਾਂ।

ਵਿਸ਼ਾ-ਵਸਤੂ ਉਹੀ ਪਰ ਸੁਹਾਵਣਾ ਢੰਗ, ਸੁਨਾਉਣ ਦਾ; ਬੜਾ ਕੁਝ ਅਧਿਆਤਮ ਦਾ, ਜੀਵਨ ਦੇ ਮਿੱਠੇ-ਕੌੜੇ ਸਾਰ ਦਾ, ਕਾਵਿ ਦਾ, ਵਿਅੰਗ ਦਾ। ਇਹ ਸਾਰਾ ਕੁਝ ਰਲ਼ ਕੇ, ਸਮੇਤ ਸੁਨਾਉਣ ਵਾਲ਼ੇ ਦੀ ਆਪਣੀ ਸ਼ੈਲੀ, ਸੁਨਾਉਣ ਲੱਗੇ ਉਸਦੀਆਂ ਸਰੀਰਕ ਉਡਾਣਾਂ; ਸਭ ਕਮਾਲ ਹੁੰਦੀਆਂ। ਬੱਸ ਉਨ੍ਹਾਂ ਨੂੰ ਲੋੜੀਂਦਾ ਸੀ ਤਾਂ ਬਾਤ ਸੁਣਨ ਵਾਲੇ ਦਾ ਹੁੰਘਾਰਾ।ਬਾਤ ਨੂੰ ਸੁਨਾਉਣ ਦੇ ਢੰਗ ਵਿੱਚ ਏਨੀ ਜਾਨ ਹੁੰਦੀ ਸੀ ਕਿ ਘਰ ਵਿੱਚ ਮਾਂ, ਭੈਣ ਜਾਂ ਘਰ-ਵਾਲੀ ਦੀ ਥਾਲੀ ਵਿੱਚ ਪਾ ਕੇ ਰੱਖੀ ਰੋਟੀ ਠੰਢੀ ਹੋ ਜਾਣੀ।ਪਰ ਬਾਤ ਸੁਨਾਉਣ ਵਾਲ਼ੇ ਦੀ ਗੱਲ ਵਿੱਚੋਂ ਜੋ ਰਸ ਮਿਲਦਾ ਸੀ ਉਹ ਰੋਟੀ ਦੀ ਭੁੱਖ ਵੀ ਭੁਲਾ ਦਿੰਦਾ ਸੀ। ਜਦੋਂ ਇੱਕ-ਡੇਢ ਵਜੇ ਘਰ ਦਾ ਕੁੰਡਾ ਖੜਕਾਉਣਾ ਤਾਂ ਘਰੋਂ ਝਿੜਕਾਂ ਪੈਣੀਆਂ, ਉਕਿੱਥੇ ਸੀ ਹੁਣ ਤੱਕ?"

"ਬੱਸ ਮੈਂ ਏਥੇ ਫ਼ਲਾਣਿਆਂ ਦੇ ਘਰ ਬੈਠਾ ਸੀ।" ਟਿਕੀ ਹੋਈ ਰਾਤ ਵਿੱਚ ਕਿਸੇ ਖਿੜ-ਖੱਪ ਨੂੰ ਪੈਦਾ ਹੋਣ ਤੋਂ ਪਹਿਲਾਂ ਹੀ ਦਰੜ ਦੇਣ ਦੇ ਨਜ਼ਰੀਏ ਤੋਂ ਬੇ-ਜੋਸ਼ੀ ਜਹੀ ਜ਼ੁਬਾਨ ਵਿੱਚ ਆਖਣਾ। ਫਿਰ ਮੰਜੇ 'ਤੇ ਮੂੰਹ ਸਿਰ ਲਪੇਟ ਕੇ ਪੈ ਜਾਣਾ।ਅੱਖ ਲਗਦੇ ਸਾਰ ਨੂੰ ਸਵੇਰਾ ਹੋ ਜਾਣਾ, ਚਿੜੀਆਂ ਨੇ ਬੋਲ ਪੈਣਾ, ਕਾਂ ਬੋਲਦੇ। ਫੇਰ ਕੰਮ ਦੀ ਤਿਆਰੀ। ਵਿਹਲ ਕਿੱਥੇ, ਤੇ ਥਕਾਵਟ ਵੀ ਕਿੱਥੇ? ਉਹ ਬਾਤਾਂ ਸੁਨਾਉਣ ਵਾਲ਼ੇ ਬਾਬੇ ਬੜੇ ਮਾਣਮੱਤੇ ਹੋਇਆ ਕਰਦੇ ਸਨ ਜਿਨ੍ਹਾਂ ਨੇ, ਖ਼ੁਦ, ਜੀਵਨ ਨੂੰ ਜੀਵਿਆ ਹੁੰਦਾ ਸੀ, ਜ਼ਿੰਦਗੀ ਦੇ ਲੰਮੇ ਵਕਫ਼ੇ ਵਿੱਚੋਂ ਕੁਝ ਸਾਰ ਕੱਢਿਆ ਹੁੰਦਾ ਸੀ, ਪੀਤਾ ਹੁੰਦਾ ਸੀ।

ਉਹ ਸਾਦੇ ਜਹੇ ਸਰੀਰਾਂ ਵਾਲ਼ੇ, ਸਾਦੀਆਂ ਜਹੀਆਂ ਪਗੜੀਆਂ ਵਾਲ਼ੇ, ਹਸਮੁਖ ਬੰਦੇ; ਉਨ੍ਹਾਂ ਕੋਲ਼ ਬਹਿਣਾ ਹਰਿਕ ਨੂੰ ਚੰਗਾ-ਚੰਗਾ ਲੱਗਦਾ ਸੀ। ਦਿਲ ਵਿੱਚ ਹੁੰਦਾ ਸੀ, ਕੁਝ ਸੁਣਿਆ ਜਾਵੇ ਉਨ੍ਹਾਂ ਕੋਲ਼ੋਂ, ਕੁਝ ਸਿੱਖਿਆ ਜਾਵੇ ਉਨ੍ਹਾਂ ਤੋਂ; ਬੋਲੀ ਵਿੱਚ ਮਿਠਾਸ, ਵਿਵਹਾਰ ਦੀ ਪੂਰੀ ਸਮਝ ਰੱਖਣ ਵਾਲੇ ਉਹ ਪੰਜਾਬੀ ਵਿਰਸੇ ਦੇ ਅਲੰਬਰਦਾਰ ਸਰੀਰ।

ਅਸੀਂ ਕਦ ਸਾਂਭਿਆ ਹੈ ਆਪਣਾ ਵਿਰਸਾ? ਲੁਕ-ਛਿਪ ਗਏ ਉਹ ਬਾਬੇ। ਪਤਾ ਨਹੀਂ ਕਿਧਰੇ ਹਵਾ ਵਿੱਚ ਹੀ ਰਚ-ਮਿਚ ਗਏ।ਹੁਣ ਉਹ ਕੁਝ ਕਿਸੇ ਕੋਲ ਕਿੱਥੇ? ਉਨ੍ਹਾਂ ਦੇ ਬਾਤਾਂ ਸੁਨਾਉਣ ਦੇ ਢੰਗ ਅਲਹਿਦਾ ਸਨ, ਉਨ੍ਹਾਂ ਦੀਆਂ ਯਾਦਦਾਸ਼ਤਾਂ ਕਮਾਲ ਸਨ, ਉਨ੍ਹਾਂ ਦਾ ਵਿਸ਼ੇ ਨੂੰ ਬਿਆਨ ਕਰਦਿਆਂ ਪੂਰਾ ਮਾਹੌਲ ਸਾਹਮਣੇ ਲਿਆ ਖੜ੍ਹਾ ਕਰਨਾ ਬੇਜੋੜ ਸੀ। ਉਨ੍ਹਾਂ ਖ਼ੁਦ ਵੀ ਇਹ ਕਿਸਬ ਬੜੀ ਕਰੜੀ ਘਾਲਣਾ ਨਾਲ਼ ਹਾਸਲ ਕੀਤੇ ਸਨ।ਘਰਦਿਆਂ ਦੀਆਂ, ਘਰ ਵਾਲ਼ੀਆਂ ਦੀਆਂ, ਗੱਲਾਂ ਸੁਣੀਆਂ ਸਨ, ਗਾਲ਼੍ਹਾਂ ਖਾਧੀਆਂ ਸਨ। ਲੰਮੀ ਘਾਲਣਾ ਪਿੱਛੋਂ ਹੁਣ ਉਨ੍ਹਾਂ ਲਾਗੇ ਲੋਕ ਜੁੜਦੇ ਸਨ, ਲੋਕ ਉਨ੍ਹਾਂ ਨੂੰ ਸੁਣਦੇ ਸਨ। ਬਾਤਾਂ ਸੁਣ ਕੇ, ਸੁਣਾ ਕੇ, ਸੁਨਾਉਣ ਦੀ ਮੁਹਾਰਤ ਹੌਲ਼ੀ-ਹੌਲ਼ੀ ਪੱਕੀ ਹੋ ਜਾਂਦੀ ਸੀ।

ਕਿਸੇ ਮਰਗ ਤੋਂ ਬਾਅਦ, ਜਦੋਂ ਘਰ ਦੇ ਜੀਅ ਕਈ ਦਿਨ ਥੱਲੇ ਹੀ ਸੌਂਦੇ ਅਤੇ ਦਰੀਆਂ ਵਿਛੀਆਂ ਰਹਿੰਦੀਆਂ, ਘਰ ਦਾ ਮਾਹੌਲ ਸੋਗਮਈ ਹੋਣਾ ਤਾਂ ਉਨ੍ਹਾਂ ਬਾਤਾਂ ਸੁਨਾਉਣ ਵਾਲ਼ੇ ਬਾਬਿਆਂ ਨੇ ਆਪਣੀਆਂ ਅਨੁਭਵੀ ਵਾਰਤਾਂ ਨਾਲ਼ ਸਭ ਦੀ ਢਾਰਸ ਬਨ੍ਹਾਉਣੀ। ਅੱਜ ਹੋਰ, ਕੱਲ੍ਹ ਹੋਰ, ਘਰ ਦੇ ਜੀਆਂ ਦਾ ਮਨ ਸੋਗ ਦੀਆਂ, ਦੁੱਖ ਦੀਆਂ ਲਹਿਰਾਂ ਤੋਂ ਬਾਹਰ ਆ ਜਾਣਾ। ਜੇਕਰ ਕਿਸੇ ਦਿਨ ਅਜਿਹੇ ਬਾਬਿਆਂ ਨੇ ਨਾ ਆ ਪਾਉਣਾ ਤਾਂ ਦੋ-ਤਿੰਨ ਮੁੰਡਿਆਂ ਨੇ ਉਨ੍ਹਾਂ ਨੂੰ ਜਾ ਕੇ ਲੈ ਆਉਣਾ। ਉਹ ਆਇਆਂ ਹੋਇਆਂ ਨੂੰ ਮੋੜਦੇ ਨਹੀਂ ਸਨ।ਉੱਠ ਕੇ ਉਨ੍ਹਾਂ ਦੇ ਨਾਲ ਤੁਰ ਪੈਂਦੇ। ਅਸੀਂ ਪੁਰਾਣੇ ਲੋਕਾਂ ਨੂੰ ਵਿਹਲੇ ਸਮਝਣ ਦੀ ਭੁੱਲ ਕਰਦੇ ਹਾਂ। ਉਹ ਵਿਹਲੇ ਕਦ ਸਨ। ਸਾਰਾ ਕੰਮ ਉਹ ਹੱਥੀਂ ਕਰਦੇ, ਛੋਟੇ ਤੋਂ ਛੋਟਾ ਵੀ; ਸਾਰਾ ਦਿਨ ਮਿੱਟੀ ਤੇ ਪਸ਼ੂਆਂ ਨਾਲ ਇੱਕ-ਮਿੱਕ।ਪਸ਼ੂਆਂ ਦੀ ਦੇਖ-ਭਾਲ ਤੋਂ ਕੀ ਕਦੇ ਇੱਕ ਦਿਨ ਵੀ ਪਾਸੇ ਹੋ ਜਾਇਆ ਸਕਦਾ ਸੀ?

ਪਰ ਹਾਂ, ਉਹ ਜ਼ਿੰਦਗੀ ਜਿਊਂਦੇ ਸਨ।ਤਾਂ ਹੀ ਤਾਂ ਸਾਨੂੰ ਉਹ ਵਿਹਲੇ ਪ੍ਰਤੀਤ ਹੁੰਦੇ ਹਨ, ਹੱਸਦੇ-ਖੇਡਦੇ, ਖ਼ੁਸ਼-ਖ਼ੁਸ਼। ਪਰ ਅਸੀਂ, ਅੱਜ ਵਿਹਲੇ ਹੁੰਦੇ ਹੋਏ ਵੀ ਹਰ ਵੇਲ਼ੇ ਵਿਅਸਤ ਹਾਂ। ਹਾਂ, ਕੇਵਲ ਵਿਅਸਤ ਨਹੀਂ, ਅਸਤ-ਵਿਅਸਤ। ਦਿਮਾਗ਼ ਦੇ ਪੱਧਰ 'ਤੇ ਹਰ ਵੇਲ਼ੇ ਉਧੇੜ-ਬੁਣ ਵਿੱਚ ਰੁੱਝੇ ਹੋਏ। ਸੌਂਦੇ-ਜਾਗਦੇ ਹਰ ਵੇਲੇ ਨੱਠੇ ਭੱਜੇ ਫਿਰਦੇ ਹਾਂ। ਅਜਿਹੀ ਨੱਠ-ਭੱਜ ਵਿੱਚ ਜਿਊਣਾ ਤਾਂ ਕਿਤੇ ਪਿੱਛੇ ਰਹਿ ਗਿਆ। ਹਾਸੇ ਤਾਂ ਕਿਤੇ ਪਿੱਛੇ ਹੀ ਛੁੱਟ ਗਏ। ਸੋਚਣਾ ਪੈਂਦਾ ਹੈ ਕਿ ਪਿਛਲੀ ਵਾਰ ਅਸੀਂ ਕਦੋਂ ਹੱਸੇ ਸੀ!

# Shri Guru Ravidass Temple Selma (California)

## 2650 Blaine Avenue, Selma, CA. 93662



ਗੁਰੂ ਘਰ ਦਾ ਫੋਨ ਨੰਬਰ
1-559-891-8286

ਪ੍ਰੋਗਰਾਮ ਦਾ ਸਮਾਂ
ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ



ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਪੁਰਬ 27 ਨਵੰਬਰ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ (ਕੈਲੇਫੋਰਨੀਆ) ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ 27 ਨਵੰਬਰ ਨੂੰ ਗੁਰੂ ਘਰ ਵਿਖੇ ਹਾਜ਼ਰੀਆਂ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰੋਗਰਾਮ ਦੀ ਸੇਵਾ/ਸਪਾਂਸਰਸ਼ਿਪ
ਸਵਰਗੀ ਸ੍ਰੀ ਸੰਤ ਰਾਮ ਨਰ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਜਾਵੇਗੀ

**Salinder Narr**
**S. N. TRANSPORT**
**1326. SARAH. ST SELMA, CA 93663**



# L.A. MERCHANDISE

## Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991
530-671-0439, Fax 530-822-0439 Cell- 530-844-3250



# TANDOOR

## Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



# AAA

## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hay-ward, CA 94544



Harmandeep Singh

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਤੇ ਸਮੂਹ ਸੰਗਤਾਂ ਨੇ ਮਨਾਇਆ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ
















ਰਿਪੋਰਟ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)










**ਪਿਟਸਬਰਗ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ 20 ਨਵੰਬਰ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਮਨਾਇਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 18 ਨਵੰਬਰ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਏ ਤੇ ਸ਼ਾਮ ਅਤੇ ਸ਼ਨਿਚਰਵਾਰ ਦੀਆਂ ਸ਼ਾਮਾਂ ਨੂੰ ਕੀਰਤਨ ਦਰਬਾਰ ਸਜਾਏ ਗਏ ਅਤੇ 20 ਨਵੰਬਰ ਐਤਵਾਰ ਨੂੰ ਭੋਗ ਪਾਏ ਗਏ। ਇਸ ਮੌਕੇ ਭਾਰੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ।

ਐਤਵਾਰ ਦੇ ਦੀਵਾਨਾਂ ਸਮੇਂ ਗੁਰੂ ਘਰ ਦਾ ਰਾਗੀ ਜਥਾ ਭਾਈ ਓਮਪਾਲ ਸਿੰਘ ਜੀ ਅਤੇ ਗਿਆਨੀ ਗੁਰਨਾਮ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ। ਇਸ ਉਪਰੰਤ ਬੀਬੀ ਜਸਪਿੰਦਰ ਰੈਣਾ ਜੀ ਨੇ ਸ਼ਬਦ ਗਾਇਨ ਦੇ ਨਾਲ ਧਾਰਮਿਕ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਅਖੀਰ ਜਥਾ ਭਾਈ ਭੁਪਿੰਦਰ ਸਿੰਘ ਜੀ ਸੈਨਹੋਜ਼ੇ ਵਾਲੇ ਤੇ ਉਹਨਾਂ ਦੇ ਸਾਥੀ ਜਥੇ ਨੇ ਵੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਜਿਹਨਾਂ ਬੁਲਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੇ ਆਪੋ-ਆਪਣੇ ਵਿਚਾਰ ਰੱਖੇ, ਉਹਨਾਂ ਵਿਚ ਸਰਵ ਸ੍ਰੀ ਓ. ਪੀ. ਬਾਲੀ, ਅਭਿਸ਼ੇਕ ਪਾਲ ਨਾਰੇਬਟ, ਦਸ਼ਵਿੰਦਰ ਪਾਲ, ਯੇਸ਼ੂਆ ਜੀ ਆਦਿ ਦੇ ਨਾਂ ਵਰਣਨਯੋਗ ਹਨ। ਸਟੇਜ ਦੀ ਸੇਵਾ ਸ੍ਰੀ ਦਿਲਬਾਗ ਸਿੰਘ ਨੇ ਬਾਖੂਬੀ ਨਾਲ ਨਿਭਾਈ ਅਤੇ ਸ੍ਰੀ ਵਿਨੋਦ ਕੁਮਾਰ ਨੇ ਸੰਗਤਾਂ ਤੇ ਜਥਿਆਂ ਅਤੇ ਸਾਰੇ ਬੁਲਾਰਿਆਂ ਤੇ ਮੀਡੀਏ ਦਾ ਧੰਨਵਾਦ ਕੀਤਾ।

ਦੇਸ਼ ਦੁਆਬਾ ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੇ ਪ੍ਰਬੰਧਕਾਂ ਅਤੇ ਸੰਗਤਾਂ ਨਾਲ ਗੁਰਪੁਰਬ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।

ਅੱਜ ਇਸ ਸ਼ੁਭ ਅਵਸਰ 'ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਜੀ ਨੇ ਬੀਬੀ ਜਸਪਿੰਦਰ ਰੈਣਾ ਜੀ ਨੂੰ ਪਲੈਕ ਨਾਲ ਸਨਮਾਨਿਤ ਕੀਤਾ ਅਤੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਕਾਸ਼ ਸਿੰਘ ਜੀ ਨੇ ਸਿਰੋਪਾਓ ਨਾਲ ਨਿਵਾਜਿਆ।

ਇਸ ਮੌਕੇ ਕਮੇਟੀ ਮੈਂਬਰ ਸਭ ਨਾਲ ਸਨ। ਬੀਬੀ ਰੈਣਾ ਨੂੰ ਗੁਰੂ ਘਰ ਲਆਉਣ ਲਈ ਕਮੇਟੀ ਵੱਲੋਂ ਸ੍ਰੀ ਫਕੀਰਾ ਮਹਿਮੀ ਦਾ ਧੰਨਵਾਦ ਕੀਤਾ ਗਿਆ। ਗੁਰੂ ਘਰ ਵਿਖੇ ਗੁਰੂ ਕੇ ਅਤੁੱਟ ਕੜਾਹ ਪ੍ਰਯਾਦ ਤੇ ਲੰਗਰ ਵਰਤਾਏ ਗਏ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਮਨਾਇਆ







**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 20 ਨਵੰਬਰ ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। 18 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ ਅਤੇ ਐਤਵਾਰ 20 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। 20 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਸੋਹਣ ਸਰੋਆ ਅਤੇ ਬੀਬੀ ਭਾਗੋ ਸਰੋਆ ਜੀ ਵੱਲੋਂ ਆਪਣੇ ਪੋਤਰੇ ਰਣਵੀਰ ਸਰੋਆ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਗੁਰੂ ਘਰ ਵਿਖੇ ਲੰਗਰਾਂ ਦੀ ਸੇਵਾ ਕੀਤੀ ਗਈ। ਪ੍ਰਬੰਧਕ ਕਮੇਟੀ ਵੱਲੋਂ ਸਰੋਆ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਬਾਰੇ ਸੰਗਤਾਂ ਨੂੰ ਦੱਸਿਆ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ

## 1480 HAYNE AVENUE, YUBA CITY, CA 95993





ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹਿਲੀ ਪਾਤਸ਼ਾਹੀ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ 27 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ, ਜਿਸ ਮੌਕੇ 25 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ 27 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਕਥਾਵਾਚਕ, ਕੀਰਤਨੀਏ ਗੁਰਬਾਣੀ ਕੀਰਤਨ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 4 ਦਸੰਬਰ 2016 (ਦਿਨ ਐਤਵਾਰ) ਨੂੰ ਸਤਿਗੁਰੂ ਨਾਮਦੇਵ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ, ਜਿਸ ਵਿਚ 2 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ ਅਤੇ ਐਤਵਾਰ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਕਥਾਵਾਚਕ ਕੀਰਤਨੀਏ ਗੁਰਬਾਣੀ ਕਥਾ-ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਜਿਸ ਵੀ ਪਰਿਵਾਰ ਨੇ ਇਹਨਾਂ ਸਮਾਗਮਾਂ ਦੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ ਦਾ ਫੋਨ ਨੰਬਰ : 530-674-2564, ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823**

# Shri Guru Ravidass Sabha (Bay Area)



## ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥

ਗੁਰੂ ਪਿਆਰੀ ਸਾਧ ਸੰਗਤ ਜੀ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 537ਵਾਂ ਪ੍ਰਕਾਸ਼ ਦਿਹਾੜਾ 27 ਨਵੰਬਰ 2016 ਨੂੰ **ਨਵੇਂ ਹਾਲ ਵਿਚ**, Newark Community Center 35501 Cedar Blvd Newark CA 94560 ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਇਸ ਦਿਨ ਨਵੇਂ ਹਾਲ ਵਿਖੇ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਹ ਪ੍ਰੋਗਰਾਮ ਕਮੇਟੀ ਮੈਂਬਰਾਂ ਅਤੇ ਸਮੂਹ ਸੰਗਤ ਵੱਲੋਂ ਆਯੋਜਿਤ ਕੀਤਾ ਜਾ ਰਿਹਾ ਹੈ।



**For Guru Ghar Project and hall info call Vinod Kumar Chumber 510-953-9800.**

ਸੰਗਤ ਦੇ ਸੇਵਾਦਾਰ

| Chairman | Acting President | Acting Secretary | Treasure |
|---|---|---|---|
| Harmesh Lal Modhara | Kewal Singh | Santokh Singh Saroya | Shiv Sidhu |
| 510-386-1702 | 510-299-6418 | 408-509-9697 | 510-386-2715 |







## ਸਤਿਗੁਰੂ ਬਾਬਾ ਸੈਨ ਜੀ ਦਾ ਪ੍ਰਕਾਸ਼ ਦਿਹਾੜਾ 4 ਦਸੰਬਰ ਨੂੰ ਮਨਾਇਆ ਜਾਵੇਗਾ

ਸਤਿਗੁਰੂ ਬਾਬਾ ਸੈਨ ਜੀ ਦਾ ਪ੍ਰਕਾਸ਼ ਦਿਹਾੜਾ 4 ਦਸੰਬਰ ਨੂੰ ਗੁਰਦੁਆਰਾ ਸਾਹਿਬ ਹੇਵਰਡ (ਕੈਲੇਫੋਰਨੀਆ) ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 2 ਦਸੰਬਰ ਨੂੰ ਪ੍ਰਾਰੰਭ ਹੋਣਗੇ ਅਤੇ 4 ਦਸੰਬਰ (ਐਤਵਾਰ) ਨੂੰ ਭੋਗ ਪਾਏ ਜਾਣਗੇ।

**ਹੋਰ ਜਾਣਕਾਰੀ ਲਈ ਗੁਰੂ ਘਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਫਿਰ ਸਿੱਧੇ ਕਾਲ ਕਰਨ ਲਈ ਸੰਪਰਕ ਕਰੋ:**

ਸ੍ਰੀਮਾਨ ਮਨੀ ਜੀ (510) 909-0473

ਸ੍ਰੀਮਾਨ ਟੋਨੀ ਜੀ 'ਦੇਸੀ ਹੇਅਰ ਕੱਟ' ਯੂਨੀਅਨ ਸਿਟੀ ਵਾਲੇ (510) 825-0820

### ਗੁਰਦੁਆਰਾ ਸਾਹਿਬ ਹੇਵਰਡ ਦਾ ਪਤਾ

**1798 D Street & 1805 Hill Ave Hayward, CA- 94541**

ਇਸ ਦੌਰਾਨ ਤੰਦੂਰ ਰੈਸਟੋਰੈਂਟ ਹੇਵਰਡ (ਕੈਲੇਫੋਰਨੀਆ) ਵੱਲੋਂ ਛੋਲੇ ਭਟੂਰਿਆਂ ਆਦਿ ਦੀ ਸੇਵਾ ਕੀਤੀ ਜਾਵੇਗੀ।

## ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ’ਤੇ ਵਿਸ਼ੇਸ਼

# ‘ਹਿੰਦ ਦੀ ਚਾਦਰ’ ਗੁਰੂ ਤੇਗ ਬਹਾਦਰ ਜੀ



ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ। ਸੰਸਾਰ ਦੇ ਇਤਿਹਾਸ ’ਚ ਧਰਮ ਤੇ ਮਾਨਵੀਯ ਕਦਰਾਂ-ਕੀਮਤਾਂ, ਆਦਰਸ਼ਾਂ ਤੇ ਸਿਧਾਂਤਾਂ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲਿਆਂ ’ਚੋਂ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸਿਰਮੌਰ ਹੈ।

ਇਹ ਗੱਲ ਵਿਸ਼ੇਸ਼ ਤੌਰ ’ਤੇ ਧਿਆਨ ਦੇਣ ਵਾਲੀ ਹੈ ਕਿ ਭਾਰਤ ਤੋਂ ਇਲਾਵਾ ਜਿੱਥੇ-ਜਿੱਥੇ ਵੀ ਇਸਲਾਮ ਧਰਮ ਗਿਆ, ਸੀਰੀਆ, ਇਰਾਨ, ਇਰਾਕ, ਮਿਸਰ ਆਦਿ ਦੇਸ਼ਾਂ ’ਚ ਉਥੋਂ ਦੇ ਪ੍ਰਸ਼ਾਸਕਾਂ ਦੇ ਇਸਲਾਮ ਧਰਮ ਗ੍ਰਹਿਣ ਕਰ ਲੈਣ ਤੋਂ ਬਾਅਦ ਉਥੋਂ ਦੀ ਸਾਰੀ ਦੀ ਸਾਰੀ ਪਰਜਾ ਨੇ ਬੜੇ ਥੋੜ੍ਹੇ ਹੀ ਸਮੇਂ ’ਚ ਇਸਲਾਮ ਧਰਮ ਗ੍ਰਹਿਣ ਕਰ ਲਿਆ ਪਰ ਇਸ ਦੇ ਬਾਵਜੂਦ ਵੀ ਭਾਰਤੀਯ ਧਰਮ, ਪੰਥ ਦੀ ਉਦਾਰਤਾ ਨੇ ਵੀ ਇਸਲਾਮ ਧਰਮ ਦੇ ਪ੍ਰਸਾਰ ਨੂੰ ਰੋਕਣ ਲਈ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਅਕਬਰ ਤੋਂ ਬਾਅਦ ਜਹਾਂਗੀਰ ਤੇ ਸ਼ਾਹਜਹਾਨ ਨੇ ਵੀ ਉਸੇ ਨੀਤੀ ਨੂੰ ਅਪਣਾਇਆ, ਜਿਹੜੀ ਅਕਬਰ ਨੇ ਲਾਗੂ ਕੀਤੀ ਸੀ। ਸ਼ਾਹਜਹਾਨ ਦੇ ਉਤਰਾਧਿਕਾਰੀ ਔਰੰਗਜ਼ੇਬ ਨੇ ਆਪਣੇ ਪੂਰਵਜਾਂ ਦੀ ਚੱਲੀ ਆ ਰਹੀ ਨੀਤੀ ’ਤੇ ਰੀਤੀ ਨੂੰ ਛੱਡ ਕੇ ਉਹ ਮੁਗਲ ਸਾਮਰਾਜ ਨੂੰ ਇਸਲਾਮੀ ਰਾਜ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਸ ਨੇ ਆਪਣੀ ਇਸਲਾਮਿਕ ਨੀਤੀ ਦੇ ਅਨੁਸਾਰ ਰਾਜ ਪ੍ਰਬੰਧ ਚਲਾਉਣ ਲਈ ਹਿੰਦੂ ਜਾਤੀ ਦੇ ਲੋਕਾਂ ਤੇ ਜਜ਼ੀਆ (ਟੈਕਸ) ਲਗਾਇਆ ਤੇ ਕਾਸ਼ੀ ’ਚ ਵਿੱਦਿਆਨਾਥ, ਗੁਜਰਾਤ ’ਚ ਸੋਮਨਾਥ, ਮਥਰਾ ’ਚ ਕੇਸ਼ਵ ਰਾਏ ਆਦਿ ਪ੍ਰਸਿੱਧ ਮੰਦਰਾਂ ਨੂੰ ਤੋੜਨ ਦੇ ਆਦੇਸ਼ ਦੇ ਦਿੱਤੇ। ਇਸ ਤੋਂ ਇਲਾਵਾ ਉਸ ਨੇ ਹਿੰਦੂ ਤੇ ਸ਼ਿਵਪੰਥ ਨੂੰ, ਆਪਣੇ ਪੁਰਬਾਂ ਨੂੰ ਸਰਬਜਨਕ ਤੌਰ ’ਤੇ ਮਨਾਉਣ ’ਤੇ ਰੋਕ ਲਗਾ ਦਿੱਤੀ। ਇਸਲਾਮ ਧਰਮ ਅਪਣਾਉਣ ਵਾਲਿਆਂ ਨੂੰ ਪੁਰਸਕਾਰ ਦੇਣੇ ਆਰੰਭ ਕਰ ਦਿੱਤੇ ਤੇ ਇਸਲਾਮ ਧਰਮ ਦੀ ਇਸ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ ਸਰਕਾਰੀ ਉੱਚ ਅਹੁਦਿਆਂ ਤੋਂ ਹਟਾ ਦਿੱਤਾ ਜਾਣਾ ਸ਼ੁਰੂ ਕਰ ਦਿੱਤਾ ਤੇ ਜਿਹੜੇ ਲੋਕ ਇਸਲਾਮ ਧਰਮ ਕਬੂਲ ਕਰਦੇ ਉਹਨਾਂ ਨੂੰ, ਉਹ ਅਹੁਦੇ ਤੇ ਪਦਵੀਆਂ ਦਿੱਤੇ ਜਾਣੇ ਸ਼ੁਰੂ ਕਰ ਦਿੱਤੇ। ਉਸ ਦੀ ਇਸ ਸੰਪਰਦਾਇਕ ਕੱਟੜ ਨੀਤੀ ਦਾ ਮੁਗਲ ਰਾਜ ਦੀ ਸਥਿਰਤਾ ’ਤੇ ਬਹੁਤ ਬੁਰਾ ਅਸਰ ਪਿਆ। ਮਥਰਾ ’ਚ ਜਾਟਾਂ ਨੇ, ਪੰਜਾਬ ’ਚ ਸਿੱਖਾਂ ਨੇ, ਰਾਜਪੂਤਾਨੇ ’ਚ ਦੁਰਗਦਾਸ ਰਾਠੌਰ ਨੇ, ਦੱਖਣ ’ਚ ਮਰਾਠਿਆਂ ਨੇ ਔਰੰਗਜ਼ੇਬ ਦੇ ਖ਼ਿਲਾਫ਼, ਉਸ ਦੀ ਇਸ ਕੱਟੜ ਧਾਰਮਿਕ ਨੀਤੀ ਦੇ ਖ਼ਿਲਾਫ਼ ਵਿਦਰੋਹ ਆਰੰਭ ਕਰ ਦਿੱਤਾ। ਇਸ ਦਾ ਇਹ ਅਸਰ ਹੋਇਆ ਕਿ ਔਰੰਗਜ਼ੇਬ ਹਿੰਦੋਸਤਾਨ ’ਚ ਨਾ ਤਾਂ ਇਸਲਾਮੀ ਰਾਜ ਦੀ ਸਥਾਪਨਾ ਕਰਨ ’ਚ ਸਫਲ ਰਿਹਾ ਤੇ ਨਾ ਹੀ ਉਸ ਨੂੰ ਇਸਲਾਮਿਕ ਰਾਜ ਬਣਾਉਣ ’ਚ ਸਫਲ ਹੋਇਆ।



ਪ੍ਰੋ: ਐਚ.ਐਲ.ਕਪੂਰ
001- 916- 587-4002

ਇਸ ਸਮੇਂ ਸਿੱਖ ਧਰਮ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਆਪਣੇ ਇਸ ਧਰਮ ਦੀ ਅਗਵਾਈ ਕਰ ਰਹੇ ਸਨ। ਉਹਨਾਂ ਦੇ ਮਨ ’ਚ ਹਿੰਦੂ ਧਰਮ ਪ੍ਰਤੀ ਸਤਿਕਾਰ ਇਸ ਹੱਦ ਤੱਕ ਸੀ, ਇਸ ਗੱਲ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਔਰੰਗਜ਼ੇਬ ਨੇ ਉਹਨਾਂ ਸਾਹਮਣੇ ਆਪਣਾ ਧਰਮ ਪਰਿਵਰਤਨ ਕਰਨ ਲਈ ਤਿੰਨ ਸੁਆਲ ਰੱਖੇ: (1) ਕੋਈ ਚਮਤਕਾਰ ਦਿਖਾਓ, (2) ਇਸਲਾਮ ਧਰਮ ਕਬੂਲ ਕਰੋ, (3) ਜਾਂ ਫਿਰ ਆਪਣੇ ਪ੍ਰਾਣਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹੋ। ਤਦ ਗੁਰੂ ਜੀ ਨੇ ਔਰੰਗਜ਼ੇਬ ਦੇ ਪ੍ਰਸਤਾਵਾਂ ਦਾ ਉੱਤਰ ਦਿੰਦੇ ਹੋਏ ਕਿਹਾ- ਤਿਨ ਤੇ ਸਨਿ ਸ੍ਰੀ ਤੇਗ ਬਹਾਦਰ। ਧਰਮ ਨਿਵਾਰਿਨ ਬਿਖੈ ਬਹਾਦਰ। ਉੱਤਰ ਭਨਯੋ, ਧਰਮ ਹਮ ਹਿੰਦੂ। ਅਤਿ ਪ੍ਰੀਯ ਕੋ ਕਿਮ ਕਰਹਿ ਨਿਕਨਦੂ।। ਲੋਕ ਪਰਲੋਕ ਉਭਯ ਸੁਖਦਾਨੀ ਆਨ ਨ ਪਾਇਆ ਜਾਹਿ ਸਮਾਨੀ। ਮਤਿ ਮਲੀਨ ਮੂਰਖ ਮਤਿ ਜੋਈ। ਇਸ ਕੋ ਤਿਆਗੇ ਪਾਮਰ ਸੋਈ। ਸਮਤਿਵੰਤ ਹਮ ਕਹੁ ਕਿਉ ਤਿਆਗਹਿ। ਧਰਮ ਰਾਖਿਵੇ ਨਿਤ ਅਨੁਰਾਗਹਿ।। ਤਰਿਤਏ ਪਰਾਣ ਹਾਵ ਕੀ ਬਾਤ ਸੋ ਹਮ ਸਹੈ, ਅਪਨੇ ਗਾਤ। ਹਿੰਦੂ ਧਰਮ ਰਖਹਿ ਜਗ ਮਾਂਹੀ। ਤੁਮਰੇ ਕਰੇ ਬਿਨਸ ਯਹ ਨਾਂਹੀ।। ਔਰੰਗਜ਼ੇਬ ਦੀਆਂ ਗੱਲਾਂ ਸੁਣ ਕੇ, ਸਭ ਧਰਮਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਣ ਵਾਲੇ ਵੀਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉੱਤਰ ਦਿੱਤਾ ਕਿ ਅਸੀਂ ਸੰਸਾਰ ਦੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਹਾਂ ਤਾਂ ਅਸੀਂ ਆਪਣੇ ਬਹੁਤ ਹੀ ਪਿਆਰੇ ਹਿੰਦੂ ਧਰਮ ਨੂੰ ਕਿਸ ਤਰ੍ਹਾਂ ਛੱਡ ਸਕਦੇ ਹਾਂ? ਸਾਡਾ ਇਹ ਧਰਮ ਲੋਕ ਤੇ ਪ੍ਰਲੋਕ ਦੋਨਾਂ ਨੂੰ ਸੁੱਖ ਦੇਣ ਵਾਲਾ ਹੈ। ਦੂਸਰਾ ਕੋਈ ਹੋਰ ਧਰਮ ਇਸ ਦੀ ਸਮਾਨਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮੂਰਖ ਹੈ ਉਹ ਹੀ ਇਸ ਨੂੰ ਤਿਆਗਣ ਦੀ ਗੱਲ ਸੋਚ ਸਕਦਾ ਹੈ। ਉਹ ਨਿਸ਼ਚਿਤ ਤੌਰ ’ਤੇ ਪਾਪੀ ਹੈ। ਇਸ ਤਰ੍ਹਾਂ ਦਾ ਵਿਅੱਕਤੀ ਨਿਸ਼ਚਿਤ ਤੌਰ ’ਤੇ ਹੀ ਇਸ ਲੋਕ ’ਚ ਅਤਿਅੰਤ ਦੁੱਖ ਪਾਉਂਦਾ ਹੈ। ਤੇ ਯਮਰਾਜ ਵੀ ਉਸ ਨੂੰ ਦੰਡ ਦਿੰਦਾ ਹੈ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਧਰਮ ਦੀ ਰੱਖਿਆ ਕਰੀਏ। ਪ੍ਰਾਣ ਦੇਣ ਦੀ ਜੋ ਤੁਸੀਂ ਤੀਜੀ ਗੱਲ ਕਹੀ ਹੈ ਉਹ ਸਾਨੂੰ ਮਨਜ਼ੂਰ ਹੈ। ਅਸੀਂ ਆਪਣੇ ਸਰੀਰ ’ਤੇ ਅੱਤਿਆਚਾਰ ਝੱਲ ਕੇ ਤੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਆਪਣੇ ਧਰਮ ਦੀ ਰੱਖਿਆ ਕਰ ਲਵਾਂਗੇ। ਇਹ ਧਰਮ ਤੁਹਾਡੇ ਯਤਨਾਂ ਨਾਲ ਖਤਮ ਹੋਣ ਵਾਲਾ ਨਹੀਂ ਹੈ।

ਇਸ ਉਕਤ ਵਾਰਤਾ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਗਰੇ ਤੋਂ ਮੁਗਲ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ, ਜਦੋਂ ਉਹ ਆਪਣੇ ਸਿੱਖ ਮਿਸ਼ਨਰੀ ਪ੍ਰਚਾਰ ਲਈ ਉਥੋਂ ਪਹੁੰਚੇ ਹੋਏ ਸਨ। ਗ੍ਰਿਫ਼ਤਾਰੀ ਸਮੇਂ ਉਨ੍ਹਾਂ ’ਤੇ ਬਹੁਤ ਅੱਤਿਆਚਾਰ ਕੀਤੇ ਗਏ। ਉਨ੍ਹਾਂ ਨੂੰ ਲੋਹੇ ਦੇ ਇਕ ਤੰਗ ਪਿੰਜਰੇ ‘ਚ ਕਈ ਦਿਨਾਂ ਤੱਕ ਬੰਦ ਰੱਖਿਆ ਗਿਆ। ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਸ਼ਰਧਾਲੂ ਸਿੱਖ ਭਾਈ ਮਤੀ ਦਾਸ ਜੀ ਨੂੰ ਦੋ ਥੰਮਾਂ ਦੇ ਵਿਚਕਾਰ ਬੰਨ੍ਹਿਆ ਗਿਆ ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਨੂੰ ਜਿਉਂਦਿਆਂ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਵੀ ਬਹੁਤ ਤਸੀਹੇ ਦੇਣ ਉਪਰੰਤ ਜਿਉਂਦਿਆਂ ਨੂੰ ਉਬਲਦੀ ਦੇਗ ’ਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ ’ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਦੇ ਸਰੀਰ ਨੂੰ ਸੂਤੀ ਰੂੰ ’ਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਤੇ ਸ਼ਹੀਦ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਕਈ ਦਿਨਾਂ ਤੱਕ ਆਪਣੇ ਸਰੀਰ ’ਤੇ ਸ਼ਾਂਤ-ਚਿੱਤ ਰਹਿ ਕੇ ਤਸ਼ੱਦਦ ਝੱਲੇ। ਅਖੀਰ ਨਵੰਬਰ 11, 1675 ਈਸਵੀ ਨੂੰ ਆਮ ਜਨਤਾ ਦੀ ਲੱਗੀ ਭੀੜ ’ਚ ਜਲਾਦ ਨੇ ਆਪਣੀ ਤਲਵਾਰ ਨਾਲ ਜਦੋਂ ਗੁਰੂ ਜੀ ਇਕਾਂਤ ਚਿੱਤ ਹੋ ਕੇ ਪਾਠ ਕਰ ਰਹੇ ਸਨ, ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦਾ ਸੀਸ ਤੇ ਧੜ, ਧੂੜ ‘ਚ ਪਿਆ ਸੀ ਤੇ ਬਾਹਰ ਖੜ੍ਹੀ ਲੋਕਾਈ ’ਚੋਂ ਕਿਸੇ ਨੇ ਵੀ ਬਾਦਸ਼ਾਹ ਤੋਂ ਡਰਦਿਆਂ ਗੁਰੂ ਜੀ ਦੇ ਸਰੀਰ ਤੇ ਸੀਸ ਨੂੰ ਚੁੱਕਣ ਦਾ ਹੌਸਲਾ ਨਹੀਂ ਕੀਤਾ। ਥੋੜ੍ਹੇ ਸਮੇਂ ਬਾਅਦ ਸ਼ਹਿਰ ’ਚ ਬਹੁਤ ਤੇਜ਼ ਤੂਫਾਨ ਆਇਆ ਤੇ ਰਾਤ ਦੇ ਹਨੇਰੇ ’ਚ ਇਕ ਸਿੱਖ ਸ਼ਰਧਾਲੂ ਜਿਸ ਦਾ ਨਾਮ ਭਾਈ ਜੈਤਾ ਜੀ ਸੀ, ਨੇ ਗੁਰੂ ਜੀ ਦਾ ਪਵਿੱਤਰ ਸੀਸ ਨੂੰ ਉਠਾਇਆ ਤੇ ਆਪਣੇ ਨਾਲ ਲੈ ਕੇ ਆਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ ਤੇ ਉਹਨਾਂ ਦੇ ਗੁਰੂ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤਾ। ਇਕ ਹੋਰ ਗੁਰੂ ਜੀ ਦਾ ਸਿੱਖ ਜਿਸ ਦਾ ਨਾਂ ਸੀ ਭਾਈ ਲੱਖੀ ਸ਼ਾਹ, ਉਸ ਪਾਸ ਇਕ ਗੱਡਾ ਸੀ, ਉਸ ਨੇ ਗੁਰੂ ਜੀ ਦੇ ਧੜ ਨੂੰ ਉਸ ਗੱਡੇ ’ਤੇ ਰੱਖਿਆ ਤੇ ਆਪਣੇ ਘਰ ਲੈ ਗਿਆ। ਉਸ ਲਈ ਜਨਤਕ ਤੌਰ ’ਤੇ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨਾ ਬੜਾ ਖ਼ਤਰਨਾਕ ਸੀ ਤੇ ਉਸ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਤੇ ਇਸ ਤਰੀਕੇ ਨਾਲ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸੇ ਤਰ੍ਹਾਂ ਗੁਰੂ ਜੀ ਦਾ ਸੀਸ ਵੀ ਆਨੰਦਪੁਰ ਸਾਹਿਬ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਵਿਧਵਾ ਪਤਨੀ ਮਾਤਾ ਗੁਜਰੀ ਜੀ ਦੇ ਪਾਸ ਪਹੁੰਚਾਇਆ ਗਿਆ ਤੇ ਮਿਤੀ ਨਵੰਬਰ 16, 1675 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਹੀ ਚੰਦਨ ਦੀ ਲੱਕੜੀ ਦੀ ਚਿਤਾ ਚਿਣ ਕੇ ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅਗਨ ਭੇਟ ਕਰਕੇ ਅੰਤਿਮ ਸੰਸਕਾਰ ਕਰ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਦੇ ‘ਨੌਵੇਂ ਨਾਨਕ’ ਜੀ ਇਸ ਧਰਤੀ ’ਤੇ ਜੋਤੀ-ਜੋਤ ਸਮਾਅ ਗਏ। ਸੰਸਾਰ ਦੇ ਇਤਿਹਾਸ ’ਚ ਇਹ ਇਕੱਲੀ ਅਜਿਹੀ ਮਿਸਾਲ ਮਿਲਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਕਿਸੇ ਧਾਰਮਿਕ ਗੁਰੂ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਤੇ ਆਜ਼ਾਦੀ ਲਈ ਲਾਸਾਨੀ ਸ਼ਹਾਦਤ ਦਿੱਤੀ ਹੋਵੇ।

ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਸਮੇਂ ਕਿਹਾ ਸੀ- ‘ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂਮਹਿ ਸਾਕਾ। ਸਾਧਨਿ ਹੇਤਿ ਇਤੀ ਜਿਨੀ ਕਰੀ, ਸੀਸ ਦੀਆ ਪਰ ਸੀ ਨਾ ਰੀ। ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰ ਨਾ ਦੀਆ। ਮਤਲਬ ਪ੍ਰਭੂ ਨੇ ਉਹਨਾਂ ਦੇ ਤਿਲਕ ਤੇ ਜੰਞੂ ਲਈ ਦਿੱਤੀ ਕੁਰਬਾਨੀ ਦੀ ਲਾਜ ਰੱਖੀ ...। ਉਨ੍ਹਾਂ ਨੇ ਕਲਯੁਗ ’ਚ ਬੜੀ ਵੱਡੀ ਕੁਰਬਾਨੀ ਦਿੱਤੀ। ਧਰਮ ਦੀ ਰਾਖੀ ਲਈ ਉਨ੍ਹਾਂ ਨੇ ਆਪਣਾ ਸੀਸ ਕਟਵਾ ਦਿੱਤਾ ਪਰ ਸੀ ਨਹੀਂ ਕੀਤੀ ਤੇ ਆਪਣੇ ਧਰਮ ’ਚ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦਿੱਤੀ :

“ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ ਸਿਰੜ ਨ ਦੀਆ।”

ਇਸ ਮਹਾਂਵਾਕ ਅਨੁਸਾਰ ਗੁਰੂ ਜੀ ਦਾ ਬਲੀਦਾਨ ਨਾ ਕੇਵਲ ਧਰਮ ਦੀ ਰਾਖੀ ਲਈ ਹੀ ਸੀ ਪਰ ਇਹ ਬਲੀਦਾਨ ਸਾਰੀ ਮਾਨਵੀ ਸੰਸਕ੍ਰਿਤਕ ਵਿਰਾਸਤ ਦੀ ਰਾਖੀ ਲਈ ਬਲੀਦਾਨ ਸੀ। ਧਰਮ ਉਨ੍ਹਾਂ ਲਈ ਸੰਸਕ੍ਰਿਤਕ ਮੁੱਲਾਂ ’ਤੇ ਜੀਵਨ ਦਾ ਨਾਮ ਸੀ। ਇਸ ਲਈ ਧਰਮ ਦੇ ਸੱਚੇ ਅਸੂਲਾਂ ਲਈ ਉਨ੍ਹਾਂ ਦਾ ਕੁਰਬਾਨੀ ਦੇਣਾ ਇਕ : ਸੰਸਕ੍ਰਿਤਕ ਵਿਰਾਸਤ ਤੇ ਇੱਛਤ ਜੀਵਨ ਵਿਧਾਨ ਦੇ ਹੱਕ ’ਚ ਇਕ ਬਹੁਤ ਵੱਡਾ ਸਾਹਿਸਕ ਅਭਿਆਨ ਸੀ।

ਅੱਤਿਆਚਾਰੀ ਸ਼ਾਸਕ ਦੀ ਧਰਮ ਵਿਰੋਧੀ ਤੇ ਵਿਚਾਰਾਂ ਦੀ ਸੁਤੰਤਰਤਾ ਦਾ ਦਮਨ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਡੇ ਪੂਰਵਜ ਇਤਿਹਾਸ ਦੀ ਇਕ ਬਹੁਤ ਵੱਡੀ ਘਟਨਾ ਹੈ। ਇਹ ਗੁਰੂ ਜੀ ਦੇ ਨਿਰਭੈ ਆਚਰਣ, ਧਾਰਮਿਕ ਵਿਸ਼ਵਾਸ ਤੇ ਨੈਤਿਕ ਉਦਾਰਤਾ ਦੀ ਉੱਚਤਮ ਮਿਸਾਲ ਸੀ। ਗੁਰੂ ਜੀ ਮਾਨਵੀਯ ਧਰਮ ਤੇ ਵਿਚਾਰਕ ਸੁਤੰਤਰਤਾ ਦੇ ਲਈ ਆਪਣੀ ਸ਼ਹਾਦਤ ਦੇਣ ਵਾਲੇ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਸਨ। ਇਸੇ ਲਈ ਹੀ ਉਨ੍ਹਾਂ ਨੂੰ ਭਾਰਤ ਦੇ ਇਤਿਹਾਸ ’ਚ ਹਿੰਦੂ ਧਰਮ ਦੀ ਰੱਖਿਆ ਕਰਨ ਵਾਸਤੇ ਦਿੱਤੀ ਗਈ ਕੁਰਬਾਨੀ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਕਰਕੇ ’ਹਿੰਦ ਦੀ ਚਾਦਰ’ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

**ਧਰਮ ਪ੍ਰਚਾਰ :-** ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਤੇ ਲੋਕ ਕਲਿਆਣ ਕਰਨ ਲਈ ਕਈ ਸਥਾਨਾਂ ਦੀ ਯਾਤਰਾ ਕੀਤੀ। ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ, ਰੋਪੜ, ਸੈਫਾਵਾਦ ਦੇ ਲੋਕਾਂ ਨੂੰ ਸੰਜਮ ਤੇ ਸਹਿਜ ਮਾਰਗ ਦਾ ਪਾਠ ਪੜ੍ਹਾਉਂਦੇ ਹੋਏ ਉਹ ਖਿਆਲਾਂ (ਖਦਲ) ਪਹੁੰਚੇ। ਇੱਥੇ ਗੁਰੂ ਜੀ ਧਰਮ ਦੇ ਸੱਚੇ ਮਾਰਗ ਦਾ ਉਪਦੇਸ਼ ਦਿੰਦੇ ਹੋਏ ਦਮਦਮਾ ਸਾਹਿਬ ਤੋਂ ਹੁੰਦੇ ਹੋਏ ਕੁਰੂਕਸ਼ੇਤਰ ਪਹੁੰਚੇ। ਕੁਰੂਕਸ਼ੇਤਰ ਤੋਂ ਜਮਨਾ ਕਿਨਾਰੇ ਹੁੰਦੇ ਹੋਏ ਕੜਾਮਾਨਪੁਰ ਪਹੁੰਚੇ ਤੇ ਉਥੇ ਸਾਧੂ ਭਾਈ ਮਲੂਕ ਦਾਸ ਨੂੰ ਧਰਮ ਦੇ ਸੱਚੇ ਮਾਰਗ ਦਾ ਪਾਠ ਪੜ੍ਹਾਇਆ।

ਇੱਥੋਂ ਹੁੰਦੇ ਹੋਏ ਗੁਰੂ ਜੀ ਪ੍ਰਯਾਗ, ਬਨਾਰਸ, ਪਟਨਾ, ਅਸਾਮ ਆਦਿ ਦੇ ਖੇਤਰਾਂ ’ਚ ਗਏ, ਇੱਥੇ ਉਹਨਾਂ ਨੇ ਮਾਨਵਤਾ ਲਈ ਅਧਿਆਤਮਕ, ਸਮਾਜਿਕ, ਆਰਥਿਕ ਪੱਖ ਦੇ ਕਈ ਰਚਨਾਤਮਕ ਕੰਮ ਕੀਤੇ।

ਲੋਕਾਂ ਨੂੰ ਅਧਿਆਤਮਕ ਮਾਰਗ ਦਾ ਸੱਚਾ ਗਿਆਨ ਦਿੱਤਾ। ਸਮਾਜਿਕ ਪੱਧਰ ’ਤੇ ਚੱਲੀਆਂ ਆ ਰਹੀਆਂ ਕਈ ਰੂੜ੍ਹੀਵਾਦੀ, ਅੰਧ-ਵਿਸ਼ਵਾਸੀ, ਭਰਮਾਂ-ਵਹਿਮਾਂ ਦੀ, ਬੜੇ ਕੜੇ ਸ਼ਬਦਾਂ ’ਚ ਆਲੋਚਨਾ ਕੀਤੀ ਤੇ ਨਵੇਂ ਸਹਿਜ ਜਨ-ਕਲਿਆਣਕਾਰੀ ਆਦਰਸ਼ ਸਥਾਪਿਤ ਕੀਤੇ। ਉਨ੍ਹਾਂ ਨੇ ਮਾਨਵ ਸੇਵਾ ਲਈ ਪਾਣੀ ਦੀ ਸਹੂਲਤ ਵਾਸਤੇ ਖੂਹ ਖੁਦਵਾਏ, ਧਰਮਸਾਲਾਵਾਂ ਬਣਵਾਈਆਂ ਤੇ ਹੋਰ ਕਈ ਪਰਉਪਕਾਰੀ ਕੰਮ ਕਰਵਾਏ। ਇਨ੍ਹਾਂ ਹੀ ਯਾਤਰਾਵਾਂ ਦੇ ਦੌਰਾਨ ਸੰਨ 1666 ਈਸਵੀ ’ਚ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ, ਜਿਹੜੇ ਸਿੱਖ ਧਰਮ ਦੇ ਦਸਵੇਂ ਗੁਰੂ ਬਣੇ।

ਗੁਰੂ ਜੀ ਰੋਜ਼ ਆਨੰਦਪੁਰ ਸਾਹਿਬ ’ਚ ਅਧਿਆਤਮਕ ਗਿਆਨ ਦਾ ਸੰਗਤਾਂ ’ਚ ਪ੍ਰਚਾਰ ਕਰਦੇ, ਸੰਗਤਾਂ ਨੂੰ ਨੈਤਿਕਤਾ, ਨਿਡਰਤਾ ਤੇ ਅਧਿਆਤਮਕ ਜਾਗ੍ਰਿਤੀ ਦਾ ਸੰਦੇਸ਼ ਦਿੰਦੇ ਸਨ। ਉਸ ਸਮੇਂ ਆਨੰਦਪੁਰ ਸਾਹਿਬ ਸਿੱਖ ਧਰਮ ਦਾ- ‘ਇਕ ਆਨੰਦ ਧਾਮ’ ਹੀ ਸੀ। ਇੱਥੇ ਸਭ ਲੋਕ ਧਰਮ, ਜਾਤੀ, ਰੰਗ, ਸੰਪਰਦਾਏ ਆਦਿ ਦੇ ਭੇਦਭਾਵ ਤੋਂ ਬਿਨਾਂ ਸਮਾਜਿਕ ਬਰਾਬਰਤਾ ਦੇ ਆਧਾਰ ’ਤੇ ਅਧਿਆਤਮਕ ਅਲੌਕਿਕਤਾ ਦਾ ਗਿਆਨ ਪ੍ਰਾਪਤ ਕਰਦੇ ਸਨ। ਗੁਰੂ ਜੀ ਆਪ ਖੁਦ ਸ਼ਾਂਤੀ, ਖਿਮਾ ਤੇ ਸਹਿਣਸ਼ੀਲਤਾ ਦੀ ਅਦੁੱਤੀ ਮੂਰਤ ਸਨ।

ਉਨ੍ਹਾਂ ਨੇ ਸਦਾ ਮਾਨਵਤਾ ਨੂੰ ਪ੍ਰੇਮ, ਏਕਤਾ ਤੇ ਸਰਬ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਅਗਰ ਕਿਸੇ ਨੇ ਹਉਮੈ ’ਚ ਆ ਕੇ ਗੁਰੂ ਜੀ ਨਾਲ ਬੁਰਾ ਵਿਵਹਾਰ ਵੀ ਕੀਤਾ ਤਾਂ ਉਨ੍ਹਾਂ ਨੇ ਆਪਣੀ ਸਹਿਣਸ਼ੀਲਤਾ, ਮਧੁਰਤਾ ਤੇ ਲਿਆਕਤ ਨਾਲ ਸਮਝਾ ਕੇ ਉਸ ਨੂੰ ਸਿੱਧੇ ਰਸਤੇ ਪਾ ਦਿੱਤਾ। ਗੁਰੂ ਜੀ ’ਚ ਇੰਨੀ ਸਹਿਣਸ਼ੀਲਤਾ ਸੀ ਕਿ ਕਿਸੇ ਨੂੰ ਡਰਾਉਣ ਦੀ ਥਾਂ, ਸਮਝਾਉਣ ਦੀ ਸਿੱਖਿਆ ਦਿੰਦੇ ਸਨ ਤੇ ਆਪ ਕਿਸੇ ਤੋਂ ਡਰਦੇ ਵੀ ਨਹੀਂ ਸਨ। ਉਹ ਗੁਰਬਾਣੀ ’ਓ ਉਪਦੇਸ਼ ਦਿੰਦੇ ਹਨ- ‘ਮੈ ਕਾਹੂ ਕੋ ਦੇਤ ਨਾਹੀ। ਨਹਿ ਭੈ ਮਾਨਤ ਆਨ।’ ਉਹ ਬਚਪਨ ਤੋਂ ਹੀ ਬੜੇ ਸਰਲ, ਸਹਜ ਤੇ ਭਗਤੀ ਭਾਵ ਵਾਲੇ ਕਰਮਯੋਗੀ ਇਨਸਾਨ ਸਨ। ਉਨ੍ਹਾਂ ਦੀ ਬਾਣੀ ’ਚ ਮਧੁਰਤਾ, ਸਾਦਗੀ, ਸੱਜਣਤਾ ਤੇ ਵੈਰਾਗ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਪਹਿਲਾ ਸਿਧਾਂਤ ਹੀ ਇਹ ਸੀ ਕਿ ਧਰਮ ਦਾ ਸੱਚਾ ਮਾਰਗ ਹੀ ਜੀਵਨ ਦਾ ਸੱਚ ਹੈ ਤੇ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ।

# ਲੋਕਤੰਤਰ ਦਾ ਚੋਥਾ ਥੰਮ ਵੀ ਹੋ ਰਿਹਾ ਹੈ ਭ੍ਰਿਸ਼ਟਾਚਾਰ ਅਤੇ ਰਾਜਨੀਤੀ ਦਾ ਸ਼ਿਕਾਰ



ਕੁਲਦੀਪ ਚੰਦ
9417563054

ਮੀਡੀਆ ਨੂੰ ਸਮਾਜ ਦਾ ਦਰਪਣ ਅਤੇ ਦੀਪਕ ਦੋਨੋਂ ਮੰਨਿਆ ਜਾਂਦਾ ਹੈ। ਇਹਨਾਂ ਵਿੱਚ ਜੋ ਸਮਾਚਾਰ ਮੀਡੀਆ ਹੈ, ਭਾਵੇਂ ਉਹ ਸਮਾਚਾਰ ਪੱਤਰ ਹੋਣ ਜਾਂ ਸਮਾਚਾਰ ਚੈਨਲ, ਉਨ੍ਹਾਂ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ। ਦਰਪਣ ਦਾ ਕੰਮ ਹੈ ਸਮਤਲ ਦਰਪਣ ਦੀ ਤਰ੍ਹਾਂ ਕੰਮ ਕਰਨਾ ਹੈ ਤਾਂ ਕਿ ਸਮਾਜ ਦੀ ਹੂ-ਬ-ਹੂ ਤਸਵੀਰ ਸਮਾਜ ਦੇ ਸਾਹਮਣੇ ਪੇਸ਼ ਕਰ ਸਕੇ। ਪਰੰਤੂ ਕਦੀ-ਕਦੀ ਨਿੱਜੀ ਸਵਾਰਥਾਂ ਦੇ ਕਾਰਨ ਇਹ ਸਮਾਚਾਰ ਮੀਡੀਆ ਸਮਤਲ ਦਰਪਣ ਵਾਂਗ ਕੰਮ ਨਹੀਂ ਕਰਦਾ ਹੈ ਜਿਸ ਕਾਰਨ ਸਮਾਜ ਦੀ ਉਲਟੀ, ਝੂਠੀ, ਕਾਲਪਨਿਕ ਅਤੇ ਘਿਣੌਨੀ ਤਸਵੀਰ ਵੀ ਸਾਹਮਣੇ ਆ ਜਾਂਦੀ ਹੈ। ਜੇਕਰ ਪ੍ਰੈਸ ਹੀ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਅਨੁਸਾਰ ਦੁਨੀਆਂ ਦੇ ਕੁੱਲ 197 ਦੇਸ਼ਾਂ ਵਿੱਚੋਂ 63 ਦੇਸ਼ਾਂ ਵਿੱਚ ਪ੍ਰੈਸ ਨੂੰ ਸੰਪੂਰਨ ਆਜ਼ਾਦੀ ਪ੍ਰਾਪਤ ਹੈ, ਜਦਕਿ 70 ਦੇਸ਼ਾਂ ਵਿੱਚ ਪ੍ਰੈਸ ਨੂੰ ਅਧੂਰੀ ਅਜ਼ਾਦੀ ਪ੍ਰਾਪਤ ਹੈ ਅਤੇ 64 ਦੇਸ਼ਾਂ ਵਿੱਚ ਪ੍ਰੈਸ ਨੂੰ ਕੋਈ ਵੀ ਆਜ਼ਾਦੀ ਪ੍ਰਾਪਤ ਨਹੀਂ ਹੈ। ਭਾਰਤੀਆ ਪ੍ਰੈਸ ਪ੍ਰੀਸ਼ਦ ਦੀ ਰਿਪੋਰਟ ਅਨੁਸਾਰ ਵਿਸ਼ਵ ਦੀ ਅੱਧੀ ਆਬਾਦੀ 2.5 ਬਿਲੀਅਨ ਅਖ਼ਬਾਰਾਂ ਰੋਜ਼ ਪੜ੍ਹਦੀ ਹੈ ਅਤੇ 600 ਮਿਲੀਅਨ ਅਬਾਦੀ ਰੋਜ਼ ਇੰਟਰਨੈੱਟ ਤੇ ਅਖ਼ਬਾਰਾਂ ਪੜ੍ਹਦੀ ਹੈ। ਅਖ਼ਬਾਰਾਂ ਦੇ ਉਦਯੋਗ ਰਾਹੀਂ 200 ਬਿਲੀਅਨ ਡਾਲਰ ਹਰ ਸਾਲ ਵਿਗਿਆਪਨਾਂ ਰਾਹੀਂ ਅੰਤਰਰਾਸ਼ਟਰੀ ਪੱਧਰ ਤੇ ਕਮਾਏ ਜਾਂਦੇ ਹਨ। ਪ੍ਰੈਸ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ 16 ਨਵੰਬਰ ਦਾ ਦਿਨ ਭਾਰਤ ਵਿੱਚ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲੇ ਪ੍ਰੈਸ ਆਯੋਗ ਨੇ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਅਤੇ ਪੱਤਰਕਾਰਿਤਾ ਵਿੱਚ ਉੱਚ ਆਦਰਸ਼ ਕਾਇਮ ਕਰਨ ਦੇ ਉਦੇਸ਼ ਨਾਲ ਇੱਕ ਪ੍ਰੈਸ ਪਰਿਸ਼ਦ ਦੀ ਕਲਪਨਾ ਕੀਤੀ ਸੀ। 4 ਜੁਲਾਈ 1966 ਨੂੰ ਭਾਰਤ ਵਿੱਚ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸ ਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਉਦੋਂ ਤੋਂ ਲੈ ਕੇ ਅੱਜ ਤੱਕ ਹਰ ਸਾਲ 16 ਨਵੰਬਰ ਨੂੰ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਦੁਨੀਆਂ ਵਿੱਚ ਅੱਜ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਭਾਰਤ ਵਿੱਚ ਪ੍ਰੈਸ ਨੂੰ ਵਾਚਡਾੱਗ ਅਤੇ ਭਾਰਤੀਆ ਪ੍ਰੈਸ ਪਰਿਸ਼ਦ ਨੂੰ ਮੋਰਲ ਵਾਚਡਾੱਗ ਕਿਹਾ ਗਿਆ ਹੈ। ਰਾਸ਼ਟਰੀ ਪ੍ਰੈਸ ਦਿਵਸ ਪ੍ਰੈਸ ਦੀ ਆਜ਼ਾਦੀ ਅਤੇ ਜਿੰਮੇਵਾਰੀਆਂ ਵੱਲ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਪਹਿਲਾਂ ਅਖਬਾਰ ਦੀ ਪਹਿਚਾਣ ਉਸਦਾ ਸੰਪਾਦਕ ਹੁੰਦਾ ਸੀ ਅਤੇ ਪੱਤਰਕਾਰੀ ਇੱਕ ਮਿਸ਼ਨ ਸੀ ਪ੍ਰੰਤੂ ਹੋਲੀ ਹੋਲੀ ਕਾਰਪੋਰੇਟ ਘਰਾਣਿਆਂ ਦੀ ਘੁਸਪੈਠ ਕਾਰਨ ਹੁਣ ਇਹ ਇੱਕ ਉਦਯੋਗ ਅਤੇ ਵਪਾਰਿਕ ਖੇਤਰ ਬਣ ਗਿਆ ਹੈ ਜਿਸ ਵਿੱਚ ਉਦਯੋਗਪਤੀ ਅਤੇ ਮਾਲਿਕ ਸਿਰਫ ਅਪਣਾ ਮੁਨਾਫਾ ਵੇਖਦੇ ਹਨ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ। ਪੱਤਰਕਾਰਿਤਾ ਜਨ-ਜਨ ਤੱਕ ਸੂਚਨਾਤਮਕ, ਸਿੱਖਿਆਦਾਇਕ ਅਤੇ ਮਨੋਰੰਜਨਾਤਮਕ ਸੰਦੇਸ਼ ਪਹੁੰਚਾਣ ਦੀ ਕਲਾ ਅਤੇ ਵਿੱਦਿਆ ਹੈ। ਸਮਾਚਾਰ ਪੱਤਰ ਇੱਕ ਐਸੀ ਉੱਤਰ ਪੁਸਤਿਕਾ ਦੇ ਬਰਾਬਰ ਹੈ ਜਿਸਦੇ ਲੱਖਾਂ ਪੜ੍ਹਨ ਵਾਲੇ ਅਤੇ ਅਣਗਿਣਤ ਸਮੀਖਿਆ ਕਰਨ ਵਾਲੇ ਹੁੰਦੇ ਹਨ ਪਰੰਤੂ ਇਸਦੀਆਂ ਕਮੀਆਂ ਅੱਜ ਪੱਤਰਕਾਰਿਤਾ ਦੇ ਖੇਤਰ ਵਿੱਚ ਬਹੁਤ ਵੱਡੀ ਤ੍ਰਾਸਦੀ ਸਾਬਿਤ ਹੋਣ ਲੱਗੀ ਹੈ। ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਜਾਂ ਘਟਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਅੱਜ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੋਈ ਹੈ। ਖ਼ਬਰਾਂ ਵਿੱਚ ਪੱਖਪਾਤ ਅਤੇ ਅਸੰਤੁਲਨ ਵੀ ਆਮ ਦੇਖਣ ਨੂੰ ਮਿਲਦਾ ਹੈ। ਇਸ ਤਰ੍ਹਾਂ ਖ਼ਬਰਾਂ ਵਿੱਚ ਨਿੱਜੀ ਸਵਾਰਥ ਸਾਫ ਝਲਕਣ ਲੱਗ ਜਾਂਦਾ ਹੈ। ਅੱਜ ਖ਼ਬਰਾਂ ਵਿੱਚ ਵਿਚਾਰਾਂ ਨੂੰ ਮਿਸ਼ਰਿਤ ਕੀਤਾ ਜਾ ਰਿਹਾ ਹੈ। ਵਿਚਾਰਾਂ ਤੇ ਆਧਾਰਿਤ

**(ਬਾਕੀ ਸਫਾ 19 ਤੇ)**

# ਜੀਵਨਪਾਸਾ

## ਜ਼ਾਤ ਦੀ ਸਾਂਝ

ਪ੍ਰੋ; ਦਵਿੰਦਰ ਮੰਡ (ਡਾ) 91- 99145-65255





ਸਾਧਾਰਨ ਪਰਿਵਾਰ ਹੋਣ ਦੇ ਨਾਤੇ ਰੋਟੀ ਪਾਣੀ ਵੱਲੋਂ ਅਵਾਜ਼ਾਰ ਨਹੀਂ ਸਾਂ? ਇੱਕ ਸਕੂਲ ਮਾਸਟਰ, ਛੇ ਨਿਆਣਿਆਂ ਨੂੰ ਪਾਲ਼ ਰਿਹਾ ਸੀ।?ਸਕੂਲ ਵਿੱਚ ਹਿਸਾਬ ਅਧਿਆਪਕ ਹੋਣ ਦੇ ਨਾਤੇ ਨਾਲ-ਨਾਲ ਕਲਰਕੀ ਦਾ ਕੰਮ ਵੀ ਕਰਨਾ ਮੇਰੇ ਪਿਤਾ ਜੀ ਦੇ ਹਿੱਸੇ ਆਇਆ ਹੋਇਆ ਸੀ। ਮਾਨਤਾ ਪ੍ਰਾਪਤ ਸਕੂਲ ਹੋਣ ਕਰਕੇ ਤਨਖਾਹਾਂ ਤਿੰਨ-ਤਿੰਨ, ਚਾਰ-ਚਾਰ ਮਹੀਨੇ ਦੇਰੀ ਕਾਰਨ ਮਿਲਦੀਆਂ ਸਨ ਜਿਸ ਕਰਕੇ ਸਕੂਲ ਵਿਚ ਇਕੱਤਰ ਹੋਈ ਬੱਚਿਆਂ ਦੀ ਫ਼ੀਸ ਨਾਲ ਘਰ ਦੀ ਆਈ ਚਲਾਈ ਚਲਦੀ ਰਹਿੰਦੀ ਸੀ? ਬਾਪ ਨੂੰ ਬੜੀ ਆਸ ਸੀ ਕਿ ਮੁੰਡਾ ਵੱਡਾ ਹੋ ਕੇ ਨਾਲ ਹੱਥ ਵਟਾਏਗਾ। ਮੈਂ ਵੀ ਸੰਵੇਦਨਸ਼ੀਲ ਹੋਣ ਕਰਕੇ ਚਾਹੁੰਦਾ ਸਾਂ ਕਿ ਬਾਪ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਹੱਥ ਵਟਾਇਆ ਜਾਵੇ। ਬੇਸ਼ੱਕ ਮੈਂ ਘਰ ਦੇ ਕੰਮਾਂ, ਜਿਵੇਂ ਡੰਗਰ ਸਾਂਭਣੇ, ਹੋਰ ਨਿਕਸੁੱਕ ਕੰਮ ਕਰ ਦਿੰਦਾ ਸਾਂ, ਪਰ ਅਸਲ ਮਕਸਦ ਤਾਂ ਪੈਸਿਆਂ ਦਾ ਸੀ। ਮੈਟ੍ਰਿਕ ਮੈਂ ਨੌਵੇਂ ਦਹਾਕੇ ਦੇ ਆਰੰਭ ਵਿੱਚ ਹੀ ਕਰ ਲਈ?ਕਲਾਸ ਵਿੱਚ ਥੋੜ੍ਹਾ ਹੁਸ਼ਿਆਰ ਹੋਣ ਕਾਰਨ ਤੇ ਨਾਲ ਹੀ ਅਧਿਆਪਕਾਂ ਵੱਲੋਂ ਅਸੈੱਸਮੈਂਟ ਚੰਗੀ ਲਾਉਣ ਕਾਰਨ ਮੈਂ ਚੰਗੇ ਨੰਬਰਾਂ 'ਚ ਪਾਸ ਹੋ ਗਿਆ। ਹੁਣ ਬਾਪ ਚਾਹੁੰਦਾ ਸੀ ਮੁੰਡਾ ਕਿਸੇ ਨੌਕਰੀ 'ਤੇ ਲੱਗ ਜਾਵੇ ਜਾਂ ਕੋਈ ਅਜਿਹਾ ਕੋਰਸ ਕਰ ਲਵੇ ਜਿਹਦੇ ਨਾਲ ਛੇਤੀ ਪੈਸੇ ਕਮਾਉਣ ਵਾਲਾ ਬਣ ਜਾਵੇ?।

ਮੈਟ੍ਰਿਕ ਕਰਨ ਤੋਂ ਬਾਅਦ ਮੈਂ ਇਧਰ-ਉਧਰ ਹੱਥ ਪੈਰ ਮਾਰਨ ਸ਼ੁਰੂ ਕਰ ਦਿੱਤੇ? ਮੇਰੇ ਪਿਤਾ ਜੀ ਜਿਸ ਪਿੰਡ ਵਿੱਚ ਪੜ੍ਹਾਉਂਦੇ ਸਨ ਉਸ ਪਿੰਡ ਦੇ ਕਈ ਪਰਿਵਾਰਾਂ ਨਾਲ ਉਹਨਾਂ ਦੀ ਸਾਂਝ ਸੀ? ਇੱਕ ਛਿੱਬਿਆ ਦਾ ਪਰਿਵਾਰ ਸਿੱਧੇ ਢੰਗ ਨਾਲ ਮੇਰੇ ਬਾਪ ਨਾਲ ਜੁੜਿਆ ਹੋਇਆ ਸੀ। ਉਸ ਪਰਿਵਾਰ ਦੇ ਦੋਵੇਂ ਜੀਅ ਭਾਵ ਮੀਆਂ-ਬੀਵੀ ਕੱਪੜੇ ਸਿਊ ਕੇ ਗੁਜ਼ਾਰਾ ਕਰਦੇ ਸਨ।

ਉਹਨਾਂ ਦੇ ਅਗਾਂਹ ਤਿੰਨ ਬੱਚੇ ਸਨ ਦੋ ਕੁੜੀਆਂ ਤੇ ਇੱਕ ਮੁੰਡਾ? ਵੱਡੀ ਕੁੜੀ ਤਾਂ ਵਿਆਹੀ ਹੋਈ ਸੀ ਪਰ ਛੋਟੀ ਕਾਲਜ ਅਤੇ ਮੁੰਡਾ ਪਟਿਆਲੇ ਪੜ੍ਹਦਾ ਸੀ।?

'ਮਾਸਟਰ ਜੀ! ਮੁੰਡੇ ਨੂੰ ਫਾਰਮੇਸੀ ਕਰਾ ਦਿਉ- ਨੌਕਰੀ ਵੀ ਛੇਤੀ ਮਿਲਜੂ- ਬਾਂਡ ਭਰਾਉਂਦੇ ਉਹ ....।' ਇੱਕ ਦਿਨ ਮੈਂ ਆਪਣੇ ਪਿਤਾ ਨਾਲ ਆਲਾ ਸਿੰਘ ਦੇ ਘਰ ਗਿਆ।

'ਮੁੰਡੇ ਨੂੰ ਦਾਖਲਾ ਮਿਲਜੂ? ਮੇਰੇ ਬਾਪ ਨੇ ਹੈਰਾਨੀ ਨਾਲ ਪੁੱਛਿਆ।'

'ਹੋਰ ਕੀ ਮੁੰਡੇ ਦੀ ਫ਼ਸਟ ਡਿਵੀਜ਼ਨ ਆ ਤੇ ਨਾਲੇ ਤੁਸੀਂ 'ਚਮਾਰ ਆ ....।' ਮੇਰੇ ਪਿਓ ਨੂੰ ਆਲਾ ਸਿੰਘ ਦਾ ਚਿੱਥ ਕੇ ਚਮਾਰੋ ਸ਼ਬਦ ਕਹਿਣਾ ਖੁੱਭ ਗਿਆ।

'ਆਲਾ ਸਿੰਹਾਂ ਕੋਈ ਖ਼ਨਾਮੀ ਹੋਗੀ.... ਮੈਥੋਂ.... ? ਮੈਂ ਤੈਨੂੰ ਇਹੋ ਜਿਹੀ ਸ਼ਬਦਾਵਲੀ 'ਚ ਕਦੇ ਨਹੀਂ ਸੀ ਸੁਣਿਆ.... ਬਾਪ 'ਚ ਨਿਮਰ ਭਾਵਨਾ ਸੀ।'

'ਹਾਅ.... ਅ.... ਅ.... ਮਾਸਟਰ ਜੀ ਮੈਂ ਤਾਂ ਸਰਸਰੇ ਕਹਿ ਦਿੱਤਾ.... ਨਾਲੇ ਸੱਚ ਤਾਂ ਸੱਚ ਆ....।' ਆਲਾ ਸਿੰਘ ਉੱਚੀ_ਉੱਚੀ ਹੱਸ ਪਿਐ....।

'ਚਲੋ ਦੇਖਦੇ ਆਂ' ਇਹ ਕਹਿ ਮੇਰਾ ਬਾਪ ਮੈਨੂੰ ਸਾਇਕਲ 'ਤੇ ਬਿਠਾ ਕੇ ਪਿੰਡ ਵੱਲ ਨੂੰ ਤੁਰ ਪਿਆ।

'ਜਦੋਂ ਇਹਦੇ ਤਿੰਨੇ ਨਿਆਣੇ ਮੇਰੇ ਸਕੂਲ 'ਚ ਪੜ੍ਹਦੇ ਸੀ ਇਹਦੇ ਮੂੰਹੋਂ ਜੀਅ, ਹਾਂਜੀ ਸ਼ਬਦ ਬਿਨਾਂ ਹੋਰ ਸ਼ਬਦ ਨਹੀਂ ਸੀ ਨਿੱਕਲਦਾ ਤੇ ਅੱਜ....।'

ਮੇਰੇ ਬਾਪ ਨੂੰ ਆਲਾ ਸਿੰਘ ਦੀ ਬੋਲਣੀ ਤੇ ਰੰਜ ਸੀ?'ਪੁੱਤ ਇਹ ਬੰਦਾ ਸੁਆਰਥੀ ਤੂੰ ਜਾਣਦੈਂ ਤੈਨੂੰ ਪਟਿਆਲੇ ਦਾਖਲਾ ਲੈ ਕੇ ਦੇਣ ਦਾ ਕਾਰਣ?'

'ਨਹੀ!' ਮੈਂ ਸਰਸਰੀ ਜਿਹੀ ਕਿਹਾ।

'ਪੁੱਤਰ ਇਹਦਾ ਮੁੰਡਾ ਜੂਹ ਉੱਥੇ.... ਇਹ ਚਾਹੁੰਦੈ ਸਾਥ ਹੋਜੂ ਨਾਲੇ ਇਹਦੀਆਂ ਕਈ ਸਮੱਸਿਆਵਾਂ ਹੱਲ..।'

ਮੇਰਾ ਬਾਪ ਆਲਾ ਸਿੰਘ ਦੀ ਅੰਦਰੂਨੀ ਭਾਵਨਾ ਚੰਗੀ ਤਰ੍ਹਾਂ ਸਮਝਦਾ ਸੀ।

ਫਿਰ ਮੈਂ ਪਟਿਆਲੇ ਮੈਡੀਕਲ ਕਾਲਜ 'ਚ ਡੀ-ਫਾਰਮੈਸੀ ਲਈ ਅਪਲਾਈ ਕਰ ਦਿੱਤਾ? ਮੈਨੂੰ ਉਸ ਕਾਲਜ ਵਿੱਚ ਦਾਖਲਾ ਮਿਲ ਗਿਆ? ਮੇਰੇ ਲਈ ਰਹਿਣ ਦੀ ਕੋਈ ਸਮੱਸਿਆ ਨਹੀਂ ਸੀ ਕਿਉਂਕਿ ਮੈਂ ਆਲਾ ਸਿੰਘ ਦੇ ਮੁੰਡੇ ਪੰਕਜ ਹੇਲਨ (ਅਸਲੀ ਨਾਂ ਨਹੀਂ) ਦੇ ਨਾਲ ਰਹਿਣ ਲੱਗ ਪਿਆ ਸਾਂ।? ਉਹ ਉਂਵ ਵੀ ਮੇਰੇ ਬਾਪ ਤੋਂ ਪੜ੍ਹਿਆ ਸੀ ਤੇ ਉਹਨਾਂ ਦਾ ਆਦਰ ਵੀ ਬਹੁਤ ਕਰਦਾ ਸੀ।? ਉਹਦੇ ਕੋਰਸ ਦਾ ਇੱਕ ਸਾਲ ਪੂਰਾ ਹੋ ਚੁੱਕਾ ਸੀ ਤੇ ਮੇਰੇ ਦੋ ਸਾਲ ਸ਼ੁਰੂ ਹੋ ਗਏ ਸਨ। ਜਦੋਂ ਮੈਂ ਕਦੇ ਪਿੰਡ ਆਉਂਦਾ ਤਾਂ ਮੈਂ ਪੰਕਜ ਦੇ ਘਰ ਜਾ ਕੇ ਉਹਦੇ ਲਈ ਪੈਸੇ ਜਾਂ ਹੋਰ ਇਧਰ ਉਧਰ ਦਾ ਸਾਮਾਨ ਵੀ ਲੈ ਜਾਂਦਾ ਸਾਂ। ਮੈਂ ਪੰਕਜ ਦੇ ਨਾਲ ਪਟਿਆਲੇ ਦੇ ਉੱਤਰ 'ਚ ਬਡੂੰਗੜ ਇਲਾਕੇ 'ਚ ਰਹਿੰਦਾ ਸਾਂ? ਜਿੱਥੇ ਪੰਕਜ ਰਹਿੰਦਾ ਸੀ। ਇਸ ਘਰ ਬਾਰੇ ਮੈਨੂੰ ਬਿਲਕੁਲ ਨਹੀਂ ਸੀ ਪਤਾ ਪਰ ਬਾਅਦ 'ਚ ਪਤਾ ਲੱਗਿਆ ਇਹ ਘਰ ਦੂਰੋਂ ਪਾਰੋਂ ਪੰਕਜ ਦੇ ਰਿਸ਼ਤੇਦਾਰ ਸਨ। ਉਹਦੇ ਬਾਪ ਨੇ ਸੱਭ ਤੋਂ ਪਹਿਲਾਂ ਆਪਣੀ ਜਾਤ ਦੇ ਘਰ ਲੱਭਣ ਦਾ ਉਪਰਾਲਾ ਕੀਤਾ ਸੀ। ਇੱਕ ਸਾਲ ਤਾਂ ਅਸਾਨੀ ਨਿਕਲ ਗਿਆ? ਦੂਜੇ ਸਾਲ ਪੰਕਜ ਦਾ ਕੋਰਸ ਪੂਰਾ ਹੋਣ 'ਤੇ ਉਹ ਚਲਾ ਗਿਆ ਤੇ ਮੇਰੇ ਨਾਲ ਪ੍ਰੀ-ਮੈਡੀਕਲ ਕਰਕੇ ਆਇਆ ਵਿਦਿਆਰਥੀ ਸੁਖਵਿੰਦਰ ਆ ਗਿਆ। ਉਹ ਨਾਨਕਸਰ ਗੁਰਦੁਆਰੇ ਦੇ ਪਿਛੇ ਪਿੰਡ ਮੱਲ੍ਹਾ (ਲੁਧਿਆਣੇ) ਦਾ ਜੰਮਪਲ ਸੀ। ਘਰ ਵਿੱਚ ਸੁਖਾਲਾ ਹੋਣ ਕਾਰਨ ਉਹਦਾ ਕੰਮ ਪੜ੍ਹਨਾ ਘੱਟ ਤੇ ਇਧਰ-ਉਧਰ ਦੀਆਂ ਗੱਲਾਂ ਮਾਰਨੀਆਂ ਜ਼ਿਆਦਾ ਸਨ। ਉਹ ਸ਼ਾਮ ਨੂੰ ਖੇਡਣ ਤੁਰਿਆ ਰਹਿੰਦਾ ਸੀ। ਅਸੀਂ ਦੋਹੇਂ ਘਰ 'ਚ ਚਾਹ, ਦੁੱਧ, ਰੋਟੀ ਬਣਾਉਂਦੇ ਸਾਂ। ਮੇਰੀ ਚੜ੍ਹਦੀ ਉਮਰ ਵੀ ਖ਼ਰਮਸਤੀਆਂ ਕਰਨ ਲੱਗੀ? ਦਰਅਸਲ ਸੁਖਵਿੰਦਰ ਦੀਆਂ ਗੱਲਾਂ ਮੈਨੂੰ ਪ੍ਰਭਾਵਿਤ ਕਰਨ ਲੱਗੀਆਂ ਸਨ।? ਉਹਨਾਂ ਦਿਨਾਂ ਵਿੱਚ ਹੀ ਵੱਡੀ ਘਟਨਾ ਵਾਪਰ ਗਈ? ਜਿਸ ਘਰ 'ਚ ਅਸੀਂ ਰਹਿੰਦੇ ਸਾਂ ਉਹਨਾਂ ਘਰ ਅੱਠਵੀਂ-ਨੌਵੀਂ 'ਚ ਪੜ੍ਹਦੀ ਇੱਕ ਮੱਧਰੇ ਕੱਦ ਦੀ ਕੁੜੀ ਆ ਗਈ। ਉਹ ਘਰ 'ਚ 'ਮਾਸੀ ਦੀ ਕੁੜੀ' ਕਰਕੇ ਜਾਣੀ ਜਾਣ ਲੱਗੀ। ਚੜ੍ਹਦੀ ਉਮਰ ਦੇ ਦੋ ਕਿਰਾਏਦਾਰ (ਅਸੀਂ) ਉਹਦੀਆ ਗੱਲਾਂ ਵੀ ਕਰਦੇ ਸਾਂ ਅਤੇ ਪਤਾ ਨਹੀਂ ਕਦੋਂ ਸੁਖਵਿੰਦਰ ਨੇ ਉਹਦੇ ਨਾਲ ਦੋ ਚਾਰ ਕਰ ਲਈਆਂ ਉਹਦੀ ਸਿਹਤ ਵੀ ਚੰਗੀ ਸੀ। ਉਹ ਨੌਵੀਂ ਦੀ ਵਿਦਿਆਰਥਣ ਨਹੀਂ ਸੀ ਲੱਗਦੀ, ਚੰਗੀ ਡੀਲ-ਡੌਲ ਵਾਲੀ ਕੁੜੀ ਸੀ।? ਫਿਰ ਕੀ ਸੀ ਗੱਲ ਵੱਧਦੀ-ਵੱਧਦੀ ਵੱਧ ਗਈ?ਸੁਖਵਿੰਦਰ ਨਾਲ ਉਹਦੀ ਅਜਿਹੀ ਸਾਂਝ ਵਧੀ ਕਿ ਉਹ ਸਰੀਰਾਂ ਦੀ ਬਾਤ ਪਾਉਣ ਲੱਗੇ। ਸਾਡਾ ਕਮਰਾ ਬਾਹਰ ਗਲੀ ਵੱਲ ਨੂੰ ਖੁੱਲ੍ਹਦਾ ਸੀ।? ਕੁੜੀ ਸਾਡੇ ਸਾਹਮਣੇ ਕਮਰੇ 'ਚ ਸੌਂਦੀ ਸੀ।? ਫਿਰ ਕੀ ਸੀ ਟਿਕੀ ਰਾਤ 'ਚ ਸੁਖਵਿੰਦਰ ਉਹਦੇ ਕਮਰੇ 'ਚ ਜਾ ਵੜਦਾ। ਇੱਕ ਚੜ੍ਹਦੀ ਉਮਰ ਦਾ ਜੁਆਨ, ਉੱਪਰੋਂ ਭਾਵਨਾਵਾਂ ਦਾ ਹੜ੍ਹ ਤੇ ਉਤੋਂ ਮੌਕਾ 'ਸਾਨੂੰ ਕਿਸੇ ਦਾ ਡਰ ਨਹੀਂ' ਦੋ ਚਾਰ ਵਾਰ ਸੁਖਵਿੰਦਰ ਉਹਨੂੰ ਆਪਣੇ ਕਮਰੇ ਵਿੱਚ ਵੀ ਲੈ ਆਇਆ ਸੀ। ਲੰਬਾ ਜਿਹਾ ਕੱਛਾ ਪਾਈ ਉਹ ਕੁੜੀ ਸਾਨੂੰ ਸਮਰਪਿਤ ਭਾਵਨਾ 'ਚ ਮਿਲਣ ਲੱਗੀ?

'ਬਚੀਂ.... ਬਚੀਂ ਭਰਾਵਾ ਦੇਖੀਂ ਕਿਤੇ ਜ਼ਿੰਦਗੀ ਨਾ ਰੋਲ ਦੇਵੀਂ ਇਹਦੀ....' ਮੈਂ ਸੁਖਵਿੰਦਰ ਤੋਂ ਛੋਟਾ ਹੋਣ ਕਰਕੇ ਇਹੋ ਜਿਹੀਆਂ ਹਦਾਇਤਾਂ ਕਰਦਾ। ਦਰਅਸਲ ਮੇਰਾ ਬਾਪ ਮੇਰੇ ਨਾਲ ਸਿੱਧੀਆਂ ਗੱਲਾਂ ਕਰਦਾ ਰਿਹਾ ਸੀ ਤੇ 'ਜਣਨ ਪ੍ਰਕਿਰਿਆ' ਬਾਰੇ ਮੈਨੂੰ ਛੋਟੀ ਉਮਰ ਤੋਂ ਹੀ ਪਤਾ ਲੱਗਦਾ ਰਿਹਾ ਸੀ। ਮੈਂ ਹਮੇਸ਼ਾਂ ਸੁਖਵਿੰਦਰ ਨੂੰ ਇਸ ਕੰਮ ਦੇ ਭਿਆਨਕ ਨਤੀਜਿਆਂ ਬਾਰੇ ਜਾਗਰੂਕ ਵੀ ਕਰਦਾ ਰਹਿੰਦਾ ਸਾਂ। ਸੁਖਵਿੰਦਰ ਇੱਕ ਉਜਾੜ ਅਤੇ ਛੋਟੇ ਪਿੰਡੋਂ ਆਇਆ ਹੋਣ ਕਰਕੇ ਹਦਾਇਤਾਂ ਭੁੱਲ ਜਾਂਦਾ ਸੀ?'ਹਊ ਪਰ੍ਹੇ' ਕਰ ਛੱਡਦਾ ਸੀ। ਫਿਰ ਉਹੀ ਗੱਲ ਹੋਈ ਸਾਡਾ ਕੋਰਸ ਪੂਰਾ ਹੋ ਗਿਆ ਤੇ ਉਹ ਕੁੜੀ ਮਾਂ ਬਣ ਗਈ।

ਸੁਖਵਿੰਦਰ ਦਾ ਤਾਂ ਕੋਈ ਥੋਹ ਪਤਾ ਨਾ ਲੱਗਾ ਪਰ ਇਕ ਜ਼ਾਤ ਦੀ ਸਾਂਝ ਹੋਣ ਕਰਕੇ ਉਹ ਬਡੂੰਗੜ ਪਰਿਵਾਰ ਪੰਕਜ ਦੇ ਘਰ ਆਉਂਦਾ ਜਾਂਦਾ ਸੀ। ਉਹਨਾਂ ਦੀ ਇੱਕ ਪੜ੍ਹੀ ਲਿਖੀ ਔਰਤ ਉਸ ਘਰ 'ਚ ਆ ਗਈ? ਉਹਨੇ ਸਾਰੀਆਂ ਸ਼ਕਾਇਤਾਂ ਜੋ ਮੇਰੀ ਔਕਾਤ ਤੋਂ ਬਾਹਰ ਦੀਆਂ ਸਨ ਲਾ ਦਿੱਤੀਆਂ। ਪੰਕਜ ਦਾ ਪਿਤਾ ਮੇਰੇ ਬਾਪ ਦੇ ਸਕੂਲ 'ਚ ਆ ਪਹੁੰਚਾ। ਜੇ ਸਿਆਣਾ ਹੁੰਦਾ ਮੇਰੇ ਬਾਪ ਨਾਲ ਇਕੱਲਾ ਬਹਿ ਗੱਲ ਕਰਦਾ। ਉਹਨੇ ਤਾਂ ਸਕੂਲ ਦੇ ਮੁੱਖ ਅਧਿਆਪਕ ਦੇ ਸਾਹਮਣੇ ਬਹਿ ਮੇਰੀ ਜਿਹੀ ਦੀ ਤਿਹੀ ਫੇਰ ਦਿੱਤੀ? ਮੇਰਾ ਬਾਪ ਧੌਣ ਨੀਵੀਂ ਕਰ ਘਰ ਪਹੁੰਚਿਆ।

ਗੁੱਸੇ 'ਚ ਭਰਿਆ ਪੀਤਾ ਬਾਪ ਕਹਿਣ ਲੱਗਾ, 'ਪੁੱਤ ਸ਼ਰਮ ਤਾਂਹਨੀ ਆਈ.... ਪਟਿਆਲੇ ਕੀ ਚੰਦ ਚਾੜ੍ਹ ਤਾ....?'
'ਕੀ ਹੋਇਆ?' ਮੈਨੂੰ ਗੱਲਬਾਤ ਦਾ ਅਹਿਸਾਸ ਹੋ ਗਿਆ ਸੀ।
'ਜਿੰਦਾਂ ਪਤਾ ਨਹੀਂ ਹੁੰਦਾ.... ਦੂਰ ਫਿਟੇ ਮੂੰਹ....।' ਇੱਕ ਥੱਪੜ ਮੇਰੀ ਸੱਜੀ ਗੱਲ 'ਤੇ ਛਪ ਗਿਆ।? ਮੈਨੂੰ ਘੁੰਮਣ-ਘੇਰੀਆਂ ਆ ਗਈਆਂ।

'ਪੁੱਤ ਕਿੱਦਾਂ ਤੈਨੂੰ ਮੈਂ ਸਮਝਾਉਂਦਾ ਸੀ.... ਸ਼ਰਮ ਤਾਂਹਨੀ ਆਈ.... ਜੇ ਆਹ ਕੰਮ ਕਰਨੇ ਸੀ ਸੰਭਲ ਕੇ....'
ਪਿਉ ਨੇ ਇਹ ਸ਼ਬਦ ਪਤਾ ਨਹੀਂ ਕਿੱਦਾਂ ਕਹਿ ਦਿੱਤੇ।
ਮੈਂ ਰੋਂਦੇ ਨੇ ਕਿਹਾ, 'ਸੁਖਵਿੰਦਰ ਨੇ ਕੀਤਾ ਸੱਭ ਕੁਝ।'

ਮੇਰੇ ਇੱਕ ਹੋਰ ਚਪੇੜ ਆ ਪਈ।? ਮੈਂ ਚੁੱਪ ਕਰ ਗਿਆ। ਦਰਅਸਲ ਸਾਰਾ ਕੁੱਝ ਸੁਖਵਿੰਦਰ ਦਾ ਕੀਤਾ ਮੇਰੇ 'ਤੇ ਵੀ ਆ ਗਿਆ ਸੀ। ਭਾਵੇਂ ਮੈਂ ਜਾਗਰੂਕ ਸਾਂ।

ਉੱਧਰੋਂ ਮੇਰੀ ਫਰਮਾਕੋਲੋਜੀ ਵਿੱਚੋਂ ਰੀਅਪੀਅਰ ਆ ਗਈ।? ਮੈਂ ਦੁੱਖ ਕਾਰਨ ਬੇਵੱਸ ਸਾਂ।
'ਪੁੱਤ ਹੁਣ ਮੇਰੇ ਮੁੱਖ ਅਧਿਆਪਕ ਨੇ ਪਤਾ ਕੀ ਕਿਹਾ....?'
ਮੇਰੇ ਬਾਪ ਦੇ ਚਿਹਰੇ 'ਤੇ ਦੁੱਖ ਦੇ ਭਾਵ ਸਨ।

ਕਹਿਣ ਲੱਗਾ, 'ਤੁਸੀਂ ਚੂਹੜੇ ਚਮਾਰਾ' ਨੇ ਸੁਆਹ ਤਰੱਕੀ ਕਰਨੀ....'
ਫਿਰ ਚੁੱਪ ਦਾ ਵਾਤਾਵਰਣ
'ਦੱਸ ਹੁਣ ਕੀ ਕਰਨੈਂ....?'
'ਪੇਪਰ ਦੇਣਾ ਪਟਿਆਲੇ!'

ਮੈਂ ਨਾਂਹ ਕਰ ਦਿੱਤੀ? ਮੈਂ ਉਸ ਦਿਨ ਜ਼ਿੰਦਗੀ 'ਚ ਬੇਹੱਦ ਪ੍ਰੇਸ਼ਾਨ ਹੋਇਆ।? ਬਾਪ ਦੇ ਬੁਝੇ ਚਿਹਰੇ ਦੀ ਦਾਸਤਾਨ 'ਤੇ ਉੱਪਰੋਂ ਅਸਫ਼ਲਤਾ ਦਾ ਆਲਮ ਮੇਰੇ ਦਿਲ ਦੀ ਨੁਕਰ 'ਚ ਬੈਠ ਗਿਆ।

ਮੈਂ ਸ਼ਾਮ ਛੇ ਕੁ ਵਜੇ ਘਰੋਂ ਬਾਹਰ ਨਿੱਕਲ ਗਿਆ। ਮੇਰੇ ਪਿੰਡ ਦੇ ਨਾਲ ਹੀ ਅੱਧੀ ਖੂਹੀ ਹੈ? ਇਲਾਕੇ 'ਚ ਇਹ ਖੂਹੀ ਸ਼ਰਾਬ ਦੇ ਠੇਕੇ ਕਰਕੇ ਮਸ਼ਹੂਰ ਹੈ। ਇਸ ਖੂਹੀ ਦਾ ਨਾਂ ਵੀ ਇਸ ਕਰਕੇ ਪਿਆ ਹੈ ਕਿਉਂਕਿ ਇਹ ਅੱਧੀ ਕਪੂਰਥਲੇ ਜ਼ਿਲ੍ਹੇ 'ਚ ਹੈ ਤੇ ਅੱਧੀ ਜਲੰਧਰ ਵਿੱਚ। ਉਹਦੇ ਨੇੜੇ ਚੱਲਦੀ ਨਹਿਰ ਮੇਰੇ ਲਈ ਪ੍ਰਮੁੱਖ ਸੀ? ਕਿਉਂਕਿ ਇਸ ਨਹਿਰ 'ਚ ਮੈਂ ਗਰਮੀਆਂ ਨੂੰ ਆਪਣੇ ਨਾਲ ਦੇ ਜੁਆਕਾਂ ਨਾਲ ਨਹਾਉਂਦਾ ਰਿਹਾ ਸਾਂ? ਮੈਂ ਜ਼ਜ਼ਬਾਤੀ ਹੋਇਆ, ਪਿਤਾ ਦੇ ਚਿਹਰੇ ਨੂੰ ਜ਼ਿਹਨ 'ਚ ਲਿਆਉਂਦਾ, ਉਸ ਨਹਿਰ ਵਿੱਚ ਡੁੱਬਣ ਜਾ ਰਿਹਾ ਸਾਂ।? ਤੁਰਿਆ ਗਿਆ, ਤੁਰਿਆ ਗਿਆ। ਅੱਧੀ ਖੂਹੀ ਤੇ ਇੱਕ ਰਸਭਰੀ ਦਾ ਪਊਆ ਲਿਆ। ਨੇੜਲੇ ਨਲਕੇ 'ਤੇ ਖੜ੍ਹ ਕੇ ਡੀਕ ਲਾ ਇੱਕੋ ਸਾਹੇ ਪੀ ਗਿਆ। ਥੋੜ੍ਹੀ ਦੇਰ ਬਾਅਦ ਅੱਖਾਂ ਲਾਲ ਹੋ ਗਈਆਂ? ਹੁਣ ਜੀਵਨ ਦਾ ਆਖਰੀ ਦਿਨ ਮਹਿਸੂਸ ਕਰ ਮੈਂ ਨਾਲ ਦੀ ਨਹਿਰ ਦੇ ਪੁਲ ਵੱਲ ਨੂੰ ਵੱਧ ਗਿਆ? ਕੁੱਝ ਪਲ ਲਈ ਮੈਨੂੰ ਆਪਣਾ ਪਰਿਵਾਰ ਯਾਦ ਆਇਆ। ਛੋਟੇ ਭਰਾ ਦਾ ਮੇਰੇ ਪਿੱਛੇ ਪਿੱਛੇ ਭੱਜੇ ਫਿਰਨਾਂ ਮੈਨੂੰ ਕਈ ਵਾਰ ਯਾਦ ਆਇਆ। ਛੋਟੀ ਭੈਣ ਵੱਲੋਂ ਮੇਰੇ ਰੋਜ਼ਾਨਾ ਕੀਤੇ ਜਾਂਦੇ ਪ੍ਰੈਸ ਕੱਪੜੇ ਮੈਨੂੰ ਪਿੰਡ ਵੱਲ ਨੂੰ ਖਿੱਚਣ ਲੱਗੇ? ਤਾਜ਼ੀ ਸੂਈ ਬੂਰੀ ਮੱਝ ਦੇ ਕੱਟੜੂ ਨੂੰ ਹੱਥ 'ਤੇ ਰੱਖ ਖਿਲਾਉਣਾ ਗੁੜ ਮੇਰੇ ਅੰਦਰ ਖੌਰੂ ਪਾਉਣ ਲੱਗਾ। ਜਦੋਂ ਮੈਂ ਨਹਿਰ ਦੇ ਪੁੱਲ 'ਤੇ ਚੜ੍ਹ ਗਿਆ ਤਾਂ ਕੀ ਦੇਖਦਾ ਹਾਂ ਨਹਿਰ ਸੁੱਕੀ ਪਈ ਹੈ। ਪਾਣੀ ਉੱਕਾ ਹੀ ਨਹੀਂ।? ਉਂਝ ਇਸ ਥਾਂ 'ਤੇ ਸੱਭ ਤੋਂ ਵੱਧ ਪਾਣੀ ਹੁੰਦਾ ਸੀ? ਸ਼ਰਾਬ ਮੈਨੂੰ ਚੜ੍ਹ ਚੁੱਕੀ ਸੀ? ਮੈਂ ਨਹਿਰ ਵਿੱਚ ਉੱਤਰ ਗਿਆ। ਭਰਾ ਅਤੇ ਭੈਣ ਲਈ ਕੁਝ ਸਿੱਪੀਆਂ ਅਤੇ ਘੋਗੇ ਇਕੱਤਰ ਕਰ ਜੇਬ 'ਚ ਪਾ ਲਏ।

ਫਿਰ ਮੈਂ ਉਹਨੀਂ ਪੈਰੀਂ ਵਾਪਸ ਪਿੰਡ ਵੱਲ ਨੂੰ ਤੁਰ ਪਿਆ।

'ਮੈਂ ਤਾਂ ਮਰਨ ਲਈ ਕਦਮ ਪੁੱਟਿਆ ਸੀ' ਜਿਉਂ ਹੀ ਪਿੰਡ ਨੇੜੇ ਆਇਆ ਮੈਨੂੰ ਸੱਜੇ ਹੱਥ ਗੁਰੂ ਰਵਿਦਾਸ ਦਾ ਗੁਰਦੁਆਰਾ ਨਜ਼ਰ ਆਇਆ। ਮੈਂ ਚੁੱਪ-ਚੁਪੀਤੇ ਗੁਰਦੁਆਰੇ ਅੰਦਰ ਲੰਘ ਗਿਆ।? ਮੱਥਾ ਤਾਂ ਮੈਂ ਕੀ ਟੇਕਣਾ ਸੀ? ਮੈਂ ਉੱਪਰ ਨੂੰ ਚੜ੍ਹਦੀਆਂ ਪੌੜੀਆਂ 'ਤੇ ਜਾ ਬੈਠਾ? ਅੱਖਾਂ 'ਚ ਅੱਥਰੂ ਤੇ ਜ਼ਿਹਨ 'ਚ ਭਵਿੱਖ ਦਾ ਸੁਪਨਾ? ਪਟਿਆਲੇ ਵੱਲੋਂ ਵੀ ਅਸਫ਼ਲਤਾ ਮਿਲ ਚੁੱਕੀ ਸੀ।

ਘੰਟਾ, ਦੋ ਘੰਟੇ, ਤਿੰਨ ਘੰਟੇ ਬੀਤ ਗਏ। ਘਰ ਵਿੱਚ ਭਾਜੜ ਮੱਚ ਗਈ।? ਮੈਨੂੰ ਲੱਭਣ ਲਈ ਘਰਦਿਆਂ ਵਹੀਰਾਂ ਘੱਤ ਲਈਆਂ।? ਆਖ਼ਰ ਮੇਰੇ ਪਿਓ ਨੇ ਗੁਰਦੁਆਰੇ ਦੀਆਂ ਪਾਉੜੀਆਂ 'ਚ ਬੈਠਿਆਂ ਮੈਨੂੰ ਲੱਭ ਲਿਆ।? ਪਿਆਰ ਨਾਲ ਬਾਪ ਕਹਿਣ ਲੱਗਾ, 'ਅਇਥੇ ਕੀ ਕਰਦਾ?'

'ਭਾਪਾ ਜੀ ਮਰ ਜਾਣੈ ਮੈਂ ਤਾਂ' ਸ਼ਰਾਬ ਛੋਟੀ ਉਮਰ 'ਚ ਜ਼ਿਆਦਾ ਪੀਣ ਕਰਕੇ ਪੂਰੀ ਤਰ੍ਹਾਂ ਪ੍ਰਭਾਵ ਦਿਖਾ ਰਹੀ ਸੀ। ਮੈਂ ਅੰਦਰੋਂ ਬਾਹਰੋਂ ਇੱਕ ਹੋ ਚੁੱਕਾ ਸਾਂ।
'ਸ਼ਰਾਬ ਪੀਤੀ ਆ! '
'ਆਹੋ....'

'ਪੁੱਤ ਉੱਠ ਕੁੱਝ ਨੀ ਹੁੰਦਾ.... ਜੇ ਅਸਫ਼ਲ ਹੋ ਗਿਆ ਤਾਂ....ਪਿਤਾ ਅੰਦਰ ਸਹਿਜਤਾ, ਨਿਮਰਤਾ ਸੱਭ ਕੁੱਝ ਆ ਚੁੱਕਾ ਸੀ।? ਜਿਵੇਂ ਮੈਨੂੰ ਲੱਭਦਿਆਂ ਉਹ ਡਰ ਚੁੱਕਾ ਹੋਵੇ।

ਮੈਨੂੰ ਘਰ ਲਿਆ ਉਹਨੇ ਰੋਟੀ ਖੁਆਈ। ਇਮਲੀ ਦਾ ਘੋਲ ਵੀ ਪਿਆ ਤਾ।

ਸਵੇਰੇ ਬਾਪ ਮੇਰੇ ਸਿਰਹਾਣੇ ਖੜ੍ਹਾ ਹੋ ਕਹਿਣ ਲੱਗਾ, 'ਪੁੱਤਰ ਦੱਸ ਹੁਣ ਤੂੰ ਕੀ ਕਰਨਾ?'
ਮੈਂ ਚੁੱਪ ਸਾਂ।

'ਕੰਮ ਕਰਨੈ ਕਿ ਪੜਨਾ' , ਬਾਪ ਨੇ ਥੋੜ੍ਹਾ ਖਿਝ ਕੇ ਕਿਹਾ।? ਪਤਾ ਨਹੀਂ ਮੇਰੇ ਅੰਦਰੋਂ ਕਿੱਥੋਂ ਸ਼ਕਤੀ ਆ ਗਈ ਮੈਂ ਹੌਲੀ ਜਿਹੀ ਕਹਿ ਦਿੱਤਾ 'ਪੜ੍ਹਨੈ'

'ਹੁਣ ਪੁੱਤਰ ਸੱਭ ਕੁੱਝ ਤੇਰੇ ਹਵਾਲੇ ਜੋ ਪੜ੍ਹਨੈ ਆਪ ਚੁਣ, ਮੈਂ ਕੁੱਝ ਨੀ ਕਹਿਣਾ ਤੈਨੂੰ.... ਬਸ ਪੈਸਾ ਲਾ ਦਊਂ ਮੈਂ ਤਾਂ....'
ਮੇਰੇ ਵੱਲੋਂ ਫਿਰ ਚੁੱਪ ਸੀ।

'ਸੈਇੰਸ ਕਿ ਆਟਸ?' ਮੈਂ ਚੁੱਪ-ਚਪੀਤੇ ਕਹਿ ਦਿੱਤਾ 'ਆਰਟਸ'। ਦਰਅਸਲ ਉਦੋਂ ਮੈਂ ਛੋਟੀਆਂ-ਛੋਟੀਆਂ ਕਵਿਤਾਵਾਂ ਲਿਖਣ ਲੱਗ ਪਿਆ ਸਾਂ।
'ਕੱਲ ਦਾਖਲਾ ਲੈ ਲਾ' ਮੇਰੇ ਬਾਪ ਨੇ ਸੁਰਖ਼ਰੂ ਹੁੰਦਿਆ ਕਿਹਾ।
'ਡੀ. ਏ. ਵੀ ਕਾਲਜ ਕਿ ਖਾਲਸਾ ਕਾਲਜ?'
ਮੈਂ ਚੁੱਪ ਸਾਂ।

'ਪੁੱਤਰ ਖਾਲਸਾ ਕਾਲਜ 'ਚ ਮੇਰੇ ਦੋ ਵਿਦਿਆਰਥੀ ਪ੍ਰੋਫ਼ੈਸਰ ਲੱਗੇ ਆ.... ਉਹਨਾਂ ਕੋਲ ਚੱਲਦੇ ਆਂ।'

ਬਸ ਫਿਰ ਕੀ ਸੀ ਮੇਰੀ ਸਾਰੀ ਰਾਤ ਸੋਚਦਿਆਂ ਲੰਘ ਗਈ। ਛੋਟੀ ਭੈਣ ਤੇ ਭਰਾ ਦਾ ਚਿਹਰਾ ਵੀ ਮੈਨੂੰ ਦੇਖ ਪ੍ਰਸ਼ਾਨ ਸੀ। ਅੱਗੇ ਅਸੀਂ ਰੋਜ਼ ਹਾਸਰਸ ਖੇਡਾਂ ਖੇਡਦੇ ਸਾਂ।

ਅਗਲੀ ਸਵੇਰ ਬਾਪ ਮੈਨੂੰ ਖਾਲਸਾ ਕਾਲਜ ਲੈ ਗਿਆ। ਉੱਥੇ ਪੀਅਨ ਤੋਂ ਪ੍ਰੋਫ਼ਸਰ ਧਰਮ ਸਿੰਘ ਅਤੇ ਨਮਿੰਦਰ ਸਿੰਘ ਖਹਿਰਾ ਬਾਰੇ ਪੁੱਛ-ਗਿੱਛ ਕੀਤੀ। ਪੀਅਨ ਨੇ ਸਾਨੂੰ ਖਾਲਸਾ ਕਾਲਜ ਦੀ ਰਿਹਾਇਸ਼ੀ ਕਲੋਨੀ 'ਚ ਪ੍ਰੋ. ਨਮਿੰਦਰ ਖਹਿਰਾ ਕੋਲ ਭੇਜ ਦਿੱਤਾ। ਮੈਂ ਖਹਿਰਾ ਸਾਹਿਬ ਦੇ ਪੈਰੀਂ ਹੱਥ ਲਾਇਆ। 'ਪੁੱਤਰ ਕਿਹੜੀ ਕਲਾਸ 'ਚ ਦਾਖਲ ਹੋਣੈ?'

'ਪ੍ਰੈਪ ਵਿੱਚ'
'ਪੁੱਤਰ ਤੇਰਾ ਡੀਲ-ਡੌਲ ਤਾਂ ਵੱਡਿਆਂ ਵਾਲਾ ਲੱਗਦੈ'

ਮੈਂ ਚੁੱਪ ਸਾਂ।
ਫਿਰ ਮੇਰੇ ਬਾਪ ਵੱਲ ਦੇਖ ਨਮਿੰਦਰ ਖਹਿਰਾ ਕਹਿਣ ਲੱਗੇ,
'ਮਾਸਟਰ ਜੀ ਮੁੰਡਾ ਤਾਂ ਐਕਟਰਾਂ ਵਰਗਾ'

ਇਹ ਗੱਲ ਸੁਣ ਮੇਰਾ ਬਾਪ ਸਿਰਫ਼ ਮੁਸਕਰਾਇਆ ਸੀ। ਮੈਨੂੰ ਮਹਿਸੂਸ ਹੋਇਆ ਜਿਵੇਂ ਮੂੰਹ 'ਚ ਕਹਿ ਰਿਹਾ ਹੋਵੇ, 'ਇਹਦੇ ਐਕਟਰਪੁਣੇ ਨੇ ਪਟਿਆਲੇ ਚੰਦ ਵੀ ਚਾੜ੍ਹ ਤਾ'।

ਮੈਂ ਖਾਲਸਾ ਕਾਲਜ ਜਲੰਧਰ ਵਿੱਚ ਦਾਖਲ ਹੋ ਗਿਆ। ਮੈਂ ਮਨ ਹੀ ਮਨ ਤਹੱਈਆ ਕਰ ਲਿਆ ਕਿ ਬਾਪ ਤੋਂ ਕਿਤਾਬਾਂ ਲਈ ਪੈਸੇ ਨਹੀਂ ਮੰਗਣੇ? ਕਾਲਜ ਦੀ ਲਾਇਬਰੇਰੀ ਜਾ ਇੱਧਰੋਂ-ਉੱਧਰੋਂ ਕਿਤਾਬਾਂ ਇਕੱਤਰ ਕਰ ਮੈਂ ਪੜ੍ਹਾਈ ਸ਼ੁਰੂ ਕਰ ਦਿੱਤੀ? ਬੀ. ਏ. ਪਹਿਲਾ ਸਾਲ 'ਚ ਮੈਂ ਜ਼ਿਲ੍ਹਾ ਭਾਸ਼ਾ ਅਫ਼ਸਰ ਜਲੰਧਰ 'ਚ ਪੰਜਾਬੀ ਸ਼ਾਰਟਹੈਂਡ ਵੀ ਸਿਖਣੀ ਸ਼ੁਰੂ ਕਰ ਦਿੱਤੀ? ਦੋ ਵਜੇ ਕਾਲਜ ਤੋਂ ਵਿਹਲਾ ਹੋ ਮੈਂ ਆਪਣਾ ਸਾਇਕਲ ਪ੍ਰੋ. ਨਮਿੰਦਰ ਖਹਿਰਾ ਦੇ ਘਰੋਂ ਚੁੱਕਦਾ ਤੇ ਮਾਡਲ ਟਾਊਨ ਭਾਸ਼ਾ ਵਿਭਾਗ ਦੇ ਦਫ਼ਤਰ ਜਾ ਪਹੁੰਚਦਾ। ਦੋ ਤੋਂ ਚਾਰ ਵਜੇ ਤੱਕ ਸ਼ਾਰਟਹੈਂਡ ਦੀ ਕਲਾਸ ਲੱਗਦੀ ਸੀ।? ਪੰਜਾਬੀ ਭਾਸ਼ਾ ਪ੍ਰਤੀ ਮੋਹ ਅਤੇ ਗੰਭੀਰਤਾ ਮੈਨੂੰ ਉਸ ਸਥਾਨ ਤੋਂ ਮਿਲੀ। ਉਸ ਵੇਲੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਗੋਬਿੰਦ ਸਿੰਘ ਲਾਂਬਾ ਜੀ ਸਨ। ਉਹ ਹਮੇਸ਼ਾਂ ਆਪਣੇ ਕਾਰਜ ਵਿੱਚ ਰੁੱਝੇ ਹੋਏ ਰਹਿੰਦੇ। ਮੈਂ ਚੁੱਪ-ਚੁਪੀਤੇ ਉਹਨਾਂ ਮੂਹਰਿਉਂ ਦੀ ਲੰਘਦਾ ਤੇ ਸਾਹਮਣੇ ਬੋਰਡ 'ਤੇ ਟਿਕਾਏ ਹੋਏ ਮੈਗਜ਼ੀਨ 'ਪੰਜਾਬੀ ਦੁਨੀਆਂ' ਤੇ 'ਜਨ ਸਾਹਿਤ' ਪੜ੍ਹਦਾ। ਉਂਝ ਮੇਰੀਆਂ ਉਹਨਾਂ ਦਿਨਾਂ ਵਿੱਚ ਕਹਾਣੀਆਂ ਪੰਜਾਬੀ ਦੇ ਸਾਰੇ ਪਰਚਿਆਂ ਵਿੱਚ ਛਪਣ ਲੱਗ ਪਈਆਂ ਸਨ। ਭਾਸ਼ਾ ਵਿਭਾਗ ਵਿੱਚ ਸ਼ਾਰਟਹੈਂਡ ਸਿਖਦਿਆਂ ਮੇਰੀ ਸਾਂਝ ਕੁੜੀ ਨਵਜੀਤ ਨਾਲ ਪੈ ਗਈ। ਉਹ ਮੇਰੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵੱਲ ਉਚੇਚਾ ਧਿਆਨ ਦਿੰਦੀ ਸੀ। ਉਹਦੀ ਕਲਾਸ ਸਵੇਰੇ ਨੌਂ ਤੋਂ ਗਿਆਰਾਂ ਵਜੇ ਤੱਕ ਹੁੰਦੀ ਸੀ ਪਰ ਉਹਦੀ ਖ਼ੂਬੀ ਸੀ ਕਿ ਉਹ ਦੋ ਵਜੇ ਤੱਕ ਮੇਰਾ ਇੰਤਜ਼ਾਰ ਕਰਦੀ ਸੀ। ਮੇਰੇ ਦਫ਼ਤਰ ਪੁੱਜਣ 'ਤੇ ਉਹ ਫੁੱਲ ਵਾਂਗ ਖਿੜ ਜਾਂਦੀ ਸੀ। ਮੈਨੂੰ ਮਹਿਸੂਸ ਹੁੰਦਾ ਜਿਵੇਂ ਉਹਦੇ ਕੋਲ ਢੇਰਾਂ ਦੀਆਂ ਢੇਰ ਗੱਲਾਂ ਸਨ ਪਰ ਉਹ ਮੇਰੇ ਸਾਹਮਣੇ ਚੁੱਪ ਕਰ ਜਾਂਦੀ। ਉਹ ਮੈਨੂੰ ਉਹਨਾਂ ਦਿਨਾਂ ਵਿੱਚ ਗੁਰਦਾਸ ਮਾਨ ਦਾ ਚੱਲ ਜਿਹਾ ਗੀਤ 'ਸੱਜਣਾ ਵੇ ਨਹੀਂਓ ਕਦੇ ਝਗੜੇ ਕਰੀਂਦੇ' ਕਈ ਵਾਰ ਸੁਣਾ ਚੁੱਕੀ ਸੀ।

ਮੈਂ ਖਾਲਸਾ ਕਾਲਜ ਤੋਂ ਬੀ. ਏ. ਮੁਕੰਮਲ ਕਰ ਲਈ?। ਜਲੰਧਰ ਦੇ ਡੀ. ਏ. ਵੀ. ਕਾਲਜ ਵਿੱਚ ਮੈਂ ਐਮ. ਏ. ਪੰਜਾਬੀ ਵਿੱਚ ਦਾਖਲੇ ਬਾਰੇ ਸੋਚਣ ਲੱਗਾ? ਦਰਅਸਲ ਮੈਂ ਐਮ. ਏ. ਖਾਲਸਾ ਕਾਲਜ ਜਲੰਧਰ ਵਿੱਚ ਹੀ ਕਰਨੀ ਚਾਹੁੰਦਾ ਸੀ ਪਰ ਵਿਭਾਗ ਦੇ ਮੁਖੀ ਡਾ. ਨਿਰੰਜਣ ਸਿੰਘ ਢੇਸੀ ਦੇ ਬਦੇਸ਼ ਜਾਣ ਕਾਰਣ ਮੇਰਾ ਮਨ ਉਦਾਸ ਹੋ ਗਿਆ? ਮੈਂ ਤੇ ਗ਼ਜ਼ਲਗੋ ਸੁਰਿੰਦਰ ਸੋਹਲ ਨੇ ਡੀ. ਏ. ਵੀ ਕਾਲਜ 'ਚ ਦਾਖਲਾ ਲੈ ਲਿਆ। ਅਸਲ ਵਿੱਚ ਕੁਦਰਤ ਜੋ ਕਰਦੀ ਹੈ ਠੀਕ ਹੀ ਕਰਦੀ ਹੈ ਅਤੇ ਉਸ ਸੈਸ਼ਨ ਤੋਂ ਬਾਅਦ ਖਾਲਸਾ ਕਾਲਜ 'ਚ ਨਕਲ ਦੇ ਕੇਸ ਬਣ ਗਏ ਤੇ ਨਤੀਜਾ ਉਂਝ ਹੀ ਕਈ ਸਾਲ ਲਟਕਿਆ ਰਿਹਾ ਸੀ।

ਡੀ. ਏ. ਵੀ. ਕਾਲਜ 'ਚ ਡਾ. ਟੀ. ਆਰ. ਸ਼ੰਗਾਰੀ ਦੀਆਂ ਕਦਰਾਂ-ਕੀਮਤਾਂ ਵਾਲੀਆਂ ਗੱਲਾਂ ਤੋਂ ਮੈਂ ਬੇਹੱਦ ਪ੍ਰਭਾਵਿਤ ਹੋਇਆ। ਐਮ. ਏ. ਚੰਗੇ ਨੰਬਰਾਂ 'ਚ ਕਰ ਲਈ? ਡੀ. ਏ. ਵੀ ਕਾਲਜ 'ਚ ਪੜ੍ਹਦਿਆਂ ਹੀ ਮੈਂ 'ਨਾਗਮਣੀ' ਵਿੱਚ ਛੱਪਣ ਲੱਗ ਪਿਆ ਸਾਂ।? ਮੈਂ ਉਚੇਚੇ ਤੌਰ 'ਤੇ ਅੰਮ੍ਰਿਤਾ ਪ੍ਰੀਤਮ ਵੱਲੋਂ ਲਿਖੀਆਂ ਚਿੱਠੀਆਂ ਡਾ. ਸ਼ੰਗਾਰੀ ਨੂੰ ਵਿਖਾਉਂਦਾ ਸਾਂ। ਫਿਰ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜਲੰਧਰ ਕੈਂਪਸ ਤੋਂ ਐਮ. ਫਿਲ. ਕਰ ਲਈ? ਯੂ. ਜੀ. ਸੀ. ਦਾ ਟੈਸਟ ਪਾਸ ਕਰ ਲਿਆ। ਡੀ. ਏ. ਵੀ. ਕਾਲਜ 'ਚ ਪ੍ਰਾਧਿਆਪਕ ਨਿਯੁਕਤ ਹੋ ਗਿਆ। ਕੁੱਝ ਸਾਲ ਆਰਜੀ ਲੈਕਚਰਾਰ ਰਿਹਾ ਤੇ ਫਿਰ ਪਰਮਾਨੈਂਟ ਹੋ ਮੈਂ ਪੀ. ਐਚ. ਡੀ. ਵੀ ਮੁਕੰਮਲ ਕਰ ਲਈ।

2011 ਵਿੱਚ ਮੇਰੇ ਬਾਪ ਦਾ ਦਿਹਾਂਤ ਹੋ ਗਿਆ। ਮੈਂ ਵਿਚਲੇ ਸਾਲਾਂ ਵਿੱਚ ਬਹੁਤੇ ਲੋਕਾਂ ਨੂੰ ਨਾ ਮਿਲਿਆ? ਦਰਅਸਲ ਆਲਾ ਸਿੰਘ ਨੇ ਮੇਰੇ ਨਾਲ ਵਾਪਰੀਆਂ ਘਟਨਾਵਾਂ ਦਾ ਰੌਲਾ ਆਪਣੇ ਪਿੰਡ ਵਿੱਚ ਵੀ ਪਾ ਦਿੱਤਾ ਸੀ।

ਜਦੋਂ ਵੀ ਕਦੇ ਕੋਈ ਉਸ ਪਿੰਡ ਦਾ ਜਾਣੂ ਮੈਨੂੰ ਮਿਲਦਾ ਤਾਂ ਮਸ਼ਕਰੀਆਂ 'ਚ ਅਕਸਰ ਕਹਿੰਦਾ ਸੀ, 'ਪਟਿਆਲੇ ਚੰਦ ਚਾੜ੍ਹ ਤਾ ਸੀ।' ਬਸ ਮੈਂ ਚੁੱਪ ਰਹਿ ਲੋਕਾਂ ਦੀਆਂ ਗੱਲਾਂ ਨੂੰ ਅੰਦਰੋਂ-ਅੰਦਰੀਂ ਮਹਿਸੂਸ ਕਰਦਾ ਸਫ਼ਲਤਾ ਦੀ ਪੌੜੀ ਵੱਲ ਨੂੰ ਵੱਧ ਰਿਹਾ ਸਾਂ। ਮੇਰੇ ਛੋਟੇ ਭਰਾ ਦੇ ਘਰ ਮੇਰੇ ਬਾਪ ਦੇ ਪਾਠ ਦਾ ਭੋਗ ਸੀ। ਭੋਗ 'ਤੇ ਬਾਪ ਦੀ ਸ਼ਖ਼ਸੀਅਤ ਨੂੰ ਉਘਾੜਨ ਵਾਲੇ ਬਹੁਤ ਲੋਕ ਆਏ।? ਇਲਾਕੇ ਦੇ ਇਸ ਮਹਾਨ ਹਿਸਾਬ ਅਧਿਆਪਕ ਲਈ ਬਹੁਤ ਸਾਰੇ ਵਿਸ਼ੇਸ਼ਣ ਲਾਏ ਗਏ। ਸਕੂਲ ਦਾ ਸਾਬਕਾ ਮੁੱਖ-ਅਧਿਆਪਕ ਅਤੇ ਹੁਣ ਕੈਨੇਡਾ ਦਾ ਵਸਨੀਕ ਬਾਪ ਦਾ ਬੌਸ ਅਧਿਆਪਕ ਵੀ ਪਹੁੰਚਿਆ ਹੋਇਆ ਸੀ। ਪੰਕਜ ਹੈਲਨ ਦਾ ਬੁੱਢਾ ਬਾਪ ਆਲਾ ਸਿੰਘ ਵੀ ਅਫ਼ਸੋਸ ਕਰਨ ਵਾਲਿਆਂ ਦਾ ਇੱਕ ਹਿੱਸਾ ਸੀ।? ਮੈਂ ਭਰਾ ਦੇ ਵੱਡੇ ਹਾਲ 'ਚ ਬੈਠਾ ਚੁੱਪ-ਚਾਪ ਉਹਨਾਂ ਸਭਨਾਂ ਦੀਆਂ ਗੱਲਾਂ ਸੁਣ ਰਿਹਾ ਸਾਂ।

ਆਲਾ ਸਿੰਘ ਕਹਿ ਰਿਹਾ ਸੀ, 'ਇਹ ਸੱਭ ਕੁੱਝ ਤੇਰੇ ਬਾਪ ਦੀ ਬਦੌਲਤ ਆ.... ਤੂੰ ਸ਼ਹਿਰ 'ਚ ਵੱਡੀ ਕੋਠੀ ਪਾ ਲਈ, ਘਰੋਂ ਤੇਰੇ ਵੱਡੀ-ਅਫ਼ਸਰ, ਭਰਾ ਤੇਰੇ ਨੇ ਵੀ ਚੰਗਾ ਘਰ ਬਣਾ ਲਿਆ.... ਬਸ ਬਜ਼ੁਰਗਾਂ ਦੀ ਮਿਹਨਤ ਸਦਕਾ...'

'ਤੇਰੀਆਂ ਕਤਾਬਾਂ ਮੈਂ ਕੈਨੇਡਾ 'ਚ ਪੜ੍ਹਦਾ ਰਹਿੰਦੈ.... ਮਾਣ ਨਾਲ ਦੱਸਦਾ ਸੱਭ ਨੂੰ.... ਪਰ ਤੂੰ ਮੈਨੂੰ ਕਦੇ ਯਾਦ ਨਹੀਂ ਕੀਤਾ, ਤੇਰੇ ਬਾਪ ਨਾਲ ਮੇਰੇ ਭਰਾਵਾਂ ਨਾਲੋਂ ਵੱਧ ਕੇ ਸੰਬੰਧ ਸਨ....?' ਬਜ਼ੁਰਗ ਮੁੱਖ-ਅਧਿਆਪਕ ਮੈਨੂੰ ਉਲਾਂਹਭਾ ਦੇ ਰਿਹਾ ਸੀ। ਫਿਰ ਪੰਕਜ ਹੇਲਨ ਮੇਰੇ ਨੇੜੇ ਹੋਇਆ।? ਆਪਣੀ ਪਤਨੀ ਨੂੰ ਮਿਲਾਉਂਦਿਆ ਕਹਿਣ ਲੱਗਾ, 'ਜਾਣਦਾ ਤੂੰ ਇਹ ਕੌਣ ਆ?'

'ਨਮਸਤੇ ਜੀ!' 'ਨਹੀ!' ਮੈਂ ਸਿਰ ਫੇਰ ਦਿੱਤਾ।

'ਆਪਾਂ ਜਦੋਂ ਪਟਿਆਲੇ ਰਹਿੰਦੇ ਸਾਂ.... ਬਡੂੰਗੜ ਵਾਲੇ ਘਰ.... ਉਸ ਕੁੜੀ ਦੀ ਵੱਡੀ ਭੈਣ ਆ.... ਜਿਹਨਾਂ ਤੁਸੀਂ.... ਇਹ ਨਰਸ ਸੀ ਰਜਿੰਦਰਾ ਹਸਪਤਾਲ 'ਚ.... ਹੁਣ ਇਧਰ ਜੌਬ ਕਰਦੀ....।' ਮੈਂ ਉਸ ਕੁੜੀ ਨੂੰ ਧਿਆਨ ਨਾਲ ਦੇਖਿਆ। ਫਿਰ ਜਦੋਂ ਸਾਰੇ ਚਲੇ ਗਏ ਤਾਂ ਮੇਰਾ ਛੋਟਾ ਭਰਾ ਕਹਿਣ ਲੱਗਾ, ਭਾਜੀ- ਇਹ ਪੰਕਜ ਸੀ.... ਇਹ ਤਾਂ ਨਾਲ ਦੇ ਪਿੰਡ ਨੌਕਰੀ ਕਰਦੈ ਮੈਂ ਕਈ ਆਰ ਦੇਖਿਆ, ਧੁੱਪੇ ਬੈਠਾ ਗੋਲੀਆਂ ਵੰਡਦਾ ਰਹਿੰਦਾ....ਤੂੰ ਤਾਂ ਪ੍ਰੋਫ਼ੈਸਰ ਲੱਗ ਕੇ ਇਹਨਾਂ ਤੋਂ ਬਾਹਲੈ ਉੱਪਰ ਚਲਾ ਗਿਆ.... ਚੱਲ ਹੁਣ ਏ. ਸੀ. 'ਚ ਬੈਠੀਏ....।

# ਦਲਿਤਾਂ ਦੇ ਲਹੂ ਨਾਲ ਲਥ ਪਥ ਪੰਜਾਬ - ਭਾਰਤ

## (ਅਨੁਸੂਚਿਤ ਜਾਤੀ ਕਮਿਸ਼ਨ ਦੀ ਭੂਮਿਕਾ)



ਪੇਸ਼ਕਾਰ ਬਖ਼ਸ਼ੀ ਰਾਮ ਲੁਧਿਆਣਾ
+91 94 632 68101

ਅੱਜ ਪੰਜਾਬ ਸੜ ਰਿਹਾ ਹੈ, ਰਾਜਸਥਾਨ ਸੜ ਰਿਹਾ ਹੈ, ਉਤਰ ਪ੍ਰਦੇਸ਼ ਸੜ ਰਿਹਾ ਹੈ। ਸਾਰਾ ਭਾਰਤ ਸੜ ਰਿਹਾ ਹੈ। ਭਾਂਬੜ ਬਲ ਰਹੇ ਹਨ। ਉਚੀਆਂ ਲਾਟਾਂ ਨਿਕਲ ਰਹੀਆਂ ਹਨ।ਅੱਗਾਂ ਲਾਉਣ ਵਾਲੇ ਅੱਗਾਂ ਲਾ ਰਹੇ ਹਨ। ਦੇਖਣ ਵਾਲੇ ਉਚੇ ਚੜ੍ਹ ਕੇ ਦੇਖ ਰਹੇ ਹਨ। ਬੁਝਾਉਣ ਵਾਲੇ ਸੌਂ ਰਹੇ ਹਨ ਸ਼ਾਇਦ ਗੂਹੜੀ ਨੀਂਦੇ। ਕੋਈ ਦਿਨ ਸੁੱਕਾ ਨਹੀਂ ਜਾਂਦਾ ਜਦ ਕਿਸੇ ਨਾ ਕਿਸੇ ਦਲਿਤ ਦੇ ਕਤਲ ਦੀ ਕੋਈ ਸੁਰਖ਼ੀ ਸਮਾਚਾਰ ਪਤਰਾਂ ਵਿਚ ਨਾ ਹੋਵੇ। ਫਿਰ ਸਿਤਮ ਜ਼ਰੀਫੀ ਇਹ ਕਿ ਪੁਲਿਸ ਸਭ ਕੁਝ ਜਾਣ ਬੁਝ ਕੇ ਵੀ ਕੇਸ ਦਰਜ ਕਰਨ ਤੋਂ ਕੰਨੀਂ ਕਤਰਾਉਂਦੀ ਹੈ। ਲੋਕ ਭੀੜ ਜੁੜਦੀ ਹੈ। ਧਰਨੇ ਲਾਉਂਦੀ ਹੈ। ਆਵਾਜਾਈ ਰੋਕਦੀ ਹੈ। ਆਮ ਲੋਕ ਅਵਾਜ਼ਾਰ ਹੁੰਦੇ ਹਨ। ਤਰਾਹਿ ਤਰਾਹਿ ਮਚਦੀ ਹੈ ਤਾਂ ਜਾ ਕੇ ਪੰਜਵੇਂ ਸੱਤਵੇਂ ਦਿਨ ਕਿਤੇ ਕੇਸ ਦਰਜ ਹੁੰਦਾ ਹੈ। ਮਾਫੀਆ ਸਰਗਨਾ, ਕਾਤਲ, ਗੁਨਾਹਗਾਰ, ਤਦ ਤੱਕ ਸੌ ਆਪਣੇ ਰਾਜਨੀਤਕ ਸ਼ਰਣਦਾਤਾ ਪੈਦਾ ਕਰ ਲੈਂਦਾ ਹੈ। ਸੌ ਜਤਨ ਕਰਨ ਦੇ ਬਾਵਜੂਦ ਵੀ ਪੁਲਿਸ ਦੀ ਗਰਿਫਤ ਤੋਂ ਬਚਣ ਦੇ ਉਪਾਅ ਕਰ ਲੈਂਦਾ ਹੈ ਹੈ। ਹੌਲੀ ਹੌਲੀ ਭੀੜਾਂ ਅੱਕ ਥੱਕ ਜਾਂਦੀਆਂ ਹਨ। ਲੋਕ ਕਿਰਨੇ ਸ਼ੁਰੂ ਹੋ ਜਾਂਦੇ ਹਨ। ਭੀੜ ਖ਼ਤਮ ਹੋ ਜਾਂਦੀ ਹੈ। ਤਾਂ ਜਾ ਕੇ ਕਾਤਲ, ਮੁਜਰਮ, ਉਪੱਦਰਵੀ ਪੁਲਿਸ ਪਾਸ ਪੇਸ਼ ਹੋ ਜਾਂਦਾ ਹੈ। ਜਾਂ ਕੋਈ ਉਚ ਪਾਵਰਫੁਲ ਵਿਅਕਤੀ ਸਭ ਪ੍ਰਬੰਧ ਕਰ ਕੇ ਕਾਤਲਾਂ, ਗੁਨਹਗਾਰਾਂ ਨੂੰ ਪੁਲਿਸ ਪਾਸ ਪੇਸ਼ ਕਰਵਾ ਦਿੰਦਾ ਹੈ। ਮਨ ਮਰਜ਼ੀ ਦੇ ਬਿਆਨ ਦਰਜ ਕੀਤੇ ਜਾਂਦੇ ਹਨ। ਅਦਾਲਤ ਤੋਂ ਬਾਹਰ ਹੀ ਲੈ ਦੇ ਕਰ ਕੇ ਕੇਸ ਦਾ ਫੈਸਲਾ ਕਰਨ ਦਾ ਯਤਨ ਕੀਤਾ ਜਾਂਦਾ ਹੈ। ਨਾ ਫੈਸਲਾ ਹੋਵੇ ਤਾਂ ਉਹੀ ਧਮਕੀਆਂ ਫਿਰ ਉਹੀ ਡਰਾਵੇ ਫਿਰ। ਸਰਕਾਰ ਵਲੋਂ ਜ਼ਾਲਿਮ ਮੁਜਰਿਮ ਦੀ ਸੌ ਹਿਮਾਇਤ ਪਰ ਜਿਸ ਨੇ ਜ਼ੁਲਮ ਝੱਲਿਆ ਹੈ ਉਸ ਵਲ ਕੋਈ ਧਿਆਨ ਨਹੀਂ। ਮੁਜਰਿਮ ਨੇ ਤਾਂ ਕਈ ਸੌ ਵੋਟਾਂ ਲੈ ਕੇ ਦੇਣੀਆਂ ਹੋਈਆਂ। ਉਹ ਗ਼ਰੀਬ ਦਲਿਤ ਸਾਲਾ ਨੰਗ ਕੀ ਲਈ ਬੈਠਾ ਹੈ। ਮਰਨ ਦਿਓ।

ਇਹ ਸਭ ਕੁਝ ਹੈ ਦੇਣ ਵੋਟ ਰਾਜ ਦੀ, ਨੋਟ ਰਾਜ ਦੀ ਬਾਹੂ ਬਲ ਦੀ। ਕਹਿਣ ਨੂੰ ਭਾਰਤ ਇਕ ਸਾਰਵ ਭੌਮ ਸੋਸ਼ਲਿਸਟ ਡੈਮੋਕਰੈਟਿਕ ਰੀਪਬਲਿਕ "We the people of India having solemnly resolved to the constitution of India into a 1[SOVEREIGN SOCIALIST SECULAR DEMOCRATIC REPUBLIC] and to secure to all its citizens: JUSTICE, social, economic and political; LIBERTY of thought, expression, belief, faith and worship; EQUALITY of status and of opportunity; and to promote among them all FRATERNITY assuring the dignity of the individual and the 2[unity and integrity of the Nation]; IN OUR CONSTITUENT ASSEMBLY this twentysixth day of November, 1949, do HEREBY ADOPT, ENACT AND GIVE TO OURSELVES THIS Constitution" ਹੈ। ਪਰ ਕੀ ਇਸ ਸਮੇਂ ਪੰਜਾਬ ,ਉਤਰ ਪ੍ਰਦੇਸ਼ ਰਾਜਸਥਾਨ ਵਿਚ ਸ਼ਖ਼ਸੀ ਰਾਜ ਨਹੀਂ ਚੱਲ ਰਿਹਾ? ਕੀ ਸ਼ਖ਼ਸੀ ਰਾਜ ਇਸ ਤੋਂ ਇਲਾਵਾ ਕਿਸੇ ਹੋਰ ਤਰ੍ਹਾਂ ਦਾ ਹੁੰਦਾ ਹੈ? ਰਾਜੇ ਦੇ ਮੂੰਹੋਂ ਨਿਕਲਿਆ ਹਰ ਸ਼ਬਦ ਕਾਨੂੰਨ ਹੁੰਦਾ ਹੈ। ਤੇ ਇਥੇ ਕੀ ਹੈ? ਇਥੇ ਵੀ ਤਾਂ ਇਹੀ ਕਾਨੂੰਨ ਚੱਲਦਾ ਹੈ। ਕੌਣ ਜਾਣਦਾ ਹੈ ਕਿ ਭਾਰਤ ਦਾ ਸੰਵਿਧਾਨ ਵੀ ਕੋਈ ਚੀਜ਼ ਹੈ? ਇਨ੍ਹਾਂ ਰਾਜੇ ਰੂਪੀ ਰਾਜਨੀਤੀਵਾਨਾ ਨੂੰ ਆਪਣਾ ਵੋਟ ਬੈਂਕ ਸੁਰਖਿਅਤ ਰੱਖਣ ਦੀ ਸਦਾ ਹੀ ਫਿਕਰ ਰਹਿੰਦੀ ਹੈ ਤੇ ਉਸ ਵਾਸਤੇ ਅੱਜ ਸਭ ਤੋਂ ਕਾਰਗਰ ਹਥਿਆਰ ਬਾਹੂ ਬਲ ਹੈ ਜਿਸ ਦਾ ਡਰ, ਭੈ ਗ਼ਰੀਬ ਲੋਕਾਂ ਵਿਚ ਪੈਦਾ ਕਰ ਕੇ ਵੋਟਾਂ ਹਾਸਲ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਉਤੇ ਹੱਥ ਹੁਣ ਇਹ ਲਹੂ ਲਿੱਬੜੇ ਹੱਥਾਂ ਵਾਲੇ ਰਾਜਨੀਤੀਵਾਨ ਪਾਉਣ ਤਾਂ ਕਿਵੇਂ ਪਾਉਣ। ਪੁਲਿਸ ਇਨ੍ਹਾਂ ਨੇ ਪੰਜਾਬ ਵਿਚ ਜਥੇਦਾਰਾਂ ਦੇ ਹੱਥਾਂ ਵਿਚ ਬੰਨ੍ਹ ਰੱਖੀ ਹੈ।ਜੋ ਉਨ੍ਹਾਂ ਨੇ ਕਹਿਣਾ ਹੈ ਉਹੀ ਪੁਲਿਸ ਵਲੋਂ ਹੋਣਾ ਹੈ।

ਸ਼ੂਦਰ ਅਛੂਤ ਲੋਕਾਂ ਉਤੇ ਅੱਤਿਆਚਾਰ ਤਾਂ ਉਦੋਂ ਤੋਂ ਹੀ ਹੋਣੇ ਸ਼ੁਰੂ ਹੋ ਗਏ ਸਨ ਜਦ ਇਨ੍ਹਾਂ ਨੂੰ ਭਲੀ ਚੰਗੀ ਉਨੱਤ ਸੋਸਾਇਟੀ ਸਮਾਜ ਵਿਚੋਂ ਕੱਢ ਕੇ ਖਾਨਾ ਬਦੋਸ਼ਾਂ ਦੀ ਤਰ੍ਹਾਂ ਘਰੋਂ ਬੇ-ਘਰ ਕਰ ਕੇ ਕੁੱਲੀਆਂ ਝੁੱਗੀਆਂ ਵਿਚ ਰਹਿਣ ਲਈ ਅੱਜ ਤੋਂ ਚਾਰ ਪੰਜ ਹਜ਼ਾਰ ਸਾਲ ਪਹਿਲਾਂ ਹੀ ਮਜਬੂਰ ਕਰ ਦਿੱਤਾ ਸੀ। ਮੋਰੀਆ ਖ਼ਾਨਦਾਨ ਦੇ ਸੁਨਹਿਰੀ ਸਮੇਂ ਨੂੰ ਛਡ ਕੇ ਫਿਰ ਕਦੇ ਕੰਮੀਆਂ ਦੇ ਵਿਹੜੇ ਦਾ ਸੂਰਜ ਨਹੀਂ ਮਘਿਆ। ਜ਼ੁਲਮ ਸਹਿੰਦਿਆਂ ਦੇ ਜਦ ਘਾਸੇ ਪੈ ਗਏ ਤਾਂ ਆਪਣੇ ਆਪ ਹੀ ਇਨ੍ਹਾਂ ਲੋਕਾਂ ਦੇ ਬਜ਼ੁਰਗਾਂ ਨੇ ਸਿਰ ਸੁੱਟ ਲਏ ਤੇ ਕਿਸਮਤ ਨੂੰ ਕੋਸ ਕੇ ਸਭ ਬਰਦਾਸ਼ਤ ਕਰਨ ਲੱਗੇ। ਸੁਤੰਤਰਤਾ ਉਪਰੰਤ ਹਰ ਇਨਸਾਨ ਦੇ ਹਰੇਕ ਖੇਤਰ ਵਿਚ ਇਕੋ ਜਿਹੇ ਹਕੂਕ ਬਹਾਲ ਕਰਨ ਨਾਲ ਇਨ੍ਹਾਂ ਸ਼ੂਦਰ, ਅਛੂਤ ਦਲਿਤਾਂ ਪਿਛੜਿਆਂ ਦਾ ਪੁਨਰ ਜਾਗਰਣ ਹੋਇਆ। ਆਪਣਿਆਂ ਹੱਕ ਹਕੂਕਾਂ ਲਈ ਉਚ ਜਾਤੀਆਂ ਦੇ ਲੋਕਾਂ ਸਾਹਮਣ ਜਦੋਂ ਉਜਰਦਾਰੀ ਹੋਣ ਲੱਗੀ ਦਲੀਲ ਬਾਜ਼ੀ ਹੋਣ ਲੱਗੀ ਤਾਂ ਅੱਗੜਿਆਂ ਨੇ ਇਸ ਨੂੰ ਬਰਦਾਸ਼ਤ ਨਾ ਕੀਤਾ। ਅੱਗੜਿਆਂ, ਉਚ ਜਾਤੀਏ ਲੋਕਾਂ ਦੀ ਮਾਨਸਿਕਤਾ ਇਸ ਗੱਲ ਦੀ ਆਗਿਆ ਨਹੀਂ ਦਿੰਦੀ ਕਿ ਸਦੀਆਂ ਤੋਂ ਉਨ੍ਹਾਂ ਦੇ ਸਾਹਮਣੇ ਹਰ ਲੋੜ ਲਈ ਗਿੜਗਿੜਾਉਣ ਵਾਲਾ ਆਦਮੀ ਬਰਾਬਰ ਬੋਲਣ ਦੀ ਹਿੰਮਤ ਕਰੇ। ਇਥੇ ਤੇ ਕੇਵਲ ਇਥੇ ਆ ਕੇ ਕੋਈ ਨਾ ਕੋਈ ਘਟਨਾ ਘਟ ਜਾਂਦੀ ਹੈ। ਕਦੇ ਮਾਰ ਕੁੱਟ ਕਦੇ ਕਤਲ ਕਦੇ ਬਲਾਤਕਾਰ ਕਦੇ ਲੁੱਟ ਖਸੁੱਟ ਤੇ ਹੋਰ ਕੀ ਨਹੀਂ। ਸਰਕਾਰ ਹੈ ਕਿ ਇਸ ਵਿਚ ਇੱਛਾ ਸ਼ਕਤੀ ਦੀ ਕਮੀਂ ਹੈ ਬਲਕਿ ਇਛਾ ਸ਼ਕਤੀ ਹੈ ਹੀ ਨਹੀਂ। ਇਕੋ ਧੁੰਨ ਸਵਾਰ ਹੈ ਸੱਤਾ ਸੁਖ ਭੋਗਣਾ, ਐਸ਼ ਕਰਨਾ ਤੇ ਅਗਲੀਆਂ ਪੀੜ੍ਹੀਆਂ ਲਈ ਧੰਨ ਜੋੜਨਾ। 2007 ਦੀਆਂ ਚੋਣਾ ਤੋਂ ਬਾਅਦ ਪੰਜਾਬ ਵਿਚ ਅਕਾਲੀ ਬੀ ਜੇ ਪੀ ਦੇ ਜਿੱਤਣ ਉਪਰੰਤ ਜਦ ਇਨ੍ਹਾਂ ਦੀ ਸਰਕਾਰ ਆਈ ਤਾਂ ਕਿਸੇ ਪੱਤਰਕਾਰ ਨੇ ਬਲਸ਼ਾਲੀ ਅਕਾਲੀ ਆਗੂ ਨੂੰ ਸਵਾਲ ਕਰ ਦਿੱਤਾ ਕਿ 'ਹੁਣ ਤਾਂ ਬੀ ਜੇ ਪੀ ਤੁਹਾਡੇ ਨਾਲ ਹੈ ਤੇ ਤੁਸੀਂ ਅਨੰਦ ਪੁਰ ਸਾਹਿਬ ਦਾ ਮਤਾ, ਪਾਣੀਆਂ ਦੀ ਵੰਡ, ਪੰਜਾਬੀ ਬੋਲਦੇ ਇਲਾਕੇ ਵਾਪਿਸ ਲੈਣ ਲਈ ਜ਼ੋਰ ਕਿਉਂ ਨਹੀ ਪਾ ਰਹੇ', ਤਾਂ ਉਚ ਬਲ ਸ਼ਾਲੀ ਲੀਡਰ ਸਾਹਿਬ ਦਾ ਜਵਾਬ ਸੀ, 'ਓ ਛੱਡੋ ਜੀ! ਪੁਰਾਣੀਆਂ ਕਬਰਾਂ ਨਾ ਪੁੱਟੋ, ਸਾਨੂੰ ਪੰਜ ਸਾਲ ਰਾਜ ਕਰ ਲੈਣ ਦਿਓ'। ਇਸੇ ਤਰ੍ਹਾਂ ਪ੍ਰਸਿੱਧ ਸੀਨੀਅਰ ਪੱਤਰਕਾਰ ਸ਼੍ਰੀ ਪ੍ਰਭੂ ਚਾਵਲਾ ਜੀ ਇਕ ਟੀ ਵੀ ਚੈਨਲ ਤੇ ਕਿਸੇ ਚੋਟੀ ਦੇ ਕਾਂਗਰਸੀ ਲੀਡਰ ਨੂੰ ਸਵਾਲ ਕਰ ਕੇ ਪੁੱਛਦੇ ਹਨ ਕਿ ਜੇਕਰ ਦਲਿਤਾਂ ਦੀ ਹਿਮਾਇਤ ਨਾਲ ਉਹ 2017 ਦੀਆਂ ਚੋਣਾ ਜਿੱਤ ਜਾਂਦੇ ਹਨ ਤਾਂ ਕੀ ਉਹ ਕਿਸੇ ਦਲਿਤ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਨਾ ਮੰਨ ਲੈਣਗੇ? ਉਨ੍ਹਾਂ ਨੇ ਝੱਟ ਨਾਂਹ ਵਿਚ ਉਤਰ ਦੇ ਦਿੱਤਾ ਤੇ ਕਿਹਾ ਕਿ ਦਲਿਤਾਂ ਦੇ ਤਾਂ ਛੇ ਸੱਤ ਹੋਰ ਪ੍ਰਾਂਤਾਂ ਵਿਚ ਮੁੱਖ ਮੰਤਰੀ ਹਨ। ਜੱਟਾਂ ਦਾ ਤਾਂ ਇਕੱਲੇ ਪੰਜਾਬ ਵਿਚ ਹੀ ਬਣ ਸਕਦਾ ਹੈ ਇਸ ਲਈ ਉਹ ਪੰਜਾਬ ਵਿਚ ਕਿਸੇ ਜੱਟ ਨੂੰ ਹੀ ਮੁੱਖ ਮੰਤਰੀ ਦੇਖਣਾ ਪਸੰਦ ਕਰਨਗੇ। ਪੱਤਰ ਪ੍ਰੇਰਕ ਸਾਹਿਬ ਨੇ ਫਿਰ ਸਵਾਲ ਦਾਗ਼ ਦਿੱਤਾ ਕਿ ਉਹ 32% ਹਨ ਤੇ ਜੱਟ ਥੋੜ੍ਹੇ। ਜੱਟ ਕਿਥੇ ਵਾਰੇ ਆਉਣ ਦਿੰਦੇ ਹਨ ਬੋਲੇ ਕਿ ਮੁੱਖ ਮੰਤਰੀ ਤਾਂ ਜੱਟ ਹੀ ਹੋਵੇਗਾ। ਛੇ, ਸੱਤ ਦਲਿਤ ਮੁੱਖ ਮੰਤਰੀ ਬਾਕੀ ਦੀਆਂ ਸਟੇਟਾਂ ਵਿਚ ਬੈਠੇ ਹਨ ਪਰ ਜੱਟਾਂ ਲਈ ਤਾਂ ਇਹ ਇਕੋ ਇੱਕ ਸਟੇਟ ਪੰਜਾਬ ਹੀ ਹੈ। ਇਹ ਹੈ ਰਾਜਨੀਤੀਵਾਨਾ ਦੀ ਖੋਟੀ ਨੀਅੱਤ ਝਗੜੇ ਨਿਵਾਰਣ ਕਰਵਾਉਣ ਤੇ ਦਲਿਤਾਂ ਪ੍ਰਤੀ ਪਹੁੰਚ ਦੀ ਮਿਸਾਲ। ਦੋਹਾਂ ਰਾਜਨੀਤੀਵਾਨਾ ਦੇ ਢੀਠ ਮਾਨਸਿਕਤਾ ਅਧੀਨ ਦਿੱਤੇ ਰਾਜ ਸੱਤਾ ਸੁਖ ਮਾਨਣ ਦੀ ਲਲਕ ਵਿਚ ਦਿੱਤੇ ਬਿਆਨਾ ਤੋਂ ਹੀ ਦਲਿਤ ਵਿਰੋਧੀ ਹੋਣ ਦੀ ਬਦਬੂ ਆਉਂਦੀ ਹੈ।

ਹੁਣੇ ਹੁਣੇ ਲੰਘੇ ਕੁਝ ਸਾਲਾਂ ਵਿਚ ਹਰਿਆਣੇ ਵਿਚ ਘਟੀ ਦਲਿਤ ਵਿਰੋਧੀ ਘਟਨਾ ਨੇ ਜਿਸ ਵਿਚ 5 ਚਮਾਰ ਜਾਤੀ ਦੇ ਬੰਦਿਆਂ ਨੂੰ ਠਾਣੇ ਵਿਚ ਹੀ ਭੀੜ ਇਕੱਤਰ ਕਰ ਕੇ ਉਸ ਨੂੰ ਖੁਲ੍ਹੀ ਛੋਟ ਦੇ ਕੇ ਇਸ ਕਰਕੇ ਕੁਟ ਕੁਟ ਕੇ ਮਰਵਾ ਦਿਤਾ ਦਿੱਤਾ ਗਿਆ ਸੀ ਕਿਉਂ ਕਿ ਉਹ ਮਰੀ ਹੋਈ ਗਊ ਦਾ ਚੰਮ ਲਾਹ ਕੇ ਆਉਂਦੇ ਹੋਏ ਪੁਲਿਸ ਅੜਿੱਕੇ ਚੜ੍ਹ ਕੇ ਉਨ੍ਹਾਂ ਨੂੰ ਰਿਸ਼ਵਤ ਨਾ ਦੇ ਸਕੇ। ਪੁਲਿਸ ਨੇ ਜਾਣ ਬੁਝ ਕੇ ਇਲਜ਼ਾਮ ਲਾ ਦਿੱਤਾ ਕਿ ਚੰਮ ਜਿਉਂਦੀ ਗਾਂ ਦਾ ਕੱਢਿਆ ਗਿਆ ਸੀ। ਗੁਜਰਾਤ ਵਿਚ ਰੋਹਿਤ ਵੇਮੁੱਲਾ ਕਾਂਡ ਪਿਛੋਂ ਪੰਜ ਦਲਿਤ ਮੁੰਡਿਆਂ ਨੂੰ ਜਿਉਂਦਿਆਂ ਨੂੰ ਕੋਹ ਕੋਹ ਕੇ ਕੁੱਟਣਾ ਉਪਰੰਤ ਦਲਿਤ ਅੰਦੋਲਨ ਭੜਕਣਾ ਅਜੇ ਤਾਜ਼ਾ ਹੀ ਘਟਨਾਵਾਂ ਹਨ। ਰੋਹਿਤ ਵੇਮੁੱਲਾ ਕੇਸ ਵਿਚ ਇਕ ਅਤਿ ਪ੍ਰਭਾਵ ਰੱਖਦੇ ਕੇਂਦਰੀ ਮੰਤਰੀ ਤੇ ਯੂਨੀਵਰਸਿਟੀ ਦੇ ਵੀ ਸੀ ਦੀ ਭੂਮਿਕਾ ਸਭ ਨੂੰ ਪਤਾ ਹੈ। ਰਾਜਸਥਾਨ ਵਿਚ ਦੀਆਂ ਦਲਿਤ ਵਿਰੋਧੀ ਅਨੇਕ ਘਟਨਾਵਾਂ ਹਨ ਜਿਨ੍ਹਾਂ ਵਿਚ ਜ਼ਮੀਨ ਦੇ ਝਗੜੇ ਨੂੰ ਲੈ ਕੇ ਜਿਉਂਦੇ ਇਨਸਾਨਾਂ ਉਤੇ ਜਾਣ ਬੁੱਝ ਕੇ ਟਰੈਕਟਰ ਚੜ੍ਹਾ ਕੇ ਮਾਰ ਦੇਣ ਦਾ ਮਸਲਾ ਬਹੁਤ ਸਮਾਂ ਮਘਦਾ ਰਿਹਾ ਹੈ। ਦਲਿਤ ਮੁੰਡਿਆਂ ਨੂੰ ਮੋਟਰ ਸਾਈਕਲਾਂ ਤੇ ਚੜ੍ਹਨੋ ਰੋਕਿਆ ਜਾਂਦਾ ਹੈ । ਵਿਆਂਦੜ ਜੁਆਨਾ ਨੂੰ ਵਿਆਹ ਸਮੇਂ ਘੋੜੀ ਸਜਾ ਕੇ ਉਸ ਉਤੇ ਚੜ੍ਹਨ ਤੋਂ ਰੋਕਣ ਸਮੇਂ ਫਸਾਦ ਹੋ ਰਹੇ ਹਨ।ਸਰਕਾਰ ਹੈ ਕਿ ਰੋਕਣ ਦਾ ਨਾਮ ਤੱਕ ਨਹੀ ਲੈਂਦੀ।

ਬਹੁਤ ਬੁਰਾ ਹਾਲ ਹੈ ਪੰਜਾਬ ਦਾ। ਭੀਮ ਟਾਂਕ ਨਾਂ ਦੇ ਦਲਿਤ ਨੂੰ ਸ਼ਰਾਬ ਦੇ ਠੇਕੇਦਾਰ ਦੇ ਕਾਰਿੰਦਿਆਂ ਨੇ ਲੱਤਾਂ ਬਾਹਾਂ ਕੱਟ ਕੇ ਮਾਰ ਦਿੱਤਾ ਸੀ। ਦਲਿਤ ਮਾਂ ਬੇਟੀ ਨੂੰ ਚੱਲਦੀ ਬੱਸ ਵਿਚੋਂ ਧੱਕਾ ਦੇ ਕੇ ਇਸ ਕਰ ਕੇ ਸੁੱਟ ਦਿੱਤਾ ਗਿਆ ਸੀ ਕਿਉਂਕਿ ਉਹ ਬੇਲਗਾਮ ਕੰਡਕਟਰ ਦੀਆਂ ਬਦਤਮੀਜ਼ੀਆਂ ਝੱਲਣ ਨੂੰ ਤਿਆਰ ਨਹੀਂ ਸਨ। ਮਗਰੋਂ 25 ਲੱਖ ਤੇ ਸਮਝੌਤਾ ਹੋਇਆ ਦੱਸਿਆ ਜਾਂਦਾ ਹੈ। ਇਸ ਉਪਰੰਤ ਇਨ੍ਹਾਂ ਹੀ ਕੰਪਨੀਆਂ ਦੀਆਂ ਹੋਰ ਬੱਸਾਂ ਵਿਚ ਵੀ ਇਸ ਤਰ੍ਹਾਂ ਦੇ ਕਈ ਕਾਰੇ ਵਾਪਰੇ। ਆਮ ਪਬਲਿਕ ਵਲੋਂ ਇਹ ਬੱਸਾਂ ਦੇ ਚੱਲਣ ਉਤੇ ਲਗਾਤਾਰ ਰੁਕਾਵਟਾਂ ਪਾਉਣ ਉਪਰੰਤ ਹੀ ਕੁਝ ਠੱਲ੍ਹ ਪਈ ਇਸ ਰੁਝਾਣ ਨੂੰ। ਸੰਗਰੂਰ ਜ਼ਿਲੇ ਵਿਚ ਖਾਸ ਕਰ ਕੇ ਤੇ ਆਮ ਤੌਰ ਤੇ ਸਾਰੇ ਹੀ ਪੰਜਾਬ ਵਿਚ ਸਰਕਾਰੀ/ ਪੰਚਾਇਤੀ ਜ਼ਮੀਨਾਂ ਦੀ ਤੀਜੇ ਹਿੱਸੇ ਦੀ ਦਲਿਤਾਂ ਦੇ ਹਿੱਸੇ ਦੀ ਖੇਤੀ ਬਾੜੀ ਵਾਲੀ ਜ਼ਮੀਨ ਦੇ ਨਾਜਾਇਜ਼ ਹੀ ਜੱਟ ਕਿਸਾਨ ਲੋਕਾਂ ਦੇ ਹੱਕ ਵਿਚ ਬੋਲੀ ਕਰ ਦੇਣ ਦਾ ਘਮਸਾਨ ਹਰ ਸਾਲ ਪੈਂਦਾ ਹੈ। ਪੁਲਿਸ ਵਲੋਂ ਵੀ ਤੇ ਜੱਟ ਕਿਸਾਨਾ ਵਲੋਂ ਵੀ ਦਲਿਤ ਪਿਛੜੇ ਲੋਕ ਹਰ ਸਾਲ ਮਾਰੇ ਕੁੱਟੇ ਜਾਂਦੇ ਹਨ ਪਰ ਸਰਕਾਰ ਕੋਈ ਪੱਕਾ ਹੱਲ ਕਰਨ ਦੇ ਮੂਡ ਵਿਚ ਨਹੀ ਆ ਰਹੀ। ਬਲਕਿ ਇਸੇ ਬਹਾਨੇ ਜੱਟਾਂ ਨੂੰ ਉਨ੍ਹਾਂ ਦੀ ਤਰਫਦਾਰੀ ਕਰ ਕੇ ਵੋਟ ਬੈਂਕ ਮਜ਼ਬੂਤ ਕਰਨ ਦੇ ਇਰਾਦੇ ਵਲੋਂ ਕਦੇ ਅਵੇਸਲਾ ਪਣ ਨਹੀਂ ਦਿਖਾਉਂਦੀ। ਹੁਣੇ ਹੁਣੇ ਜਲੂਰ (ਸੰਗਰੂਰ) ਵਿਖੇ ਵਾਪਰੀ ਅਜਿਹੀ ਹੀ ਇਕ ਘਟਨਾ ਵਿਚ ਬੇ-ਬੱਸ ਤੇ ਲਾਚਾਰ ਦਲਿਤਾਂ ਦਾ ਬੁਰੇ ਤੋਂ ਬੁਰਾ ਹਾਲ ਕੀਤਾ ਗਿਆ। ਇਥੇ ਦਲਿਤਾਂ ਨੂੰ ਦਿਨ ਦਿਹਾੜੇ ਕੁੱਟਣ ਮਾਰਨ ਦਾ ਨੰਗਾ ਨਾਚ ਰੱਜ ਰਜ ਕੇ ਗ਼ੈਰ ਦਲਿਤਾਂ, ਜੱਟਾਂ ਨੇ ਕੀਤਾ। ਹੋਰ ਤਾਂ ਹੋਰ ਸੁਆਣੀਆਂ ਬੀਬੀਆਂ ਧੀਆਂ ਭੈਣਾਂ ਤੇ ਬਜ਼ੁਰਗ ਹੋ ਚੁੱਕੀਆਂ ਮਾਂਵਾਂ ਵਰਗੀਆਂ ਨੂੰ ਵੀ ਬਖ਼ਸ਼ਿਆ ਨਹੀਂ ਗਿਆ ਤੇ ਹਰ ਪਰਕਾਰ ਦੇ ਅੱਤਿਆਚਾਰ ਦਾ ਸ਼ਿਕਾਰ ਬਣਾਇਆ ਗਿਆ।

ਪੰਜਾਬ ਵਿਚ ਜ਼ਮੀਨਾਂ ਨੂੰ ਲੈ ਕੇ ਦਲਿਤਾਂ ਨਾਲ ਨਿੱਤ ਝਗੜੇ ਹੁੰਦੇ ਹਨ। ਲਿਖ਼ਤਾਂ ਅਨੁਸਾਰ ਭਾਰਤ ਦੀ ਵੰਡ ਸਮੇਂ ਮੁਸਲਮਾਨ ਪਾਕਿਸਤਾਨ, ਮੁਸਲਿਮ ਲੀਡਰ ਲੋਕ, ਦਲਿਤਾਂ ਨੂੰ ਘੱਟ ਗਿਣਤੀ ਮੰਨ ਕੇ ਆਪਣੇ ਵਿਚ ਗਿਣ ਕੇ ਪਾਕਿਸਤਾਨ ਦੀ ਸਰਹੱਦ ਦਿੱਲੀ ਤੱਕ ਮਿਥਦੇ ਸੀ। ਪਰ ਮਹਾਤਮਾ ਗਾਂਧੀ ਸੀ ਕਿ ਇਨ੍ਹਾਂ ਨੂੰ ਹਿੰਦੂ ਜਾਤ ਦਾ ਹਿੱਸਾ ਮੰਨ ਕੇ ਭਾਰਤ ਵਿਚ ਰੱਖਿਆ ਗਿਆ ਅਤੇ ਲਿਖ਼ਤੀ ਸਮਝੌਤੇ ਵੀ ਹੋਏ ਦਸੇ ਜਾਂਦੇ ਹਨ ਕਿ ਅਜ਼ਾਦੀ ਮਿਲਣ ਤੋਂ ਬਾਅਦ ਦਲਿਤ ਲੋਕਾਂ ਦੇ ਹਿੱਸੇ ਦੀ ਜ਼ਮੀਨ ਇਨ੍ਹਾਂ ਨੂੰ ਦਿੱਤੀ ਜਾਵੇਗੀ। ਪੰਡਤ ਨਹਿਰੂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਅਜਿਹਾ ਕੋਈ ਪ੍ਰਸਤਾਵ ਲਿਆਂਦਾ ਦਸਿਆ ਵੀ ਜਾਂਦਾ ਹੈ ਜਿਸ ਨੂੰ ਸਰਦਾਰ ਪਰਤਾਪ ਸਿੰਘ ਕੈਰੋਂ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਨੇ ਇਹ ਕਹਿੰਦਿਆ ਠੱਪ ਚੰਦ ਲਵਾ ਦਿੱਤਾ ਕਿ ਜੇਕਰ ਜ਼ਮੀਨ ਸ਼ੂਦਰਾਂ ਨੂੰ ਦੇਣੀ ਹੈ ਤਾਂ ਪੰਜਾਬ ਦਾ ਜੱਟ ਕੀ ਵਾਹੇਗਾ। ਇਹ ਸੰਤਾਪ ਦਲਿਤ ਅੱਜ ਤੱਕ ਝੱਲ ਰਿਹਾ ਹੈ। ਉਹ ਜ਼ਮੀਨਾਂ ਅੱਜ ਵੀ ਕੁਝ ਤਾਂ ਬਾਹੂ ਬਲੀ ਖਾ ਪੀ ਗਏ ਤੇ ਕੁਝ ਪੰਚਾਇਤਾਂ ਪਾਸ ਹਨ ਜਿਨ੍ਹਾਂ ਉਤੇ ਨਿੱਤ ਝਗੜੇ ਹੁੰਦੇ ਹਨ ਤੇ ਦਲਿਤ ਆਪਣੇ ਹੱਕ ਲੈਣ ਲਈ ਮਾਰੇ ਕੁੱਟੇ ਜਾਂਦੇ ਹਨ। ਲਾ ਪਾ ਕੇ ਉਨ੍ਹਾਂ ਦੇ ਹਿੱਸੇ, ਜਦ ਵੀ ਕਦੇ ਅਸੈਂਬਲੀ/ਪਾਰਲੀਮੈਂਟ ਦੀਆਂ ਚੋਣਾ ਨੇੜੇ ਆਈਆਂ ਵੋਟਾਂ ਲੈਣ ਲਈ ਬੁਰਕੀ ਦਿਖਾ ਦਿੱਤੀ ਜਾਂਦਾ ਹੈ ਕਿ ਬੇ-ਘਰੇ ਦਲਿਤਾਂ ਨੂੰ ਦੋ ਦੋ ਮਰਲੇ ਦੇ ਪਲਾਟ ਤੇ ਢੇਰ ਸੁੱਟਣ ਨੂੰ ਥਾਂ ਮੁਫਤ ਦੇਣੀ ਹੈ। ਬੱਸ ਏਦੂੰ ਅੱਗੇ ਮੰਗਣ ਤੇ ਕੁੱਟ ਮਾਰ, ਬੇ-ਇਜ਼ਤੀ ਬੇ ਹੁਰਮਤੀ ਕਤਲੋ ਗ਼ਾਰਤ। ਉਹ ਜ਼ਮੀਨ ਜਿਸ ਕਿਸੇ ਦੇ ਹਿੱਸੇ ਵੀ ਆਈ ਹੈ ਉਹ ਵੀ ਖ਼ੁਸ਼ ਨਹੀਂ। ਇਹ ਪਲਾਟ ਪਿੰਡਾਂ ਦੀਆਂ ਫਿਰਨੀਆਂ ਤੋਂ ਬਾਹਰ ਬੇਅਬਾਦ ਜਗਹ ਵਿਚ, ਜਾਂ ਛੱਪੜਾਂ ਦੇ ਕਿਨਾਰੇ ਜਾਂ (ਹੁਸ਼ਿਆਰ ਪੁਰ ਜ਼ਿਲਾ ਤੇ ਰੋਪੜ ਦਾ ਨੀਮ ਪਹਾੜੀ ਇਲਾਕਾ), ਖੱਡਾਂ ਦੇ ਕਿਨਾਰਿਆਂ ਉਤੇ ਦਿੱਤੇ ਜਾਂਦੇ ਹਨ ਜਿਥੇ ਨਾ ਬੰਦਾ ਚੰਗੀ ਤਰ੍ਹਾਂ ਵਸ ਸਕੇ ਨਾ ਉਸ ਥਾਂ ਦਾ ਕੋਈ ਹੋਰ ਇਸਤੇਮਾਲ ਕਰ ਸਕੇ।ਜਿਹੜੇ ਕੌੜਾ ਘੁੱਟ ਭਰ ਕੇ ਅਬਾਦ ਹੋ ਵੀ ਜਾਂਦੇ ਹਨ ਉਹ ਪਿੰਡ ਦੀ ਮੁੱਖ ਵਸੋਂ ਨਾਲੋਂ ਕੱਟ ਕੇ ਰਹਿ ਜਾਂਦੇ ਹਨ। ਇਸ ਤਰ੍ਹਾਂ ਇਕ ਹੋਰ ਵਿਹੜਾ, ਝੜਿੱਕੀ, ਚਮਾਰਲੀ ਵਸਾ ਲਈ ਜਾਂਦੀ ਹੈ।

ਇਕ ਬਹਾਨੇ ਦੀ ਭਾਲ ਹੁੰਦੀ ਹੈ ਕਤਲ ਕਰਨ ਜਾਂ ਸੱਟ ਮਾਨ ਲਈ। ਬਹਾਨਾ ਚਾਹੇ ਨੀਲਾਮੀ ਦੀ ਜ਼ਮੀਨ ਦਾ ਬਣ ਜਾਵੇ ਜਾ, ਗਊ ਨੂੰ ਬਣਾ ਲਿਆ ਜਾਵੇ, ਮੰਦਰ ਪ੍ਰਵੇਸ਼, ਨਜਾਇਜ਼ ਸ਼ਰਾਬ ਵੇਚਣ ਤੋਂ ਲੈ ਕੇ ਜੱਥੇਬੰਦ ਹੋ ਕੇ ਉਜਰਤ ਵਧਾਉਣ ਦੀ ਮੰਗ ਹੋਵੇ, ਵਿਆਹ ਸ਼ਾਦੀ ਵਿਚ ਅਖੌਤੀ ਉਚ ਜਾਤੀਆਂ ਦੀ ਰੀਸ ਵਿਚ ਕੋਈ ਰਸਮ ਕਰ ਲੈਣ ਦਾ ਹੋਵੇ। ਕੋਈ ਵਧੀਆ ਸਵਾਰੀ ਸਾਧਨ ਵਰਤ ਲੈਣ ਦਾ ਹੋਵੇ ਜਾਂ ਕੋਈ ਵੀ। ਮਾਮੂਲੀ ਤੋਂ ਮਾਮੂਲੀ ਗਲ ਨੂੰ ਦਲਿਤ ਨਾਲ ਝਗੜਾ ਖੜਾ ਕਰਨ ਦਾ ਕਾਰਨ ਬਣਾ ਲਿਆ ਜਾਂਦਾ ਹੈ। ਮਾਨਸਾ, ਜਲੰਧਰ ਤੇ ਜਲੂਰ (ਸੰਗਰੂਰ) ਦੀਆਂ ਉਪਰੋਂ ਥੱਲੀ ਹੋਈਆਂ ਦੁਰਘਟਨਾਵਾਂ ਨੇ ਤਾਂ ਦਲਿਤ ਕੀ ਸਾਰਾ ਪੰਜਾਬ ਹੀ ਹਿਲਾ ਕੇ ਰੱਖ ਦਿੱਤਾ। ਇਨੇ ਗੰਭੀਰ ਅਪਰਾਧ ਹੋਣ ਤੇ ਵੀ ਸਰਕਾਰ ਚੁਪ ਹੈ।ਹਰ ਰੋਜ਼ ਅਖ਼ਬਾਰਾਂ ਛਪਦੀਆਂ ਹਨ, ਇਨ੍ਹਾਂ ਸਮਾਚਾਰਾਂ ਨਾਲ ਭਰੀਆਂ ਹੋਈਆਂ ਹੁੰਦੀਆਂ ਹਨ। ਪਰ ਮਜਾਲ ਹੈ ਕਿ ਕਿਸੇ ਦੇ ਕੰਨਾਂ ਤੇ ਜੂੰ ਵੀ ਸਰਕ ਜਾਏ। ਦਲਿਤਾਂ ਉਤੇ ਅਤਿਆਚਾਰਾਂ ਦੇ ਸਮਾਚਾਰ ਹੁੰਦੇ ਹਨ ਕਿ ਮੀਡੀਆ ਦਲਿਤ ਪੱਖੀ ਨਾ ਹੋਣ ਦੇ ਬਾਵਜੂਦ ਵੀ ਕੋਈ ਨਾ ਕੋਈ ਸਮਾਚਾਰ ਛਾਪ ਹੀ ਦਿੰਦਾ ਹੈ। ਅੱਜ ਕੱਲ ਦੇ ਸਮਾਚਾਰ ਦਲਿਤ ਲੋਕ ਆਪਣੇ ਆਪ ਹੀ ਫੇਸ ਬੁੱਕ ਜਾਂ ਵੱਟਸਐਪ ਤੇ ਲੋਡ ਕਰ ਕੇ ਫੈਲਾ ਲੈਂਦੇ ਹਨ। ਇਸ ਕਰ ਕੇ ਟੀ ਵੀ ਤੇ ਸਮਾਚਾਰ ਪੱਤਰਾਂ ਨੂੰ ਵੀ ਦਲਿਤਾਂ ਦੇ ਪੱਖ ਵਿਚ ਮਜਬੂਰਨ ਸੁਚੇਤ ਹ ਕੇ ਸਮਾਚਾਰ ਲਾਉਣਾ ਹੀ ਪੈ ਜਾਂਦਾ ਹੈ। ਪਰ ਹੋਇਆ ਕੀ। ਸਮਾਚਾਰ ਪੱਤਰ ਛਪੇ ਰੱਦੀ ਦੀ ਟੋਕਰੇ ਵਿਚ ਗਏ ਤੇ ਅਗਲੇ ਦਿਨ ਨਵੀਂ ਸਵੇਰ।

ਸਰਕਾਰ ਵਲੋਂ ਅਣਗਿਣਤ ਕੌਮੀ ਕਮਿਸ਼ਨ ਇਨ੍ਹਾਂ ਝਗੜਿਆਂ ਦੇ ਨਿਵਾਰਣ ਹਿਤ ਬਣਾਏ ਗਏ ਹਨ। ਇਸਤਰੀ ਸੁਰੱਖਿਆ ਕਮਿਸ਼ਨ, ਘੱਟ ਗਿਣਤੀ ਸੁਰਖਿਆ ਕਮਿਸ਼ਨ , ਮਨੁੱਖੀ ਅਧਿਕਾਰ ਕਮਿਸ਼ਨ ਆਦਿ। ਇਨ੍ਹਾਂ ਵਿਚ ਇਕ ਮਹੱਤਵ ਪੂਰਨ ਕਮਿਸ਼ਨ ਦਲਿਤ ਤੇ (Scheduled Castes) ਅਨੁਸੂਚਿਤ ਕਬੀਲੇ (Scheduled Tribes) ਕਮਿਸ਼ਨ। ਦਲਿਤ ਕਬੀਲੇ ਭਲਾਈ ਕਮਿਸ਼ਨ ਹੁਣ ਜੁਦਾ ਹੋ ਚੁਕਾ ਹੈ।ਕੀ ਹੈ ਸਾਰਥਕਤਾ ਇਨ੍ਹਾਂ ਕਮਿਸ਼ਨਾਂ ਦੀ। ਘੱਟੋ ਘੱਟ ਦਲਿਤਾਂ ਉਤੇ ਜ਼ਿਆਦਤੀਆਂ /ਹਮਲੇ ਰੋਕਣ ਲਈ ਕਾਨੂੰਨ ਵੀ ਬਣ ਚੁੱਕਾ ਹੈ। ਪਰ ਅਮਲ ਨਾਮ ਦੀ ਚੀਜ਼ ਕੋਈ ਨਹੀਂ। ਪਤਾ ਲੱਗਾ ਹੈ ਕਿ ਜਲੂਰ ਵਾਲੀ ਜ਼ਮੀਨ ਦੇ ਝਗੜੇ ਵਾਲੀ ਜ਼ਮੀਨ ਵਿਚ ਕੇਸ ਹੀ ਕਮਜ਼ੋਰ ਦਰਜ ਕੀਤਾ ਗਿਆ ਹੈ। ਅਜਿਹੇ ਕੇਸਾਂ ਦੀ ਜਦ ਚਾਰਜ ਸ਼ੀਟ ਅਦਾਲਤਾਂ ਵਿਚ ਜਾਂਦੀ ਹੈ ਤਾਂ ਤਰੀਕਾਂ ਪੈਣ ਤੋਂ ਸਿਵਾ ਉਥੇ ਕੁਝ ਹੁੰਦਾ ਨਹੀਂ ਹੈ ਤੇ ਦੋ ਚਾਰ ਸਾਲ ਧਕੇ ਖਾਣ ਤੋਂ ਬਾਅਦ, ਜਦ ਦਲਿਤ ਲੋਕਾਂ ਦਾ ਸਾਹ ਸਤ ਜਵਾਬ ਦੇ ਜਾਂਦਾ ਹੈ ਤਾਂ ਆਪਣੇ ਆਪ ਹੀ ਅੱਕ ਥੱਕ ਕੇ ਘਰ ਬੈਠ ਜਾਂਦੇ ਹਨ ਤੇ ਕੇਸ ਖਾਰਜ ਹੋ ਜਾਂਦਾ ਹੈ।

ਇਨ੍ਹਾਂ ਕਮਿਸ਼ਨਾਂ ਦੀ ਮਾਨੀਟਰਿੰਗ ਕੌਣ ਕਰਦਾ ਹੈ? ਕੀ ਕੇਂਦਰੀ ਗ੍ਰਹਿ ਮੰਤਰਾਲਾ ਕਦੇ ਇਨ੍ਹਾਂ ਤੋਂ ਸਲਾਨਾ ਪ੍ਰਗਤੀ ਰਪੋਟ ਜਾਂ ਪ੍ਰਬੰਧਕੀ ਰਪੋਟ ਆਦਿ ਦੇ ਨਾਮ ਤੇ ਕਦੇ ਇਨ੍ਹਾਂ ਵਲੋਂ ਕੀਤੇ ਗਏ ਠੋਸ ਕੰਮ ਦੀ ਸਮੀਖਿਆ ਵੀ ਕਰਦਾ ਹੈ ਜਾਂ ਕਿ ਇਹ ਸਾਰੇ ਦੇ ਸਾਰੇ ਆਪਣਾ ਵਧੀਆ ਸਮਾਂ ਪਾਸ ਕਰਕੇ ਚੱਲਦੇ ਲਗਦੇ ਹਨ? ਹੁਣੇ ਹੁਣੇ ਮਿਤੀ 13 10 16 ਨੂੰ ਪੰਜਾਬੀ ਟ੍ਰਿਬਿਊਨ ਵਿਚ ਡਾ: ਸੁਰਜੀਤ ਸਿੰਘ ਬਰਾੜ (ਸੰਪਰਕ 98 553 71313) ਜੀ ਦੇ ਲਿਖੇ ਇਕ ਲੇਖ "ਦਲਿਤਾਂ ਦੀ ਬੇਵਸੀ ਦੇ ਸਵਾਲ ਦਾ ਹੱਲ ਲੱਭਣ ਦੀ ਲੋੜ" ਵਿਚ ਦਲਿਤ ਵਿਰੋਧੀ ਘਟਨਾਵਾਂ ਤੇ ਖ਼ੂਬ ਚਾਨਣਾ ਪਾਉਂਦੇ ਹੋਏ ਡਾਕਟਰ ਸਾਹਿਬ ਲਿਖਦੇ ਹਨ: ਕੇਵਲ ਗੁਜਰਾਤ ਵਿਚ ਹੀ ਨਹੀਂ ਲਗਪਗ ਹਰ ਰਾਜ (ਖ਼ਾਸ ਕਰ ਕੇ ਹਰਿਆਣਾ, ਰਾਜਸਥਾਨ, ਝਾੜਖੰਡ, ਛੱਤੀਸਗੜ੍ਹ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ, ਕੇਰਲ ਤੇ ਮਹਾਰਾਸ਼ਟਰ ਸੂਬਿਆਂ) ਵਿਚ ਘੱਟ ਜਾਂ ਵੱਧ ਰੂਪ ਵਿਚ ਵਾਪਰ ਰਿਹਾ ਹੈ। ..1995 ਤੋਂ 1999 ਤਕ ਲੋਕਾਂ ਵਿਰੁਧ ਹੋਏ ਅਤਿਆਚਾਰਾਂ ਦੀ ਗਿਣਤੀ 1,66,400 ਸੀ ਪਰ ਦੁਖਦਾਈ ਪਹਿਲੂ ਇਹ ਹੈ ਕਿ ਇਨ੍ਹਾਂ ਵਿਚ ਦਲਿਤਾਂ ਵਿਰੁਧ ਅਪਰਾਧਾਂ ਦੀ ਗਿਣਤੀ 1,42,500 ਸੀ।ਇਕ ਹੋਰ ਰਿਪੋਰਟ ਅਨੁਸਾਰ 1999 ਦੀ ਤੁਲਨਾ ਵਿਚ 2000 ਵਿਚ ਦਲਿਤਾਂ ਅਤੇ ਆਦਿਵਾਸੀਆਂ ਵਿਰੁਧ ਅਪਰਾਧਾਂ ਦੀ ਗਿਣਤੀ ਵਧ ਕੇ 30,135 ਹੋ ਗਈ। ਇਸ ਸਮੇਂ ਪ੍ਰਤੀ ਸਾਲ ਇਹ ਗਿਣਤੀ 50,000 ਤੋਂ ਵਧ ਚੁੱਕੀ ਹੈ। ਔਸਤਨ ਪ੍ਰਤੀ ਘੰਟੇ ਵਿਚ ਪੰਜ ਦਲਿਤਾਂ ਵਿਰੁਧ ਅਪਰਾਧ ਹੋਏ, ਪ੍ਰਤੀ ਦਿਨ ਦੋ ਦਲਿਤਾਂ ਦੀ ਹੱਤਿਆ ਹੋਈ। ਹਰ ਰੋਜ਼ ਛੇ ਦਲਿਤ ਔਰਤਾਂ ਨਾਲ ਬਦਸਲੂਕੀ ਹੁੰਦੀ ਰਹੀ।ਕੁਝ ਹੋਰ ਅੰਕੜਿਆਂ ਅਨੁਸਾਰ 2004 ਤੋਂ 2013 ਤੱਕ 6490 ਦਲਿਤਾਂ ਦੇ ਕਤਲ ਕੀਤੇ ਗਏ ਅਤੇ 14253 ਦਲਿਤ ਔਰਤਾਂ ਦੀ ਇੱਜ਼ਤ ਨੂੰ ਹੱਥ ਪਾਇਆ ਗਿਆ। ਪਰ 2014 ਤੋਂ ਬਾਅਦ ਹੁਣ ਤੱਕ ਦਲਿਤਾਂ ਵਿਰੁਧ 19 ਫੀ ਸਦੀ ਜੁਰਮ ਹੋਏ ਹਨ।ਇਨ੍ਹਾਂ ਅੰਕੜਿਆਂ ਵਿਚ ਦਲਿਤਾਂ, ਆਦਿਵਾਸੀਆਂ ਵਿਰੁਧ ਅਪ੍ਰਾਧਾਂ ਦੀਆਂ ਜਿਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਵਿਚ ਹੱਤਿਆ, ਕੁੱਟਣ, ਮਾਰਨ ਬਲਾਤਕਾਰ, ਅਗਵਾ ਅਤੇ ਡਕੈਤੀ ਵਰਗੀਆਂ ਘਟਨਾਵਾਂ ਸ਼ਾਮਿਲ ਹਨ.."।

ਇਸੇ ਤਰ੍ਹਾਂ ਪੰਜਾਬੀ ਟ੍ਰਿਬਿਊਨ 24 8 2016 ਵਿਚ ਸ. ਦਰਬਾਰਾ ਸਿੰਘ ਕਾਹਲੋਂ ਜੀ (ਸੰਪਰਕ ਨੰ: 001 647 528 2550) ਆਪਣੇ ਮਹੱਤਵ ਪੂਰਨ ਲੇਖ "ਦਲਿਤ ਰੋਹ: ਮੋਦੀ ਸਰਕਾਰ ਲਈ ਵਡੀ ਚੁਣੌਤੀ" ਵਿਚ ਲਿਖਦੇ ਹਨ: "ਅਜੋਕੇ ਖੋਖਲੇ ਦਕੀਆਨੂਸੀ 'ਭਾਰਤ ਮਹਾਨ' ਦਾ ਸੱਚ ਇਹ ਹੈ ਕਿ ਇਥੇ ਹਰ ਅਠ ਮਿੰਟ ਬਾਅਦ ਦਲਿਤ ਵਿਰੋਧੀ ਅਪ੍ਰਾਧ ਹੁੰਦਾ ਹੈ। ਰੋਜ਼ਾਨਾ ਤਿੰਨ ਔਰਤਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਦੋ ਦਲਿਤ ਕਤਲ ਹੁੰਦੇ ਹਨ।ਬਾਈ ਦਲਿਤ ਘਰ ਜਲਾਏ ਜਾਂਦੇ ਹਨ ਅਤੇ 112 ਦਲਿਤ ਕੁਟੇ ਜਾਂਦੇ ਹਨ। ਮੁਲਕ ਦੇ 37 ਫੀਸਦੀ ਦਲਿਤ ਗ਼ਰੀਬੀ ਰੇਖਾ ਤੋਂ ਹੇਠਾਂ ਹਨ। 54 ਫੀ ਸਦੀ ਦਲਿਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ।ਇਕ ਹਜ਼ਾਰ ਵਿਚੋਂ 83 ਬੱਚੇ ਪਹਿਲਾ ਜਨਮ ਦਿਨ ਦੇਖ ਨਹੀਂ ਪਾਉਂਦੇ। 45 ਫੀ ਸਦੀ ਦਲਿਤ ਅਨਪੜ੍ਹ ਹਨ। 37.8 ਫੀ ਸਦੀ ਦਲਿਤ ਬੱਚੇ ਅੱਜ ਵੀ ਸਕੂਲਾਂ ਵਿਚ ਵੱਖਰੇ ਬਿਠਾਏ ਜਾਂਦੇ ਹਨ। 48.4 ਫੀ ਸਦੀ ਦਲਿਤਾਂ ਨੂੰ ਪੀਣ ਵਾਲਾ ਸਾਫ ਪਾਣੀ ਨਸੀਬ ਨਹੀਂ ਹੁੰਦਾ। 33 ਫੀ ਸਦੀ ਦਲਿਤ ਘਰਾਂ ਵਿਚ ਪਬਲਿਕ ਹੈਲਥ ਵਰਕਰ ਨਹੀਂ ਜਾਂਦੇ। 23.5 ਫੀ ਸਦੀ ਦਲਿਤਾਂ ਦੇ ਘਰੀਂ ਡਾਕੀਆ ਨਹੀਂ ਜਾਂਦਾ। ਬਿਟਿਸ਼ ਬਸਤੀਵਾਦੀ ਨਿਜ਼ਾਮ ਤੋਂ ਮਿਲਿਆ ਪੁਲੀਸ ਢਾਂਚਾ ਆਜ਼ਾਦ ਭਾਰਤ ਵਿਚ ਦਲਿਤਾਂ ਵਿਰੁਧ ਜੁਰਮ ਰੋਕਣ ਦੀ ਥਾਂ ਵਧਾਉਣ ਵਿਚ ਸਹਾਈ ਹੋਇਆ ਹੈ"।

ਤੇ ਹੋਰ, ਪ੍ਰੋ: ਮਨਜੀਤ ਸਿੰਘ, ਸਾਬਕਾ ਡਾਇਰੈਕਟਰ, ਅੰਬੇਦਕਰ ਸੈਂਟਰ,ਪੰਜਾਬ ਯੂਨੀਵਰਸਿਟੀ

**(ਬਾਕੀ ਅਗਲੇ ਸਫੇ 'ਤੇ)**

### ਸਿਆਸਤ ਦੀ ਪੁਣਛਾਣ

# ਹਰ ਪਾਰਟੀ ਦੀ ਗ੍ਰਹਿ-ਦਸ਼ਾ ਮਾੜੀ

## ਪੰਜਾਬ ਦੀਆਂ ਸਭ ਪਾਰਟੀਆਂ ਨੂੰ ਰਾਹੂ-ਕੇਤੂ ਚੰਬੜਿਆ



ਪੰਮੀ ਲਾਲੋ ਮਜਾਰਾ
91-95011-43755

ਕੋਈ ਪਾਰਟੀ ਤਾਂ ਨਹੀਂ ਹੈ, ਜਿਸ ਦੀ ਗ੍ਰਹਿ-ਦਸ਼ਾ ਠੀਕ ਹੋਵੇ। ਕੋਈ ਪਾਣੀਆਂ ਦੇ ਮੁੱਦੇ ਤੋਂ ਪ੍ਰੇਸ਼ਾਨ ਹੈ, ਕੋਈ ਨਸ਼ਿਆਂ ਦੇ ਮੁੱਦੇ ਤੋਂ ਬਚਾਅ ਦੀ ਲੜਾਈ ਲੜ ਰਹੀ ਹੈ ਤੇ ਕੋਈ ਨੋਟਬੰਦੀ ਦੇ ਚੱਕਰ ਤੋਂ ਪ੍ਰੇਸ਼ਾਨ ਹੈ। ਲੱਗਦਾ ਇਹੀ ਹੈ ਕਿ ਜਿਵੇਂ ਸਭ ਸਿਆਸੀ ਪਾਰਟੀਆਂਨੂੰ ਰਾਹੂ ਕੇਤੂ ਚੁੰਬੜਿਆ ਹੋਵੇ। ਜਿਵੇਂ-ਜਿਵੇਂ ਸਮਾਂ ਚੋਣਾਂ ਦਾ ਨੇੜੇ ਆਉਂਦਾ ਜਾਵੇਗਾ, ਉਵੇਂ-ਉਵੇਂ ਹਰ ਪਾਰਟੀ ਕਿਸੇ ਨਾ ਕਿਸੇ ਤਰ੍ਹਾਂ ਇਸ ਰਾਹੂ ਕੇਤੂ ਦੇ ਅਸ਼ੁਭ ਗ੍ਰਹਿਆਂ ਦੀ ਸਿਆਸੀ ਢਾਲ ਕਰਨ ਦੀ ਕੋਸ਼ਿਸ਼ ਕਰੇਗੀ। ਕਿਉਂਕਿ ਸਭ ਸਿਆਸੀ ਪਾਰਟੀਆਂ ਦਾ ਜੋਤਸ਼ੀ ਸਿਰਫ ਇਕ ਹੀ ਹੋਵੇਗਾ, ਉਹ ਹੋਵੇਗਾ ਪੰਜਾਬ ਦਾ ਵੋਟਰ। ਇਕ ਜੋਤਸ਼ੀ ਸਭ ਦੀ ਮਨੋ-ਦਸ਼ਾ ਤਾਂ ਸਮਝ ਨਹੀਂ ਸਕਦਾ। ਆਖਿਰ ਜੋਤਸ਼ੀ ਦੀ ਨੇਕ ਸਲਾਹ ਕਿਸ ਪਾਰਟੀ ਨੂੰ ਇਹਨਾਂ ਅਸ਼ੁੱਭ ਗ੍ਰਹਿਆਂ 'ਚੋਂ ਕੱਢ ਕੇ, ਚੰਡੀਗੜ੍ਹ ਤੱਕ ਪਹੁੰਚਾ ਦੇਵੇ, ਇਸ ਸ਼ੁਭ ਘੜੀ ਦੀ ਉਡੀਕ ਫਰਵਰੀ 2017 ਤੱਕ ਕਰਨੀ ਪਵੇਗੀ।

**ਹਾਲਾਤ ਖਰਾਬ ਤੇ ਦੰਗਿਆਂ ਦਾ ਖਤਰਾ**

ਮੋਦੀ ਸਰਕਾਰ ਤੇ ਇਹ ਬੇਬਾਕ ਟਿੱਪਣੀ ਹੈ ਮਾਣਯੋਗ ਕਲਕੱਤਾ ਹਾਈਕੋਰਟ ਦੀ। ਨੋਟਬੰਦੀ ਦੇ ਮੁੱਦੇ 'ਤੇ ਅਦਾਲਤ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਨੇ ਇਹ ਫੈਸਲਾ ਬਿਨਾਂ ਸੋਚੇ-ਸਮਝੇ ਹੀ ਲੈ ਲਿਆ। ਜਦਕਿ ਇਸ ਨੋਟਬੰਦੀ ਦੇ ਨਫੇ-ਨੁਕਸਾਨ ਦਾ ਮੁਲਾਂਕਣ ਸਰਕਾਰ ਨੂੰ ਪਹਿਲਾਂ ਹੀ ਕਰ ਲੈਣਾ ਚਾਹੀਦਾ ਸੀ। ਇਸ ਸਭ ਕਾਸੇ ਦਾ ਮਾੜਾ ਪ੍ਰਭਾਵ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੂੰ ਉਠਾਉਣਾ ਪੈ ਸਕਦਾ ਹੈ। ਉਧਰ ਮੋਦੀ ਭਗਤ ਨੋਟਬੰਦੀ ਦੇ ਹੱਕ ਵਿਚ ਜੋ ਮਰਜ਼ੀ ਦਲੀਲਾਂ ਦੇਈ ਜਾਣ ਪਰ ਆਮ ਆਦਮੀ ਦਾ ਇਸ ਨੋਟਬੰਦੀ ਨੇ ਕਚੂਮਰ ਕੱਢ ਕੇ ਰੱਖ ਦਿੱਤਾ ਹੈ। ਸਰਜੀਕਲ ਸਟਰਾਈਕ ਦਾ ਪੰਜਾਬ ਵਿਚ ਅਕਾਲੀ-ਭਾਜਪਾ ਨੂੰ ਕੋਈ ਫਾਇਦਾ ਮਿਲਦਾ ਤਾਂ ਨਜ਼ਰ ਨਹੀਂ ਆ ਰਿਹਾ ਹੈ ਤੇ ਹੁਣ ਨੋਟਬੰਦੀ ਦਾ ਮਸਲਾ ਕਿੰਨਾ ਕੁ ਨੁਕਸਾਨ ਕਰੂ ਇਹ ਵੀ ਆਉਣਵਾਲੇ ਦਿਨਾਂ ਵਿਚ ਨਜ਼ਰ ਆਉਣ ਲੱਗ ਪਵੇਗਾ।

**ਸਰਵਣ ਸਿੰਘ ਫਿਲੌਰ ਤੇ ਅਵਿਨਾਸ਼ ਚੰਦਰ ਦਾ ਸਿਆਸੀ ਭਵਿੱਖ!**

ਸਰਵਣ ਸਿੰਘ ਫਿਲੌਰ ਨੂੰ ਤੇ ਅਵਿਨਾਸ਼ ਚੰਦਰ ਨੂੰ ਇਸ ਵਾਰ ਅਕਾਲੀਦਲ ਨੇ ਟਿਕਟ ਨਹੀਂ ਦਿੱਤੀ ਤਾਂ ਉਹ ਦੋਵੇਂ ਅਕਾਲੀ ਦਲ ਛੱਡ ਗਏ। ਸਰਵਣ ਕਾਂਗਰਸ ਵਿਚ ਸ਼ਾਮਲ ਹੋ ਗਿਆ ਤੇ ਉਹਨੂੰ ਕਾਂਗਰਸ ਕਰਤਾਰਪੁਰ ਤੋਂ ਅਕਾਲੀ ਦਲ ਦੇ ਸੇਠ ਸੱਤਪਾਲ ਮੱਲ ਦੇ ਖਿਲਾਫ ਟਿਕਟ ਦੇ ਕੇ ਚੋਣ ਲੜਾ ਸਕਦੀ ਹੈ।ਕਿਉਂਕਿ ਸੇਠ ਕਾਂਗਰਸ ਛੱਡ ਕੇ ਹਾਲ ਹੀ ਦੇ ਦਿਨਾਂ ਵਿਚ ਅਕਾਲੀ ਦਲ ਵਿਚ ਸ਼ਾਮਲ ਹੋਇਆ ਹੈ। ਸਰਵਣ ਦਾ ਦਲਿਤ ਰਾਜਨੀਤੀ ਤੇ ਕੋਈ ਬਹੁਤਾ ਪ੍ਰਭਾਵ ਨਹੀਂ ਕਹਿ ਸਕਦੇ, ਜਿਸ ਤਰ੍ਹਾਂ ਦਾ ਉਹ ਦਾਅਵਾ ਕਰਦੇ ਹਨ ਕਿ ਅਕਾਲੀ ਦਲ ਦੁਆਬੇ ਵਿਚ ਲੱਭਿਆਂ ਵੀ ਨਹੀਂ ਮਿਲੇਗਾ। ਅਜਿਹਾ ਹੀ ਦਾਅਵਾ ਸੇਠ ਸੱਤਪਾਲ ਮੱਲ ਵੀ ਕਰਦਾ ਹੈ, ਪਰ ਸਿਆਸੀ ਪ੍ਰਸਥਿਤੀਆਂ ਕੁਝ ਹੋਰ ਹੀ ਬਿਆਨ ਕਰਦੀਆਂ ਹਨ। ਪਰ ਦੂਸਰੇ ਪਾਸੇ ਅਵਿਨਾਸ਼ ਚੰਦਰ ਨੂੰ ਇਸ ਕਰਕੇ ਦਲਿਤ ਕੁਝ ਇੱਜ਼ਤ ਦੀਆਂ ਨਜ਼ਰਾਂ ਨਾਲ ਵੇਖਦੇ ਹਨ ਕਿ ਉਸਦੇ ਪਰਿਵਾਰ ਦਾ ਪਿਛੋਕੜ ਬਾਵਾ ਸਾਹਿਬ ਨਾਲ ਜੁੜਿਆ ਹੋਇਆ ਹੈ ਤੇ ਦੂਸਰਾ ਅਵਿਨਾਸ਼ ਨੇ ਖੁਦ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨਾਲ ਕਾਫੀ ਮਿਸ਼ਨ ਲਈ ਕੰਮ ਕੀਤਾ ਹੈ। ਇੱਥੋਂ ਤੱਕ ਕਿ 2002 ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਸਾਹਿਬ ਕਾਂਸ਼ੀ ਰਾਮ ਦਾਖਾਣਾ ਅਵਿਨਾਸ਼ਚੰਦਰ ਕਲੇਰ ਦੇ ਘਰੋਂ ਹੀ ਬਣ ਕੇ ਆਉਂਦਾ ਰਿਹਾ ਹੈ। ਅਵਿਨਾਸ਼ ਆਪਣੇ ਲਈ ਕਿਹੜਾ ਸਿਆਸੀ ਘਰ ਲੱਭਦਾ ਹੈ ਕਿ ਜਾਂ ਬਸਪਾ ਵਿਚ ਮੁੜ ਵਾਪਸੀ ਕਰਦਾ ਹੈ, ਇਹ ਦੇਖਣਾ ਕਾਫੀ ਦਿਲਚਸਪ ਹੋਵੇਗਾ।

**ਅਕਾਲੀ ਦਲ 'ਚ ਬੈਠੇ ਦਲਿਤਾਂ ਦਾ ਕੀ ਬਣੂੰ**

ਸਰਵਣ ਸਿੰਘ ਫਿਲੌਰ ਤੇ ਅਵਿਨਾਸ਼ ਚੰਦਰ ਨਾ ਜਿਹੜੇ ਜੱਗੋਂ ਤੇਰਵੀਂ ਹੋਈ ਹੈ, ਉਹੀ ਦੇਰ ਸਵੇਰ ਬਾਕੀ ਦਲਿਤ ਆਗੂਆਂ ਨਾਲ ਵੀ ਹੋਵੇਗੀ। ਕਿਉਂਕਿ ਕਿਸੇ ਵਕਤ ਪੰਜਾਬ ਦੇ ਦਲਿਤਾਂ 'ਚ ਪਵਨ ਕੁਮਾਰ ਟੀਨੂੰ ਦੀ ਤੂਤੀ ਬੋਲਦੀ ਸੀ ਪਰ ਬਾਦਲ ਪਰਿਵਾਰ ਨੇ ਜਲੰਧਰ ਦੀ ਲੋਕ ਸਭਾ ਸੀਟ ਤੋਂ ਚੋਣਲੜਾ ਕੇ ਅਜਿਹੇ ਸਿਆਸੀ ਪਰ ਕੱਟੇ ਕਿ ਉ ਸਿਰਫ ਆਦਮਪੁਰ ਦੇ ਇਲਾਕੇ 'ਚ ਹੀ ਉਡਣ ਜੋਗਾ ਰਹਿ ਗਿਆ। ਲੋਕ ਸਭਾ ਦੇ ਨਤੀਜਿਆਂ ਮੁਤਾਬਕ ਟੀਨੂੰ ਆਪਣੀ ਸੀਟ ਵੀ ਹਾਰ ਚੁੱਕਾ ਹੈ। ਬੰਗਾ ਤੋਂ ਮੋਹਣ ਲਾਲ ਧੜਾ ਡਾ. ਸੁੱਖੀ ਦੀਆਂ ਜੜ੍ਹਾਂ 'ਚ ਬੈਠਣ ਨੂੰ ਤਿਆਰ ਬੈਠਾ ਹੈ। ਫਿਲੌਰ ਤੋਂ ਬਲਦੇਵ ਖਹਿਰਾ ਦੀ ਪੁਜੀਸ਼ਨ ਹੋਰ ਕਮਜ਼ੋਰ ਹੋਵੇਗੀ ਕਿਉਂਕਿ ਇੱਥੋਂ ਉਹਨੂੰ ਸਰਵਣ ਤੇ ਅਵਿਨਾਸ਼ ਚੰਦਰ ਦਾ ਧੜਾ ਹਰ ਹਾਲਤ 'ਚ ਹਰਾਉਣ ਦੀ ਕੋਸ਼ਿਸ਼ ਕਰੇਗਾ, ਕਿਉਂਕਿ ਖਹਿਰੇ ਨੇ ਹੀ ਤਾਂ ਇਹਨਾਂ ਦੋਹਾਂ ਸਿਆਸੀ ਆਗੂਆਂ ਦੀਆਂ ਜੜ੍ਹਾਂ 'ਚ ਤੇਲ ਦਿੱਤਾ ਹੈ। ਇਸ ਕਰਕੇ ਬਲਦੇਵ ਖਹਿਰਾ ਨੂੰ ਵੀ ਚੰਗੇ ਨਤੀਜੇ ਦੀ ਆਸ ਨਹੀਂ ਕਰਨੀ ਚਾਹੀਦੀ।

**ਸੁਖਬੀਰ ਬਾਦਲ ਦੇ ਖਿਲਾਫ 'ਮਾਨ' ਖੜ੍ਹੂ ਤੇ ਮਜੀਠੀਏ ਦੇ ਖਿਲਾਫ ਕੌਣ?**

ਭਗਵੰਤ ਮਾਨ ਨੂੰ ਪਤਾ ਹੈ ਕਿ ਜੇ ਉਹ ਸੁਖਬੀਰ ਬਾਦਲ ਕੋਲੋਂ ਹਾਰ ਵੀ ਜਾਵੇਗਾ ਤਾਂ ਪਰਲੋ ਕੋਈ ਨਹੀਂ ਆ ਸਕਦੀ। ਮਤਲਬ ਪਾਰਲੀਮੈਂਟ ਮੈਂਬਰ ਤਾਂ ਉਹਨੇ ਫਿਰ ਵੀ ਰਹਿਣਾ ਹੀ ਰਹਿਣਾ ਹੈ। ਜੇ ਕਿਤੇ ਉਹਨੇ ਸੁਖਬੀਰ ਬਾਦਲ ਨੂੰ ਹਰਾ ਦਿੱਤਾ ਤਾਂ ਅਕਾਲੀ ਦਲ ਵਿਚ ਸੁਖਬੀਰ ਦਾ ਜਾਦੂ ਜ਼ਰੂਰ ਘੱਟ ਹੋ ਜਾਵੇਗਾ। ਵੈਸੇ ਮੇਰੇ ਸਿਆਸੀ ਸੂਤਰਾਂ ਮੁਤਾਬਕ ਸੁਖਬੀਰ ਦੋ ਹਲਕਿਆਂ ਤੋਂ ਚੋਣ ਲੜੇਗਾ।

ਪਰ ਭਗਵੰਤ ਮਾਨ ਨੂੰ ਆਪ ਦੋ ਹਲਕਿਆਂ ਤੋਂ ਚੋਣ ਲੜਾ ਕੇ ਜ਼ਿਆਦਾ ਵੀ ਨੁਕਸਾਨ ਨਹੀਂ ਉਠਾਉਣਾ ਚਾਹੁੰਦੀ। ਭਗਵੰਤ ਵੈਸੇ ਵੀ ਹਾਸ਼ੀਏ 'ਤੇ ਹੀ ਚੱਲ ਰਿਹਾ ਹੈ। ਦੂਸਰਾ ਆਪ ਵੱਲੋਂ ਹੁਣ ਤੱਕ ਐਲਾਨੇ ਉਮੀਦਵਾਰਾਂ 'ਚੋਂ ਉਹਦੇ ਸਮਰਥਕਾਂ ਨੂੰ ਟਿਕਟਾਂ ਹੀ ਨਹੀਂ ਮਿਲੀਆਂ। ਤੀਸਰਾ ਉਹ ਚਾਹੁੰਦਾ ਹੈ ਕਿ ਸੁਖਬੀਰ ਦੇ ਹੱਥੋਂ ਜੇ ਹਾਰ ਵੀ ਗਿਆ ਤਾਂ ਘੱਟੋ ਘੱਟ ਪੰਜਾਬ ਵਿਚ ਤਾਂ ਨਹੀਂ, ਪਾਰਟੀ ਵਿਚ ਤਾਂ ਸਿਆਸੀ ਸ਼ਹੀਦ ਦਾ ਦਰਜਾ ਮਿਲ ਹੀ ਜਾਵੇਗਾ। ਅਸਲ ਵਿਚ ਪਾਰਟੀ ਭਗਵੰਤ ਤੋਂ ਅੰਦਰੋ ਅੰਦਰੀ ਨਾਖੁਸ਼ ਹੈ ਤੇ ਭਗਵੰਤ ਪਾਰਟੀ ਤੋਂ ਨਾਖੁਸ਼ ਹੈ।

**ਮਜੀਠੀਏ ਦੇ ਖਿਲਾਫ ਕੌਣ ਖੜ੍ਹੂ**

ਆਮ ਆਦਮੀ ਪਾਰਟੀ ਦੇ ਰਾਡਾਰ ਤੇ ਹਮੇਸ਼ਾ ਹੀ ਬਿਕਰਮ ਸਿੰਘ ਮਜੀਠੀਆ ਰਹਿੰਦਾ ਹੈ। ਇਸੇ ਕਰਕੇ ਹੀ ਮਜੀਠੀਏ ਨੇ ਕੇਜਰੀਵਾਲ ਸਮੇਤ ਹੋਰ ਕਈ ਆਗੂਆਂ ਤੇ ਅਦਾਲਤੀ ਕੇਸ ਵੀ ਕੀਤਾ ਹੋਇਆ ਹੈ। ਪਰ ਲੱਖ ਟਕੇ ਦਾ ਸਵਾਲ ਇਹ ਹੈ ਕਿ ਇਸ ਮਾਝੇ ਦੇ ਜਰਨੈਲ ਦੇ ਖਿਲਾਫ ਆਪ ਵੱਲੋਂ ਕੌਣ ਖੜ੍ਹੂ। ਕੀ ਆਪ ਕਨਵੀਨਰ ਗੁਰਪ੍ਰੀਤ ਘੁੱਗੀ 'ਚ ਐਨਾ ਦਮਖਮ ਹੈ ਕਿ ਉਹ ਮਜੀਠੀਏ ਦੇ ਖਿਲਾਫ ਖੜ੍ਹ ਸਕੇ, ਕਿਉਂਕਿ ਘੁੱਗੀ ਵੀ ਤਾਂ ਮਾਝੇ ਨਾਲ ਹੀ ਸਬੰਧਤ ਹੈ। ਤੇ ਜਾਂ ਫਿਰ ਮਜੀਠੀਏ ਨੂੰ ਨਸ਼ਿਆਂ ਦਾ ਸੌਦਾਗਰ ਕਹਿਣ ਵਾਲੇ ਕੇਜਰੀਵਾਲ ਨੂੰ ਖੁਦ ਉਹਦੇ ਖਿਲਾਫ ਖੜ੍ਹਨਾ ਚਾਹੀਦਾ ਹੈ। ਵੈਸੇ ਵੇਖਿਆ ਜਾਵੇ ਤਾਂ ਆਪ ਵਿਚ ਵੀ. ਆਈ. ਪੀ. ਚਿਹਰਿਆਂ ਦੀ ਕਾਫੀ ਘਾਟ ਰੜਕਦੀ ਰਹੀ ਹੈ।

**ਕੈਪਟਨ ਤੋਂ ਬਹੁਤੇ ਕਾਂਗਰਸੀ ਆਗੂ ਨਰਾਜ਼**

ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋਂ, ਚੌਧਰੀ ਸੰਤੋਖ ਸਿੰਘ, ਕੇ. ਪੀ. ਸਿੰਘ, ਸੇਖੜੀ ਤੇ ਹੋਰ ਬਹੁਤ ਸਾਰੇ ਕਾਂਗਰਸੀ ਘਾਗ ਆਗੂ ਕੈਪਟਨ ਦੇ ਆਪ-ਮੁਹਾਰੇ ਫੈਸਲਿਆਂ ਤੋਂ ਨਾਖੁਸ਼ ਹਨ।

ਕਿਸੇ ਨੂੰ ਪਾਰਟੀ 'ਚ ਲੈਣਾ ਤੇ ਜਾਂ ਕੱਢਣਾ ਤੇ ਜਾਂ ਕੋਈ ਹੋਰ ਨਾਜ਼ੁਕ ਮੁੱਦਾ ਹੋਵੇ, ਕਿਸੇ ਦੀ ਕੋਈ ਸਲਾਹ ਹੀ ਨਹੀਂ ਪੁੱਛੀ-ਦੱਸੀ ਜਾਂਦੀ। ਵੈਸੇ ਸੰਤੋਖ ਚੌਧਰੀ ਦਾ ਦਰਦ ਸਮਝਿਆ ਜਾ ਸਕਦਾ ਹੈ, ਉਹ ਦਰਦ ਹੈ ਕਿ ਫਿਲੌਰ ਤੋਂ ਕਈ ਵਾਰ ਐਮ. ਐਲ. ਏ. ਤੇ ਮੰਤਰੀ ਰਹਿ ਚੁੱਕੇ, ਅਕਾਲੀ ਸਰਵਣ ਸਿੰਘ ਫਿਲੌਰ ਨੂੰ ਝੱਟਪੱਟ ਵਿਚ ਕੈਪਟਨ ਨੇ ਉਹਨੂੰ ਕਾਂਗਰਸ ਵਿਚ ਸ਼ਾਮਲ ਕਰ ਲਿਆ ਤੇ ਜਦਕਿ ਸੰਤੋਖ ਚੌਧਰੀ ਨੂੰ ਪੁੱਛਿਆ ਤੱਕ ਵੀ ਨਹੀਂ।

ਯਾਦ ਰਹੇ ਸੰਤੋਖ ਚੌਧਰੀ ਇਸ ਵੇਲੇ ਜਲੰਧਰ ਤੋਂ ਐਮ. ਭੀ. ਹਨ ਤੇ ਫਿਲੌਰ ਵਿਧਾਨ ਸਭਾ ਦਾ ਹਲਕਾ ਜਲੰਧਰ ਸੰਸਦੀ ਹਲਕੇ 'ਚ ਪੈਂਦਾ ਹੈ। ਦੂਸਰਾ ਚੌਧਰੀ ਨੂੰ ਇਹ ਵੀ ਡਰ ਹੈ ਕਿ ਕਿਤੇ ਫਿਲੌਰ ਤੋਂ ਕਾਂਗਰਸੀ ਟਿਕਟ ਦੇ ਇੱਥੋਂ-ਇੱਥੋਂ ਦਾਅਵੇਦਾਰ ਚੌਧਰੀ ਦੇ ਸਪੁੱਤਰ ਬਿਕਰਮਜੀਤ ਦੀ ਟਿਕਟ ਕੱਟਕੇ ਸਰਵਣ ਨੂੰ ਨਾ ਦੇ ਦਿੱਤੀ ਜਾਵੇ ਪਰ ਕੈਪਟਨ ਨੇ ਐਲਾਨ ਕੀਤਾ ਹੋਇਆ ਹੈਕਿ ਇਕ ਪਰਿਵਾਰ 'ਚੋਂ ਸਿਰਫ ਇਕ ਨੂੰ ਹੀ ਟਿਕਟ ਦਿੱਤੀ ਜਾਵੇਗੀ। ਇਕ ਗੱਲ ਤਾਂ ਪੱਕੀ ਹੈ ਕਿ ਜਿਸ ਦਿਨ ਕਾਂਗਰਸ ਦੀ ਸੂਚੀ ਜਾਰੀ ਹੋਵੇਗੀ, ਪੁਆੜੇ ਤਾਂ ਪੈਣਗੇ ਹੀ ਪੈਣਗੇ।

# ਦਲਿਤਾਂ ਦੇ ਲਹੂ ਨਾਲ ਲਥ ਪਥ ਪੰਜਾਬ - ਭਾਰਤ

ਚੰਡੀਗੜ੍ਹ (ਸੰਪਰਕ 98 767 25939) 'ਪੰਜਾਬ ਵਿਚ ਦਲਿਤਾਂ ਉਪਰ ਵਧ ਰਹੇ ਅੱਤਿਆਚਾਰ' ਸਿਰਲੇਖ ਹੇਠ ਪੰਜਾਬੀ ਟ੍ਰਿਬਿਊਨ ਵਿਚ ਹੁਣੇ ਹੁਣੇ ਮਿਤੀ 26 10 16 ਨੂੰ ਲਿਖਦੇ ਹਨ "ਪਿੰਡਾਂ ਦੇ ਲਾਚਾਰ ਅਤੇ ਗ਼ਰੀਬ ਘਰਾਂ ਦੇ ਨੌਜਵਾਨ, ਜੋ ਆਮ ਕਰ ਕੇ ਦਲਿਤ ਪਰਿਵਾਰਾਂ ਵਿਚੋਂ ਹੁੰਦੇ ਹਨ, ਨੂੰ ਬਹੁਤ ਹੀ ਮਾਮੂਲੀ ਤਨਖਾਹਾਂ ਤੇ ਭਰਤੀ ਕਰਕੇ ਉਨ੍ਹਾਂ ਕੋਲੋਂ ਨਸ਼ੇ ਤੇ ਨਾਜਾਇਜ਼ ਸ਼ਰਾਬ ਦੀ ਵਿਕਰੀ ਕਰਵਾਈ ਜਾਂਦੀ ਹੈ ਜਿਸ ਵਿਚੋਂ ਅਤਿਅੰਤ ਪੈਸਾ ਇਸ 'ਧੰਦੇ' ਨੂੰ ਚਲਾਉਣ ਵਾਲੇ ਆਪਣੀਆਂ ਜੇਬਾਂ ਵਿਚ ਪਾ ਰਹੇ ਹਨ। ਪਿਛਲੇ ਕੁਝ ਸਮੇਂ ਦੌਰਾਨ ਜੋ ਦਲਿਤ ਨੌਜਵਾਨਾਂ ਦੇ ਕਤਲ ਹੋਏ ਹਨ ਭਾਵੇਂ ਉਹ ਬੋਹਾ ਪੁਰ ਪਿੰਡ (ਲੁਧਿਆਣਾ) ਦੇ ਦੋ ਦਲਿਤ ਭਰਾਵਾਂ ਨੂੰ ਦਿਨ ਦਿਹਾੜੇ ਗੋਲੀ ਮਾਰਨ ਦੀ ਘਟਨਾ ਹੋਵੇ ਜਾਂ ਭੀਮ ਟਾਂਕ ਨੂੰ ਅਬੋਹਰ ਵਿਚ ਸਰੀਰ ਦੇ ਟੁਕੜੇ ਕਰ ਕੇ ਮਾਰ ਦੇਣ ਦੀ ਜਾਂ ਫਿਰ ਘਰਾਂਗਣਾ ਸੁਖਚੈਨ ਸਿੰਘ ਪਾਲੀ ਦੀਆਂ ਲੱਤਾਂ ਵੱਢ ਕੇ ਮਾਰ ਦੇਣ ਦੀ ਦਹਿਲਾ ਦੇਣ ਵਾਲੀ ਘਟਨਾ ਹੋਵੇ, ਸਾਰੇ ਕੇਸਾਂ ਵਿਚ ਸਵਰਨ ਜਾਤੀਆਂ ਦੇ ਖਾਂਦੇ ਪੀਂਦੇ ਘਰਾਣਿਆਂ ਦੇ ਲੋਕਾਂ ਨੇ ਆਪਣੇ ਰਾਜਨੀਤਕ ਰਸੂਖ ਵਰਤ ਕੇ ਹੀ ਇੰਨੇ ਵੱਡੇ ਜ਼ੁਲਮਾਂ ਨੂੰ ਅੰਜਾਮ ਦੇਣ ਦੀ ਹਿੰਮਤ ਕੀਤੀ। ਪੰਜਾਬ ਦੇ ਦਲਿਤਾਂ ਵਿਚੋਂ ਇਕ ਅਣਖੀ ਨੌਜਵਾਨਾਂ ਦੀ ਪੀੜ੍ਹੀ ਵੀ ਉਭਰ ਕੇ ਸਾਹਮਣੇ ਆ ਰਹੀ ਹੈਭਾਵੇਂ ਇਹ ਨੌਜਵਾਨ ਆਰਥਿਕ ਤੌਰ ਤੇ ਟੁੱਟੇ ਹੋਏ ਹਨ ਪਰ ਉਹ ਉਚ ਜਾਤੀਆਂ/ਜਮਾਤਾਂ ਦੇ ਲੋਕਾਂ ਦੀ ਧੌਂਸ ਨੂੰ ਚੁਣੌਤੀ ਦੇਣ ਦਾ ਮਨ ਵੀ ਬਣਾਈ ਬੈਠੇ ਹਨ"।

ਅੱਗੋਂ ਪੰਜਾਬ ਸਰਕਾਰ ਜਾਂ ਪੰਜਾਬ ਪੁਲਿਸ ਦਲਿਤ ਪਿਛੜੇ ਮੂਲ ਨਿਵਾਸੀ ਲੋਕਾਂ ਨੂੰ ਜ਼ਰਾ ਵੀ ਨਹੀਂ ਝੱਲਦੇ। ਸਗੋਂ ਭਾਰੀ ਪੱਲੜੇ ਵਾਲੇ ਗੁਨਾਹ ਗਾਰਾਂ ਦੇ ਆਪ ਨਾਲ ਖੜ੍ਹੇ ਦਿਖਾਈ ਦਿੰਦੇ ਹਨ। ਪੰਜਾਬ ਪੁਲਿਸ ਲੋਕਾਂ ਨੂੰ ਕਿਵੇਂ ਇਨਸਾਫ ਦਿੰਦੀ ਹੈ ਇਸ ਉਪਰ ਇਕ ਛੋਟੀ ਜਿਹੀ ਝਾਤ ਸ. ਬਖ਼ਸ਼ੀਸ਼ ਸਿੰਘ ਸਭਰਾ ਜੀ ਨੇ ਆਪਣੇ ਛੋਟੇ ਪਰ ਭਾਵਪੂਰਤ ਆਰਟੀਕਲ 'ਪੁਲਿਸ ਦਾ ਹਾਲ ਸੱਪ ਦੇ ਮੂੰਹ ਕੋੜ੍ਹ ਕਿਰਲੀ ਵਾਲਾ' ਵਿਚ ਪੰਜਾਬੀ ਟ੍ਰਿਬਿਊਨ ਮਿਤੀ 27 10 16 ਰਾਹੀਂ ਪਵਾਈ ਹੈ। ਵਿਦਵਾਨ ਲੇਖਕ ਲਿਖਦੇ ਹਨ, "ਮੈਂ ਕਿਸੇ ਮੀਟਿੰਗ ਵਿਚ ਉਨ੍ਹਾਂ ਨੂੰ ਕਿਹਾ ਸੀ ਕਿ ਕਿਸੇ ਨੂੰ ਰੇਤ ਚੋਰੀ ਨਹੀਂ ਕਰਨ ਦੇਣੀ। ਜੇਕਰ ਮੈਂ ਕਹਿੰਦਾ ਕਿ ਇਨ੍ਹਾਂ ਨੂੰ ਅੰਦਰ ਕਰ ਦਿਓ ਤਾਂ ਵੀ ਆਉਣ ਵਾਲੇ ਨਤੀਜੇ ਦਾ ਮੈਨੂੰ ਪਤਾ ਸੀ ਮੈਂ ਸਾਰਾ ਕੁਝ ਸੋਚ ਕੇ ਇਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਥਾਣੇ ਅੰਦਰ ਬੰਦ ਕਰ ਦਿਓ। ਉਸ ਨੇ ਇਸੇ ਤਰ੍ਹਾਂ ਹੀ ਕੀਤਾ। ਕੁਝ ਚਿਰ ਬਾਅਦ ਉਸ ਨੂੰ ਇਕ ਨੇਤਾ ਦਾ ਫੋਨ ਆ ਗਿਆ ਕਿ ਕੈਂਟਰ ਕਿਉਂ ਫੜੇ ਹਨ? ਉਸ ਨੇ ਇਹ ਕਹਿ ਕੇ ਆਪਣੀ ਜਾਨ ਛੁਡਵਾ ਲਈ ਕਿ ਉਸ ਨੂੰ ਸਾਹਿਬ ਨੇ ਕਿਹਾ ਹੈ। ਉਸ ਨੇਤਾ ਨੇ ਫੋਨ ਕੱਟ ਕੇ ਮੈਨੂੰ ਫੋਨ ਲਗਾ ਦਿੱਤਾ। ਮੈਂ ਕਿਹਾ ਜੀ ਦੱਸੋ ਤਾਂ ਉਹ ਕਹਿਣ ਲੱਗੇ ਤੁਸੀਂ ਮੇਰੇ ਟਿੱਪਰ ਫੜ ਕੇ ਅੰਦਰ ਕਰ ਦਿੱਤੇ ਹਨ। ਉਸ ਨੇ ਅੱਗੇ ਬੜੇ ਰੋਹਬ ਨਾਲ ਕਿਹਾ ਤੁਸੀਂ ਛੱਡੋਗੇ ਕਿ ਉਪਰ ਗੱਲ ਕਰਾਂ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਨੂੰ ਥੋੜੇ ਦਿਨਾਂ ਬਾਦ ਹੀ ਉਥੋਂ ਬਦਲ ਦਿੱਤਾ ਗਿਆ"। "ਇਹ ਹੈ ਪੰਜਾਬ ਦੇ ਕਿਸੇ ਜ਼ਿਲੇ ਦੇ ਪੁਲਿਸ ਮੁਖੀ ਐਸ. ਐਸ. ਪੀ ਸਾਹਿਬ ਦਾ ਹਾਲ ਜੋ ਰਾਜਨੀਤੀਵਾਨਾ ਨੇ ਕੀਤਾ ਹੋਇਆ ਹੈ। ਇਹ ਤੇ ਇਸ ਤਰ੍ਹਾਂ ਦੀਆਂ ਦੋ ਤਿੰਨ ਹੋਰ ਰਾਜਨੀਤੀਵਾਨਾ ਦੇ ਆਪਹੁਦਰੇਪਨ ਨੂੰ ਬਿਆਨਦੀਆਂ ਘਟਨਾਵਾਂ ਲੇਖਕ ਜੀ ਨੇ ਬਿਆਨ ਕੀਤੀਆਂ ਹਨ ਅਤੇ ਇਹ ਦੱਸਣ ਵਿਚ ਸਫਲ ਹੋਏ ਹਨ ਕਿ ਅੱਜ ਦੇ ਅਕਾਲੀ ਬੀ ਜੇ ਪੀ ਰਾਜ ਵਿਚ ਪੁਲਿਸ ਸਟੇਸ਼ਨ ਕਿਸ ਤਰ੍ਹਾਂ ਰਾਜਨੀਤੀਵਾਨਾ ਦੇ ਹੱਥਾਂ ਵਿਚ, ਕਬਜ਼ੇ ਵਿਚ ਆ ਚੁੱਕੇ ਹਨ। ਇਹ ਪੁਲਿਸ ਠਾਣਿਆਂ ਤੱਕ ਸਿੱਧੀ ਪਹੁੰਚ ਵਾਲੇ ਰਾਜਨੀਤੀਵਾਨ ਹੀ ਲਗਭਗ ਹਰ ਕਿਸਮ ਦੀ ਲਾ-ਕਾਨੂੰਨੀ ਪੈਦਾ ਕਰਨ ਲਈ ਜ਼ਿੰਮੇਵਾਰ ਹਨ।

ਇਨ੍ਹਾਂ ਉਪਰ ਵਰਣਿਤ ਸਾਰੇ ਕੇਸਾਂ ਵਿਚ ਸਹਿਜੇ ਹੀ ਪੁਛਿਆ ਜਾ ਸਕਦਾ ਹੈ ਕਿ ਇਨ੍ਹਾਂ ਕਮਿਸ਼ਨਾਂ ਦੀ ਇਨ੍ਹਾਂ ਕੇਸਾਂ ਵਿਚ ਕੀ ਭੂਮਿਕਾ ਰਹੀ। ਸਰਕਾਰ ਵਲੋਂ ਇਨ੍ਹਾਂ ਨੂੰ ਆਪਣੇ ਆਪਣੇ ਖੇਤਰ ਵਿਚ ਆਜ਼ਾਦੀ ਨਾਲ ਕੰਮ ਕਰਨ ਲਈ ਅਦਾਲਤੀ ਪਾਵਰਾਂ ਦਿੱਤੀਆਂ ਹੋਈਆਂ ਹਨ। ਢੇਰ ਸਾਰਾ ਅਮਲਾ ਹਰੇਕ ਕਮਿਸ਼ਨ ਨਾਲ ਲਾਇਆ ਹੋਇਆ ਹੈ। ਖਰਚਿਆਂ ਵਾਸਤੇ ਬਜਟ ਜੁਦਾ ਦਿੱਤਾ ਜਾਂਦਾ ਹੈ। ਗੱਲ ਕੀ ਕਿ ਇਨਾਂ ਕਮਿਸ਼ਨਾਂ ਨੂੰ ਸਾਧਨ ਵਿਹੂਣੇ ਨਹੀਂ ਛਡਿਆ ਜਾਂਦਾ। ਸਰਕਾਰ ਨੇ ਸਬੰਧਤ ਲੋਕਾਂ ਦੀਆਂ ਅੱਖਾਂ ਪੂੰਝਣ ਜਾਂ ਆਪਣੇ ਚਹੇਤੇ ਚੇਅਰਮੈਨ ਥਾਪਣ ਲਈ ਕਮਿਸ਼ਨ ਤਾਂ ਬਣਾ ਦਿੱਤੇ ਤੇ ਉਨ੍ਹਾਂ ਨੂੰ ਅਥਾਹ ਪਾਵਰਾਂ ਵੀ ਦਿੱਤੀਆਂ। ਕੀ ਕਦੀ ਕਿਸੇ ਕਮਿਸ਼ਨ ਨੇ ਆਪਣੀਆਂ ਅਦਾਲਤੀ ਤਾਕਤਾਂ ਦਾ ਇਸਤੇਮਾਲ ਕਰ ਕੇ ਕਿਸੇ ਮੁਜਰਿਮ ਵਿਰੁਧ ਕਦੇ ਕੋਈ ਕਾਰਵਾਈ ਵੀ ਕੀਤੀ ਹੈ? ਕੀ ਕਿਸੇ ਕੇਸ ਵਿਚ ਕਦੇ ਕੋਈ ਮੁਆਵਜ਼ਾ ਵੀ ਦੁਆਇਆ ਹੈ? ਕੀ ਕਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਨ੍ਹਾਂ ਕਮਿਸ਼ਨਾਂ ਦੀ ਕਦੇ ਕਾਰਵਾਈ ਦੀ ਘੋਖ ਪੜਤਾਲ ਆਪ ਕੀਤੀ ਹੈ ਜਾਂ ਕੋਈ ਚੋਟੀ ਦੇ ਮਾਹਿਰਾਂ ਤੋਂ ਕਰਵਾਈ ਹੈ। ਜਾਪਦਾ ਹੈ ਕਿ ਕਮਿਸ਼ਨ ਦੀ ਰਚਨਾ ਕਰ ਕੇ ਕਰ ਕੇ ਕਦੇ ਕਿਸੇ ਨੇ ਇਨ੍ਹਾਂ ਦੀ ਸਲਾਨਾ ਪ੍ਰਗਤੀ ਰਪੋਟ ਜਾਂ ਕਾਰਵਾਈ ਰਪੋਟ ਮੰਗੀ ਹੀ ਨਹੀਂ ਗਈ ਹੋਣੀ। ਯਾਦ ਰਹੇ ਕਿ ਇਹ ਕਮਿਸ਼ਨ ਸਰਕਾਰ ਵਲੋਂ ਜਾਂ ਕਿਸੇ ਇਕ ਵਿਅਕਤੀ ਜਾਂ ਸੰਸਥਾ ਵਲੋਂ ਕਿਸੇ ਨੂੰ ਖ਼ੁਸ਼ ਕਰਨ ਲਈ ਨਹੀਂ ਨਿਯੁਕਤ ਕੀਤੇ ਜਾਂਦੇ ਬਲਕਿ ਇਨ੍ਹਾਂ ਦੀ ਨਿਯੁਕਤੀ ਸੰਵਿਧਾਨਕ ਲੋੜਾਂ ਦੀ ਪੂਰਤੀ ਕਰਨ ਲਈ ਭਾਰਤੀ ਸੰਵਿਧਾਨ ਦੇ ਆਰਟੀਕਲ 337 ਤੋਂ 342 ਅਧੀਨ ਦਲਿਤਾਂ, ਦਲਿਤ ਕਬੀਲਿਆਂ ਆਦਿ ਦੇ ਹਿਤਾਂ ਦੀ ਰਾਖੀ ਹਿਤ ਕੀਤੀ ਜਾਂਦੀ ਹੈ।

ਸੰਵਿਧਾਨਕ ਤੌਰ ਤੇ ਇਨ੍ਹਾਂ ਕਮਿਸ਼ਨਾਂ ਦੇ ਕੰਮ ਕਾਜ ਉਤੇ ਕਿਸੇ ਦਾ ਵੀ ਅਸਰ ਰਸੂਖ ਅਸਰ ਅੰਦਾਜ਼ ਨਹੀਂ ਹੋਣਾ ਚਾਹੀਦਾ ਚਾਹੇ ਉਹ ਸਮਾਜਿਕ, ਰਾਜਨੀਤਕ, ਧਾਰਮਿਕ ਤੌਰ ਤੇ ਕਿੰਨਾ ਵੀ ਬਲਸ਼ਾਲੀ ਕਿਉਂ ਨਾ ਹੋਵੇ। ਪਰ ਦੇਖਣ ਵਿਚ ਆਇਆ ਹੈ ਕਿ ਇਹ ਕਮਜ਼ੋਰੀਆਂ ਇਨ੍ਹਾਂ ਕਮਿਸ਼ਨਾਂ ਵਿਚ ਆਮ ਤੌਰ ਤੇ ਹੀ ਆ ਗਈਆਂ ਮਹਿਸੂਸ ਕੀਤੀਆਂ ਗਈਆਂ ਹਨ। ਅਸਲ ਬੀਮਾਰੀ ਸ਼ੁਰੂ ਹੁੰਦੀ ਹੈ ਕਮਿਸ਼ਨ ਦੀ ਬਣਤਰ ਤੇ। ਚਾਹੀਦਾ ਤਾਂ ਇਹ ਹੈ ਕਿ ਕਿਸੇ ਵੀ ਕਮਿਸ਼ਨ ਦੀ ਬਣਤਰ ਸਮੇਂ, ਇਸ ਦੇ ਮੁਖੀ ਦੀ ਜਾਂ ਮੈਂਬਰਾਂ ਦੀ ਨਿਯੁਕਤੀ ਸਮੇਂ ਕੇਵਲ ਤੇ ਕੇਵਲ ਉਸ ਦੀ ਵਿਦਿਅਕ, ਤਕਨੀਕੀ, ਪ੍ਰਬੰਧਕੀ ਆਦਿ ਨਿਜੀ ਯੋਗਤਾ ਦੀ ਰੱਜਕੇ ਪੜਤਾਲ ਘੋਖ ਕਰ ਲੈਣੀ ਚਾਹੀਦਾ ਹੈ। ਉਹ ਦਿਮਾਗ਼ੀ ਤੌਰ ਤੇ ਸੁਚੇਤ ਹੋਣ, ਸੰਵਿਧਾਨ ਤੇ ਕਾਨੂੰਨ ਦੇ ਗਿਆਤਾ ਹੋਣ, ਫੈਸਲੇ ਲੈਣ ਦੇ ਸਮਰਥ ਹੋਣ, ਨਿਰਪੱਖ ਹੋਣ, ਦਿਤੇ ਹੋਏ ਕਿੱਤੇ ਵਿਚ ਮਹਾਰਤ ਰੱਖਦੇ ਹੋਣ।

ਹੋਰ ਵੱਡੀ ਗੱਲ ਇਹ ਕਿ ਸਮਾਜ ਵਿਚ ਉਚ ਮਾਣ ਪ੍ਰਾਪਤ ਆਪਣਾ ਮਾਣ ਤਾਣ ਤੇ ਰਸੂਖ ਰੱਖਦੇ ਹੋਣ। ਪਰ ਮਹਿਸੂਸ ਕੀਤਾ ਗਿਆ ਹੈ ਕਿ ਇਨ੍ਹਾਂ ਮਹੱਤਵ ਪੂਰਨ ਨਿਯੁਕਤੀਆਂ ਸਮੇਂ ਵੀ ਭਾਈ ਭਤੀਜਾ ਵਾਦ, ਕੁਨਬਾ ਪਰਵਰੀ, ਲਿਹਾਜਦਾਰੀਆਂ ਦਾ ਬੋਲ ਬਾਲਾ ਆਮ ਹੁੰਦਾ ਹੈ। ਉੱਪਰ ਦੇਖ ਲਿਆ ਗਿਆ ਹੈ ਕਿ ਪੰਜਾਬ ਦੇ ਪੁਲਿਸ ਥਾਣਿਆਂ ਵਿਚ ਵੀ ਪੁਲਿਸ ਦੀ ਰਾਜਨੀਤੀਵਾਨਾ ਵਲੋਂ ਆਪਣੀ ਦੁਰਦਸ਼ਾ ਕਰ ਦਿੱਤੀ ਹੋਈ ਹੈ। ਤਾਂ ਫਿਰ ਕਿਹੜਾ ਸਥਾਨ ਰਹਿ ਜਾਂਦਾ ਹੈ ਦਲਿਤ ਲੋਕਾਂ ਲਈ ਆਪਣੇ ਲਈ ਇਨਸਾਫ ਮੰਗਣ ਲਈ?

ਕੋਈ ਵੀ ਨਹੀਂ। ਨਤੀਜੇ ਦੇ ਤੌਰ ਤੇ ਨਿੱਤ ਨਵੇਂ ਕੇਸ ਦਲਿਤ ਲੋਕਾਂ ਪੁਰ ਅੱਤਿਆਚਾਰਾਂ ਦੇ ਪੈਦਾ ਹੋ ਰਹੇ ਹਨ ਅਤੇ ਦਲਿਤ ਰੋਜ਼ ਹਰ ਰੋਜ਼ ਹੀ ਝੰਬੇ ਜਾਂਦੇ ਹਨ ਪਰ ਇਲਾਜ ਕੋਈ ਵੀ ਨਹੀਂ।

ਅਖੀਰ ਉਤੇ ਜਾ ਕੇ ਨਿਗਾਹ ਐਸ. ਸੀ., ਐਸ ਟੀ., ਮਨੁੱਖੀ ਅਧਿਕਾਰ ਅਤੇ ਇਸਤਰੀ ਕਮਿਸ਼ਨਾਂ ਵਲ ਹੀ ਜਾਂਦੀ ਹੈ। ਭਾਰਤ ਦੇ ਰਾਸ਼ਟਰਪਤੀ ਸਾਹਿਬ ਨੂੰ ਬੇਨਤੀ ਕਰਨੀ ਬਣਦੀ ਹੈ ਕਿ ਜੇਕਰ ਦਲਿਤਾਂ ਦੇ ਲਹੂ ਨਾਲ ਹਰ ਰੋਜ਼ ਹੀ ਲਥ ਪਥ ਹੁੰਦੇ ਪੰਜਾਬ -ਭਾਰਤ ਨੂੰ ਰੋਕਣਾ ਹੈ ਤੇ ਸਹੀ ਸ਼ਬਦਾਂ ਵਿਚ ਰੋਕਣਾ ਹੈ ਤਾਂ ਇਨ੍ਹਾਂ ਕਮਿਸ਼ਨਾਂ ਨੂੰ ਹਰ ਤਰ੍ਹਾਂ ਦੇ ਰਾਜਨੀਤਕ ਸਮਾਜਿਕ ਧਾਰਮਿਕ ਰਸੂਖ ਦਬ ਦਬਾ ਵਿਚੋਂ ਬਾਹਰ ਕਢਵਾਉਣ ਦੇ ਉਪਰਾਲੇ ਕਰਵਾਉਣ ਤੇ ਸਮੇਂ ਦੀ ਨਜ਼ਾਕਤ ਨੂੰ ਸਮਝ ਕੇ ਇਨ੍ਹਾਂ ਕਮਿਸ਼ਨਾਂ ਨੂੰ ਹੋਰ ਪਾਏਦਾਰ ਬਣਾਉਣ ਦਾ ਯਤਨ ਕਰਨ।

ਜੇਕਰ ਫਿਰ ਭੀ ਕੁਝ ਪਲੇ ਪੈਂਦਾ ਨਹੀਂ ਦਿਸਦਾ ਤੇ ਕਮਿਸ਼ਨ ਦੀ ਕਾਰਵਾਈ ਵਿਚੋਂ ਉਦਾਸੀਨਤਾ ਗਈ ਨਹੀਂ ਹੈ ਤਾਂ ਫਿਰ ਇਨ੍ਹਾਂ ਨੂੰ ਢੰਡਰ ਮੱਝ ਦੀ ਤਰ੍ਹਾਂ ਕਿੱਲੇ ਬੰਨ੍ਹ ਕੇ ਸਿਵਾਏ ਪੱਠੇ ਪਾ ਕੇ ਮੁਫਤ ਵਿਚ ਖੁਰ ਵਢਾਉਣ ਤੋਂ ਪੱਲੇ ਕੁਝ ਵੀ ਪੈਂਦਾ ਨਜ਼ਰ ਨਹੀਂ ਆਉਂਦਾ ਤਾਂ ਫਿਰ ਇਨ੍ਹਾਂ ਨੂੰ ਅਮਲੀ ਤੌਰ ਤੇ ਖ਼ਤਮ ਕਰ ਕੇ ਇਨ੍ਹਾਂ ਦੀ ਥਾਂ ਕੋਈ ਖ਼ੁਦ ਮੁਖ਼ਤਿਆਰ ਸੰਸਥਾ ਜੋ ਕਿ ਹਰ ਤਰ੍ਹਾਂ ਦੇ ਅਸਰ ਰਸੂਖ ਤੋਂ ਅਜ਼ਾਦ ਹੋ ਕੇ ਕੰਮ ਕਰ ਸਕਦੀ ਹੋਵੇ ਦੀ ਰਚਨਾ ਕੀਤੀ ਜਾਵੇ ਜਿਸ ਨਾਲ ਦਲਿਤ ਪਛੜੇ ਤੇ ਅਨੁਸੂਚਿਤ ਕਬੀਲੇ ਵੀ ਬੇ-ਡਰ ਹੋ ਕੇ ਆਜ਼ਾਦ ਭਾਰਤ ਦੀ ਆਜ਼ਾਦ ਫ਼ਿਜ਼ਾ ਵਿਚ ਸੁਖ ਚੈਨ ਦਾ ਸਾਹ ਲੈਣ ਜੋਗੇ ਹੋ ਸਕਣ।

# ਵੱਡੇ ਨੋਟ ਬੰਦ ਹੋਣ ਕਾਰਨ ਸਾਰੇ ਭਾਰਤ ਵਿਚ ਹਾਹਾਕਾਰ



ਫਰੈਡੀ ਜੋਜ਼ਫ

ਭਾਰਤ ਵਿਚ 500 ਅਤੇ 1000 ਰੁਪਏ ਦੇ ਕਰੰਸੀ ਨੋਟਾਂ ਤੇ ਪਾਬੰਦੀ ਲੱਗਣ ਕਾਰਨ ਸਾਰੇ ਦੇਸ਼ ਵਿਚ ਇਸ ਸਮੇਂ ਹਾਹਾਕਾਰ ਮਚੀ ਹੋਈ ਹੈ। ਦਸ ਦਿਨ ਬਾਅਦ ਵੀ ਦੇਸ਼ ਵਿਚ ਬੈਂਕਾਂ ਅੱਗੇ ਪੁਰਾਣੇ ਨੋਟ ਬਦਲਵਾਉਣ ਜਾਂ ਪੈਸੇ ਕਢਵਾਉਣ ਵਾਲੇ ਲੋਕਾਂ ਦੀਆਂ ਭੀੜਾਂ ਲੱਗੀਆਂ ਹੋਈਆਂ ਹਨ। ਬਹੁਤ ਸਾਰੇ ਲੋਕ ਰਾਤ ਨੂੰ ਹੀ ਬੈਂਕਾਂ ਅੱਗੇ ਆ ਕੇ ਸੌਂ ਜਾਂਦੇ ਹਨ ਤਾਂ ਕਿ ਉਹ ਸਵੇਰੇ ਛੇਤੀ ਲਾਈਨ ਵਿਚ ਲੱਗ ਸਕਣ। ਹੁਣ ਤੱਕ ਲਾਈਨਾਂ ਵਿਚ ਲੱਗੇ ਲੋਕਾਂ ਨੂੰ ਪ੍ਰੇਸ਼ਾਨੀ ਕਾਰਨ ਹਾਰਟ ਅਟੈਕ ਹੋਣ ਕਾਰਨ ਜਾਂ ਬੈਂਕਾਂ ਤੋਂ ਦਵਾਈਆਂ ਲਈ ਪੈਸੇ ਨਾ ਮਿਲਣ ਕਾਰਨ 60 ਤੋਂ ਉਪਰ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਨੋਟਬੰਦੀ ਕਾਰਨ ਭਾਰੀ ਹੰਗਾਮਿਆਂ ਕਾਰਨ ਤਿੰਨ ਦਿਨ ਤੋਂ ਪਾਰਲੀਮੈਂਟ ਦਾ ਕੰਮਕਾਜ ਠੱਪ ਹੈ। ਆਪੋਜ਼ੀਸ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੋਕਾਂ ਦੀ ਪ੍ਰੇਸ਼ਾਨੀ ਦਾ ਉਤਰ ਚਾਹੁੰਦੀ ਹੈ।ਪਰ ਮੋਦੀ ਪਾਰਲੀਮੈਂਟ ਵਿਚ ਆ ਨਹੀਂ ਰਹੇ। ਲੋਕ ਸਰਕਾਰ ਵਿਰੁੱਧ ਅਦਾਲਤਾਂ ਵਿਚ ਜਾ ਰਹੇ ਹਨ। ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਨੋਟਬੰਦੀ ਵਿਰੁੱਧ ਆ ਰਹੀਆਂ ਦਰਖਾਸਤਾਂ ਤੇ ਅਦਾਲਤਾਂ ਵਿਚਾਰ ਨਾ ਕਰਨ ਪਰ ਸੁਪਰੀਮ ਕੋਰਟ ਨੇ ਸਪਸ਼ਟ ਕਰ ਦਿੱਤਾ ਹੈ ਕਿ ਲੋਕਾਂ ਨੂੰ ਅਦਾਲਤ ਵਿਚ ਆਪਣੀਆਂ ਪ੍ਰੇਸ਼ਾਨੀਆਂ ਪੇਸ਼ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਉਸਨੇ ਕਿਹਾ ਹੈ ਕਿ ਹਾਲਾਤ ਬਹੁਤ ਖਰਾਬ ਹੋ ਚੁੱਕੇ ਹਨ। ਜੇਕਰ ਲੋਕਾਂ ਨੂੰ ਅਦਾਲਤਾਂ ਵਿਚ ਆਉਣ ਤੋਂ ਰੋਕਿਆ ਗਿਆ ਤਾਂ ਦੇਸ਼ ਵਿਚ ਦੰਗੇ ਸ਼ੁਰੂ ਹੋ ਸਕਦੇਹਨ। ਕਲਕੱਤਾ ਹਾਈ ਕੋਰਟ ਨੇ ਕਿਹਾ ਹੈ ਕਿ ਨੋਟਬੰਦੀ ਦਾ ਕਦਮ ਚੁੱਕਣ ਤੋਂ ਪਹਿਲਾਂ ਸਰਕਾਰ ਨੇ ਇਸ ਹਾਲਾਤ ਨਾਲ ਨਿਪਟਣ ਲਈ ਪੂਰੀ ਤਿਆਰੀ ਨਹੀਂ ਕੀਤੀ ਜਿਸ ਕਰਕੇ ਲੋਕਾਂ ਨੂੰ ਬਹੁਤ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨੋਟਬੰਦੀ ਬਾਰੇ ਸਰਕਾਰ ਵੱਲੋਂ ਨਿੱਤ ਨਵੇਂ ਨਿਯਮ ਲਾਗੂ ਕਰਨ ਤੇ ਅਦਾਲਤ ਨੇ ਸਰਕਾਰ ਨੂੰ ਝਾੜ ਪਾਈ ਹੈ।

ਮੋਦੀ ਸਰਕਾਰ ਦੀ ਦਲੀਲ ਹੈ ਕਿ ਵੱਡੇ ਨੋਟ ਬੰਦ ਕਰਨ ਨਾਲ ਅਤਿਵਾਦ ਕੰਟਰੋਲ ਹੋ ਜਾਵੇਗਾ। ਅਤਿਵਾਦ ਤੇ ਕਾਬੂ ਪਾਇਆ ਜਾ ਸਕਦਾ ਹੈ ਕਿਉਂਕਿ ਉਹ ਕਾਲੇ ਧੰਨ ਦੇ ਸਹਾਰੇ ਹੀ ਚੱਲ ਰਿਹਾ ਹੈ। ਨੋਟਬੰਦੀ ਨਾਲ ਨਕਸਲਵਾਦ ਉਤੇ ਵੀ ਕਾਬੂ ਪਾਇਆ ਜਾ ਸਕੇਗਾ। ਇਸ ਨਾਲ ਭ੍ਰਿਸ਼ਟਾਚਾਰ ਵੀ ਖਤਮ ਹੋ ਜਾਵੇਗਾ। ਚੋਣਾਂ ਵਿਚ ਵੀ ਕਾਲੇ ਧੰਨ ਦੀ ਬਹੁਤ ਵੱਡੇ ਪੈਮਾਨੇ 'ਤੇ ਵਰਤੋਂ ਹੁੰਦੀ ਹੈ ਤੇ ਕਾਲੇ ਧੰਨ ਦੇ ਸਹਾਰੇ ਗਲਤ ਲੋਕ ਵਿਧਾਨ ਸਭਾਵਾਂ ਤੇ ਪਾਰਲੀਮੈਂਟ ਵਿਚ ਪੁੱਜ ਰਹੇ ਹਨ। ਡ੍ਰਗਸ ਦਾ ਧੰਦਾ ਜੋ ਬਹੁਤ ਖਤਰਨਾਕ ਰੂਪ ਧਾਰਨ ਕਰ ਗਿਆ ਹੈ, ਵੀ ਖਤਮ ਹੋ ਜਾਵੇਗਾ। ਹੁਣ ਸਰਕਾਰ ਨੋਟਬੰਦੀ ਦੇ ਨਾਲ ਬੇਨਾਮੀ ਜਾਇਦਾਦਾਂ ਕੁਰਕ ਕਰਨ ਦੀ ਤਿਆਰੀ ਕਰ ਰਹੀ ਹੈ। ਬੈਂਕ ਲਾਕਰ ਵੀ ਸੀਲ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ।

ਭਾਰਤ ਵਿਚ ਨੋਟਬੰਦੀ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਪਤਾ ਲੱਗੇਗਾ ਕਿ ਨੋਟਬੰਦੀ ਦਾ ਉਨਾ ਲਾਭ ਨਹੀਂ ਹੋਵੇਗਾ, ਜਿੰਨਾ ਦੱਸਿਆ ਜਾ ਰਿਹਾ ਹੈ। ਇਸਦਾ ਲਾਭ ਬਹੁਤ ਅੰਸ਼ਿਕ ਹੋਵੇਗਾ ਅਤੇ ਉਹ ਵੀ ਥੋੜ੍ਹਾ। 1954 ਵਿਚ 10 ਹਜ਼ਾਰ ਦੇ ਨੋਟ ਬੰਦ ਹੋਏ ਸਨ। 1978 ਵਿਚ 100-100 ਦੇ ਨੋਟ ਬੰਦ ਹੋਏ ਸਨ। 1987 ਵਿਚ 5 ਸੌ ਦੇ ਨੋਟ ਬੰਦ ਹੋਏ ਸਨ ਪਰ ਇਸਦੇ ਬਾਵਜੂਦ ਅੱਜ ਦੇਸ਼ ਵਿਚ ਕਾਲਾ ਧੰਨ ਮੋਦੀ ਸਰਕਾਰ ਅਨੁਸਾਰ 86 ਫੀਸਦੀ ਹੈ। ਜੇਕਰ ਪਹਿਲਾਂ ਨੋਟਬੰਦੀ ਦਾ ਕੋਈ ਅਸਰ ਨਹੀਂ ਹੋਇਆ ਤੇ ਇਸਦੇ ਬਾਵਜੂਦ ਦੇਸ਼ ਦੀ ਆਰਥਿਕਤਾ ਵਿਚ 86 ਫੀਸਦੀ ਕਾਲਾ ਧੰਨ ਚੱਲ ਰਿਹਾ ਹੈ ਤਾਂ ਹੁਣ ਨੋਟਬੰਦੀ ਦਾ ਕਿੰਨਾ ਕੁ ਲਾਭ ਹੋ ਜਾਵੇਗਾ?

ਜਿੱਥੋਂ ਤੱਕ ਨਕਲੀ ਕਰੰਸੀ ਦਾ ਸਬੰਧ ਹੈ, ਸਰਕਾਰ ਨੇ 2000 ਰੁਪਏ ਦੇ ਜੋ ਕਰੰਸੀ ਨੋਟ ਮਾਰਕੀਟ ਵਿਚ ਉਤਾਰੇ ਹਨ, ਉਨ੍ਹਾਂ ਦੇ ਟਾਕਰੇ ਲਈ 2 ਹਜ਼ਾਰ ਦੇ ਨਕਲੀ ਨੋਟ ਵੀ ਸਰਕੂਲੇਸ਼ਨ ਵਿਚ ਆ ਗਏ ਹਨ। ਪਿਛਲੇ ਦਿਨੀਂ ਤਰਨਤਾਰਨ ਦੇ ਇਲਾਕੇ ਵਿਚ 2 ਵਿਅਕਤੀ 2 ਹਜ਼ਾਰ ਦੇ ਨਕਲੀ ਨੋਟ ਚਲਾਉਂਦੇ ਫੜੇ ਗਏ ਹਨ। ਅਤਿਵਾਦੀਆਂ ਨੂੰ ਜੋ ਬਾਹਰਲੇ ਦੇਸ਼ਾਂ ਤੋਂ ਪੈਸਾ ਆ ਰਿਹਾ ਹੈ, ਉਹ ਨਵੀਂ ਕਰੰਸੀ ਵਿਚ ਆਉਣਾ ਸ਼ੁਰੂ ਹੋ ਜਾਵੇਗਾ। ਇਸੇ ਤਰ੍ਹਾਂ ਹੀ ਡ੍ਰਗਸ ਦਾ ਧੰਦਾ ਕੁਝ ਚਿਰ ਪਿੱਛੋਂ ਨਵੀਂ ਕਰੰਸੀ ਨਾਲ ਚੱਲਣਾ ਸ਼ੁਰੂ ਹੋ ਜਾਵੇਗਾ।

ਜੋ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕਾਲਾ ਧੰਨ ਬੰਦ ਹੋ ਜਾਣ ਨਾਲ ਆਮ ਆਦਮੀ ਨੂੰ ਲਾਭ ਹੋਵੇਗਾ। ਇਸ ਵਿਚ ਕੋਈ ਦਮ ਨਹੀਂ ਲੱਗ ਰਿਹਾ ਹੈ, ਕਿਉਂਕਿ ਨਰਿੰਦਰ ਮੋਦੀ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਹ ਸ਼ਗੂਫਾ ਛੱਡਿਆ ਸੀ ਕਿ ਸਵਿਟਜ਼ਰਲੈਂਡ ਅਤੇ ਹੋਰ ਵਿਦੇਸ਼ਾਂ ਵਿਚ ਭਾਰਤੀ ਲੋਕਾਂ ਦੀ ਪਈ ਬਲੈਕ ਮਨੀ ਲਿਆਂਦੀ ਜਾਵੇਗੀ ਤੇ ਹਰ ਦੇਸ਼ ਵਾਸੀ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾ ਕਰਵਾਏ ਜਾਣਗੇ।

ਉਸ ਸਮੇਂ ਭਾਰਤ ਦਾ 1453 ਬਿਲੀਅਨ ਪੌਂਡ ਕਾਲਾ ਧੰਨ ਸਵਿਟਜ਼ਰਲੈਂਡ ਦੀਆਂ ਬੈਂਕਾਂ ਵਿਚ ਪਿਆ ਸੀ। ਜੇਕਰ ਇਹ ਪੈਸਾ ਵਾਪਸ ਆ ਜਾਂਦਾ ਤੇ ਹਰ ਭਾਰਤੀ ਦੇ ਖਾਤੇ ਵਿਚ 15 ਲੱਖ ਰੁਪਏ ਜਮ੍ਹਾ ਹੋ ਜਾਂਦੇ ਤਾਂ ਨਿਸਚਿਤ ਤੌਰ ਤੇ ਗਰੀਬ ਤੋਂ ਗਰੀਬ ਭਾਰਤੀ ਦੀ ਗਰੀਬੀ ਵੀ ਦੂਰ ਹੋ ਜਾਂਦੀ। ਦੇਸ਼ ਵਿਚ ਇਸ ਸਮੇਂ 30 ਫੀਸਦੀ ਲੋਕ ਬੇਘਰੇ ਹਨ। ਉਹ ਪੀੜ੍ਹੀਆਂ ਤੋਂ ਫੁੱਟਪਾਥਾਂ ਜਾਂ ਗੰਦੀਆਂ ਝੁੱਗੀਆਂ ਵਿਚ ਪੈਦਾ ਹੁੰਦੇ ਹਨ ਤੇ ਉਥੇ ਹੀ ਸਾਰਾ ਜੀਵਨ ਕੱਟਕੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਇਹਨਾਂ ਲੋਕਾਂ ਦਾ ਨਾ ਕੇਵਲਆਪਣੇ ਘਰ ਦਾ ਸੁਪਨਾ ਹੀ ਪੂਰਾ ਹੋ ਜਾਂਦਾ ਬਲਕਿ ਉਹ ਆਪਣੇ ਮਾੜੇ ਮੋਟੇ ਧੰਦੇ ਚਲਾ ਕੇ ਕਈ ਕਈ ਪੀੜ੍ਹੀਆਂ ਤੋਂ ਚੱਲੀ ਆ ਰਹੀ ਭਿਆਨਕ ਗੁਰਬਤ ਨੂੰ ਵੀ ਅਲਵਿਦਾ ਆਖ ਸਕਦੇ ਸਨ। ਭਾਰਤ ਵਿਚ 25 ਫੀਸਦੀ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ, ਇਹ ਵੀ ਰਾਤ ਨੂੰ ਰੱਜ ਕੇ ਰੋਟੀ ਖਾਣ ਵਾਲੇ ਬਣਦੇ। ਲੱਖਾਂ ਭਾਰਤੀ ਲੋਕਾਂ ਦਾ ਰੂੜੀਆਂ ਤੇ ਸੁੱਟਿਆ ਜੂਝਾ ਖਾਣਾ ਖਾ ਕੇ ਪੇਟ ਪਾਲਦੇ ਹਨ, ਉਹ ਵੀ ਇਸ ਜ਼ਿੱਲਤ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾ ਲੈਂਦੇ, ਪਰ ਅੱਜ ਢਾਈ ਸਾਲ ਪਿੱਛੋਂ ਵੀ ਮੋਦੀ ਸਰਕਾਰ ਇਸ ਪੈਸੇ ਨੂੰ ਵਾਪਸ ਲਿਆਉਣ ਦਾ ਨਾਂ ਨਹੀਂ ਲੈ ਰਹੀ। 30 ਸਤੰਬਰ ਤੱਕ ਮੋਦੀ ਸਰਕਾਰ ਨੇ ਦੇਸ਼ ਦੇ ਅੰਦਰੋਂ ਹੀ ਸਵਾ ਲੱਖ ਕਰੋੜ ਰੁਪਏ ਤੋਂ ਵੱਧ ਕਾਲਾ ਧੰਨ ਕਢਵਾਇਆ ਹੈ, ਇਸ ਵਿਚੋਂ ਵੀ ਉਹ ਕਿਸੇ ਗਰੀਬ ਨੂੰ ਇਕ ਰੁਪਿਆ ਵੀ ਦੇਣ ਲਈ ਤਿਆਰ ਨਹੀਂ ਦਿਸਦੀ। ਫਿਰ ਹੁਣ ਲੋਕ ਕਿਸ ਤਰ੍ਹਾਂ ਭਰੋਸਾ ਕਰਨ ਕਿ ਹੁਣ ਜੋ ਕਾਲਾ ਧੰਨ ਕਢਵਾਇਆ ਜਾਵੇਗਾ, ਉਸਦਾ ਆਮ ਆਦਮੀ ਨੂੰ ਕੋਈ ਲਾਭ ਹੋ ਜਾਵੇਗਾ। ਹੁਣ ਜੋ ਦਿੱਕਤਾਂ ਲੋਕਾਂ ਨੂੰ ਦਰਪੇਸ਼ ਹਨ, ਉਹ ਬੇਮਿਸਾਲ ਹਨ। ਇਕ ਮਜ਼ਦੂਰ ਤਿੰਨ ਦਿਨ ਕੰਮ ਕਰਕੇ 1000 ਰੁਪਏ ਕਮਾਉਂਦਾ ਹੈ ਤਾਂ ਚੌਥੇ ਦਿਨ ਉਸਦਾ 1000 ਰੁਪਏ ਦਾ ਨੋਟ ਬੈਂਕ ਤੋਂ ਤੁੜਵਾਉਣ ਵਿਚ ਲੱਗ ਜਾਂਦਾ ਹੈ। ਭਾਰਤ ਦੀ ਵਧੇਰੇ ਵਸੋਂ ਪਿੰਡਾਂ ਵਿਚ ਹੈ ਅਤੇ ਅਜਿਹੇ ਲੱਖਾਂ ਪਿੰਡ ਹਨ, ਜਿੱਥੇ ਬੈਂਕ ਹੀ ਨਹੀਂ ਹਨ। ਲੋਕਾਂ ਨੂੰ ਅੱਠ ਅੱਠ ਦਸ ਦਸ ਮੀਲ ਪੈਦਲ ਚੱਲ ਕੇ ਬੈਂਕਾਂ ਵਿਚ ਜਾਣਾ ਪੈ ਰਿਹਾ ਹੈ ਤੇ ਕਰੰਸੀ ਨਾ ਹੋਣ ਕਾਰਨ ਉਹਨਾਂ ਨੂੰ ਕਈ ਕਈ ਦਿਨ ਖਾਲੀ ਵਾਪਸ ਆਉਣਾ ਪੈਂਦਾ ਹੈ, ਜਿਸ ਕਰਕੇ ਕਰੋੜਾਂ ਲੋਕਾਂ ਦੇ ਚੁੱਲ੍ਹਿਆਂ ਵਿਚ ਅੱਗ ਨਹੀਂ ਜਲ ਰਹੀ। ਦੁਕਾਨਦਾਰ ਉਧਾਰ ਦੇਣ ਨੂੰ ਤਿਆਰ ਨਹੀਂ ਹਨ। ਗਰੀਬ ਆਪਣੇ ਭਾਂਡੇ ਗਿਰਵੀ ਰੱਖ ਕੇ, ਰਾਸ਼ਨ ਉਧਾਰ ਲੈ ਰਹੇ ਹਨ। ਬਾਜ਼ਾਰਾਂ ਵਿਚ ਸੁੰਨਸਾਨ ਹੈ। ਕੋਈ ਟਾਂਵਾ ਟਿੱਲਾ ਗਾਹਕ ਹੀ ਆਉਂਦਾ ਹੈ।



ਪ੍ਰਾਈਵੇਟ ਹਸਪਤਾਲਾਂ ਵਿਚ ਪੁਰਾਣੇ ਨੋਟ ਨਾ ਲਏ ਜਾਣ ਕਾਰਨ ਮਰੀਜ਼ਾਂ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨਾਂ ਦਾ ਮਾਲ ਮੰਡੀਆ ਵਿਚ ਵਿਕ ਨਹੀਂ ਰਿਹਾ। ਬੀਜ ਖਾਦ ਲਈ ਪੈਸੇ ਨਹੀਂ ਮਿਲ ਰਹੇ, ਜਿਸ ਕਰਕੇ ਉਹ ਅਤਿਅੰਤ ਪ੍ਰੇਸ਼ਾਨ ਹੈ। ਥੋਕ ਵਿਉਪਾਰ ਵਿਚ 50 ਫੀਸਦੀ ਗਿਰਾਵਟ ਆ ਗਈ ਹੈ। ਸ਼ਰਾਬ ਦੇ ਠੇਕੇਦਾਰਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਵਿਉਪਾਰ ਅੱਧਾ ਰਹਿ ਗਿਆ ਹੈ। ਰਾਬੀ ਵੀ ਪੈਸੇ ਦੇ ਟੋਟ ਕਾਰਨ ਦੁਖੀ ਹਨ। ਸਭ ਤੋਂ ਜ਼ਿਆਦਾ ਪ੍ਰੇਸ਼ਾਨੀ ਰੇਹੜੀਆਂ-ਫੜੀਆਂ ਵਾਲਿਆਂ ਨੂੰ ਹੋ ਰਹੀ ਹੈ, ਜਿਹਨਾਂ ਨੂੰ ਛੋਟੇ ਨੋਟ ਨਾ ਮਿਲਣ ਕਾਰਨ ਉਹਨਾਂ ਦਾ ਧੰਦਾ ਚੌਪਟ ਹੋ ਰਿਹਾ ਹੈ।

ਚੋਣਾਂ ਵਿਚ ਲੈਕ ਮਨੀ ਦੀ ਕਾਫੀ ਖਪਤ ਹੁੰਦੀ ਹੈ। ਭਾਰਤ ਦੇ 5 ਰਾਜਾਂ ਵਿਚ ਅਗਲੇ 2 ਮਹੀਨਿਆਂ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਇਸ ਕਰਕੇ ਸਿਆਸੀ ਪਾਰਟੀਆਂ ਤੇ ਬਲੈਕ ਮਨੀ ਦੇ ਸਹਾਰੇ ਚੋਣਾਂ ਜਿੱਤਣ ਵਾਲੇ ਸਿਆਸਤਦਾਨਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਸਿਆਸੀ ਪਾਰਟੀਆਂ ਦੇ ਛੋਟੇ-ਵੱਡੇ ਵਰਕਰਾਂ ਨੇ ਚੋਣਾਂ ਵਿਚ ਕੁਝ ਨਾ ਕੁਝ ਕਮਾਈ ਕਰਨੀ ਹੁੰਦੀ ਹੈ, ਉਹ ਸਾਰੇ ਦੁਖੀ ਹਨ।

ਸਰਕਾਰ ਲੋਕਾਂ ਦੀਆਂ ਪ੍ਰੇਸ਼ਾਨੀਆਂ ਦੂਰ ਕਰਨ ਲਈ ਨਿੱਤ ਦਿਨ ਕੋਈ ਨਾ ਕੋਈ ਫਾਰਮੂਲਾ ਪੇਸ਼ ਕਰ ਰਹੀ ਹੈ ਪਰ ਕੋਈ ਵੀ ਫਾਰਮੂਲਾ ਕਾਰਗਰ ਸਾਬਤ ਨਹੀਂ ਹੋ ਰਿਹਾ। ਬੈਂਕ ਦੇ ਏ. ਟੀ. ਐਮ. ਨਵੀਂ ਕਰੰਸੀ ਤੇ ਕੰਮ ਨਹੀਂ ਕਰ ਰਹੇ। ਸਰਕਾਰ ਨੇ 25 ਹਜ਼ਾਰ ਏ. ਟੀ. ਐਮ. ਠੀਕ ਕਰ ਲਏ ਹਨ ਜਦਕਿ ਦੇਸ਼ ਵਿਚ ਦੋ ਲੱਖ ਏ. ਟੀ. ਐਮ. ਹਨ। ਪੌਣੇ 2 ਲੱਖ ਬੈਂਕਾਂ ਦੇ ਏ. ਟੀ. ਐਮ. ਬੇਕਾਰ ਪਏ ਹਨ। ਸਰਕਾਰ ਨੇ ਕਿਹਾ ਹੈ ਕਿ ਪੈਟਰੋਲ ਪੰਪਾਂ ਤੋਂ 2 ਹਜ਼ਾਰ ਬਦਲੇ ਜਾ ਸਕਦੇ ਹਨ ਪਰ ਇਹ ਸੁਵਿਧਾ ਦੇਸ਼ ਦੇ ਕੁਝ ਪੈਟਰੋਲ ਪੰਪਾਂ ਤੇ ਹੀ ਉਪਲਬਧ ਹੈ। ਲੋਕਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਕਿਹੜੇ ਪੰਪ ਤੇ ਪੈਸੇ ਮਿਲ ਸਕਦੇ ਹਨ? ਸਰਕਾਰ ਨੇ ਇਹ ਵੀ ਐਲਾਨ ਕੀਤਾ ਹੈ ਜਿਹਨਾਂ ਪਰਿਵਾਰਾਂ ਦੇ ਬੱਚਿਆਂ ਦੀਆਂ ਸ਼ਾਦੀਆਂ ਹਨ, ਉਹ ਬੈਂਕਾਂ ਵਿਚ ਪਏ ਆਪਣੇ ਪੈਸੇ ਵਿਚੋਂ ਢਾਈ ਲੱਖ ਰੁਪਏ ਤੱਕ ਕਢਵਾ ਸਕਦੇ ਹਨ ਪਰ ਬਹੁਤ ਸਾਰੇ ਬੈਂਕ ਆਖ ਰਹੇ ਹਨ ਕਿ ਉਹਨਾਂ ਨੂੰ ਇਸ ਸਬੰਧੀ ਕੋਈ ਗਾਈਡ ਲਾਈਨ ਨਹੀਂ ਮਿਲੀ। ਜਿੱਥੇ ਗਾਈਡ ਲਾਈਨ ਪੁੱਜੀ ਹੈ, ਉਥੇ ਪੈਸੇ ਨਹੀਂ ਹਨ।

ਇਹ ਵੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੇ ਪਹਿਲਾਂ ਇਕ ਵਾਰੀ ਵਿਚ ਬੈਂਕਾਂ ਤੋਂ 4 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਸੀ, ਬਾਅਦ ਵਿਚ ਕਿਹਾ 4500 ਰੁਪਏ ਤੱਕ ਕਢਵਾਏ ਜਾ ਸਕਦੇ ਹਨ। ਹੁਣ ਐਲਾਨ ਕਰ ਦਿੱਤਾ ਹੈ ਕਿ ਕੇਵਲ 2 ਹਜ਼ਾਰ ਰੁਪਏ ਹੀ ਇਕ ਵਿਅਕਤੀ ਇਕ ਵਾਰੀ ਵਿਚ ਕਢਵਾ ਸਕਦਾ ਹੈ।

ਬੈਂਕਾਂ ਵਿਚ ਛੋਟੇ ਨੋਟ ਨਾ ਹੋਣ ਕਾਰਨ ਪੈਨਸ਼ਨਾਂ ਲੈਣ ਵਾਲਿਆਂ ਨੂੰ ਭਾਰੀ ਦਿੱਕਤ ਪੇਸ਼ ਆ ਰਹੀ ਹੈ ਜੋ 16 ਸੌ ਦੀ ਪੈਨਸ਼ਨ ਲੈਂਦਾ ਹੈ, ਉਹਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ 15 ਸੌ ਕਢਵਾਉਣ ਲਈ 500 ਰੁਪਏ ਲੈ ਕੇ ਆਉਣ। ਦੇਸ਼ ਵਿਚ ਥੋਕ ਵਿਉਪਾਰ 50 ਫੀਸਦੀ ਘੱਟ ਗਿਆ ਹੈ। ਕਾਲੋਨੀਆਂ ਬਣਾ ਕੇ ਮਕਾਨ ਵੇਚਣ ਦਾ ਧੰਦਾ ਕਰਨ ਵਾਲੇ ਲੋਕਾਂ ਨੂੰ ਬਹੁਤ ਜ਼ਬਰਦਸਤ ਧੱਕਾ ਲੱਗਾ ਹੈ। ਕਈ ਕੰਪਨੀਆਂ ਨੇ ਮਕਾਨ ਖਰੀਦਣ ਤੇ ਟੀ. ਵੀ. ਅਤੇ ਫਰਿਜ਼ ਦੇਣ ਵਰਗੇ ਐਲਾਨ ਕੀਤੇ ਹਨ, ਮਕਾਨਾਂ ਦੀਆਂ ਕੀਮਤਾਂ ਵੀ ਘੱਟ ਕਰ ਦਿੱਤੀਆਂ ਹਨ ਪਰ ਮਕਾਨਾਂ ਦਾ ਕੋਈ ਗਾਹਕ ਨਹੀਂ ਆ ਰਿਹਾ।

ਭਾਰਤ ਵਿਚ ਨੋਟਬੰਦੀ ਕਾਰਨ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦ ਇਹ ਲੋਕ ਭਾਰਤ ਆਉਂਦੇ ਹਨ ਤਾਂ ਕੁਝ ਨਾ ਕੁਝ ਭਾਰਤੀ ਕਰੰਸੀ ਲੈ ਜਾਂਦੇ ਹਨ। ਹੁਣ ਬੈਂਕਾਂ ਨੇ ਇਹ ਕਰੰਸੀ ਲੈਣੀ ਬੰਦ ਕਰ ਦਿੱਤੀ ਹੈ। ਇਹ ਕਰੰਸੀ ਬਦਲਵਾਉਣ ਲਈ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇ ਲੋਕਾਂ ਨੇ ਆਪੋ ਆਪਦੇ ਦੇਸ਼ ਦੇ ਭਾਰਤੀ ਦੂਤਾਵਾਸਾਂ ਨਾਲ ਭਾਰਤੀ ਕਰੰਸੀ ਬਦਲਣ ਦੀ ਗੱਲ ਕੀਤੀ ਹੈ ਪਰ ਹਾਲੇ ਤੱਕ ਕੋਈ ਹੱਲ ਸਾਹਮਣੇ ਨਹੀਂ ਆਇਆ।

ਸਾਰੇ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਵਰਕਰ ਇਹ ਪ੍ਰਚਾਰ ਜ਼ੋਰ-ਸ਼ੋਰ ਨਾਲ ਕਰ ਰਹੇ ਹਨ ਕਿ ਇਹ ਸਾਰੀਆਂ ਪ੍ਰੇਸ਼ਾਨੀਆਂ ਥੋੜ੍ਹੇ ਦਿਨਾਂ ਲਈ ਹੀ ਹਨ, ਉਸ ਤੋਂ ਬਾਅਦ ਸਭ ਨੂੰ ਬਹੁਤ ਲਾਭ ਹੋਵੇਗਾ। ਲੋਕਾਂ ਨੂੰ ਖੁਸ਼ ਰੱਖਣ ਲਈ ਬੈਂਕਾਂ ਦੇ ਸਾਹਮਣੇ ਲੱਗੀਆਂ ਲਾਈਨਾਂ ਨੂੰ ਬਿਸਕੁਟ ਖੁਆ ਰਹੇ ਹਨ ਅਤੇ ਚਾਹ ਪਿਲਾ ਰਹੇ ਹਨ। ਬਿਜਲਈ ਮੀਡੀਆ ਦਾ ਬਹੁਤ ਵੱਡਾ ਹਿੱਸਾ ਲਗਾਤਾਰ ਭਾਜਪਾ ਦੇ ਹੱਕ ਵਿਚ ਪ੍ਰਚਾਰ ਕਰ ਰਿਹਾ ਹੈ। ਮੋਦੀ ਦੀ ਸਤੁਤੀ ਗਾਇਨ ਕਰ ਰਿਹਾ ਹੈ। ਕਈ ਦਿਨਾਂ ਤੋਂ ਭਾਜਪਾ ਤੇ ਆਰ. ਐਸ. ਐਸ. ਦੇ ਨੇਤਾਵਾਂ ਦੀ ਕਈ ਟੀ. ਵੀ. ਚੈਨਲਾਂ ਤੇ ਇਸ ਮੁੱਦੇ ਉਤੇ ਬਹਿਸ ਚੱਲ ਰਹੀ ਹੈ, ਜਿਸ ਵਿਚ ਕਈ ਐਂਕਰ ਭਾਜਪਾ ਦੀ ਬੋਲੀ ਬੋਲ ਰਹੇ ਹਨ। ਜਦ ਆਪੋਜ਼ੀਸ਼ਨ ਦੇ ਨੇਤਾ ਬੋਲਦੇ ਹਨ ਤਾਂ ਇਹ ਐਂਕਰ ਉਹਨਾਂ ਦੀ ਟੋਕਾਟਾਕੀ ਕਰਕੇ ਉਹਨਾਂ ਦੀ ਗੱਲ ਪੂਰੀ ਤਰ੍ਹਾਂ ਜਨਤਾ ਦੇ ਸਾਹਮਣੇ ਨਹੀਂ ਆਉਣ ਦਿੰਦੇ ਤੇ ਬਹੁਤ ਸਾਰੀਆਂ ਦਲੀਲਾਂ ਉਹ ਖੁਦ ਹੀ ਭਾਜਪਾ ਦੇ ਹੱਕ ਵਿਚ ਦਿੰਦੇ ਦੇਖੇ ਜਾ ਰਹੇ ਹਨ।

ਜਦ ਆਪੋਜ਼ੀਸ਼ਨ ਦੇ ਨੇਤਾ ਲੋਕਾਂ ਦੀਆਂ ਮੁਸ਼ਕਿਲਾਂ ਜਾਨਣ ਲਈ ਲੋਕਾਂ ਨਾਲ ਸੰਪਰਕ ਕਰਨ ਜਾਂਦੇ ਹਨ ਤਾਂ ਭਾਜਪਾ ਵਰਕਰ ਉਹਨਾਂ ਵਿਰੁੱਧ ਹੁੱਲੜਬਾਜ਼ੀ ਸ਼ੁਰੂ ਕਰ ਦਿੰਦੇ ਹਨ। ਛੋਟੇ ਆਪੋਜ਼ੀਸ਼ਨ ਨੇਤਾਵਾਂ ਤੋਂ ਇਲਾਵਾ ਭਾਜਪਾ ਦੇ ਵਰਕਰ ਰਾਸ਼ਟਰੀ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਕੁਮਾਰ ਮਮਤਾ ਬੈਨਰਜੀ ਵਿਰੁੱਧ ਹੁੱਲੜਬਾਜ਼ੀ ਕਰਕੇ ਉਹਨਾਂ ਦੀ ਆਵਾਜ਼ ਨੂੰ ਦਬਾਅ ਚੁੱਕੇ ਹਨ।

ਨੋਟਬੰਦੀ ਦੇ ਐਲਾਨ ਤੋਂ ਦੋ ਦਿਨ ਪਹਿਲਾਂ ਭਾਰਤ ਦੇ ਬੈਂਕਾਂ ਵਿਚ ਇਕ ਕਰੋੜ 15 ਲੱਖ ਰੁਪਏ ਜਮ੍ਹਾ ਹੋਏ। ਇਹ ਪੈਸੇ ਕਿਸ ਦੇ ਹਨ? ਪੱਛਮੀ ਬੰਗਾਲ ਵਿਚ ਨੋਟਬੰਦੀ ਤੋਂ ਇਕ ਦਿਨ ਪਹਿਲਾਂ 5 ਕਰੋੜ ਰੁਪਏ ਬੈਂਕਾਂ ਵਿਚ ਜਮ੍ਹਾ ਕਰਵਾ ਕੇ ਬਦਲੇ ਗਏ।

ਮੁੱਕਦੀ ਗੱਲ ਇਹ ਹੈ ਕਿ ਭਾਜਪਾ ਦੇ ਨੇਤਾਵਾਂ ਅਤੇ ਵਰਕਰਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ। ਕਿਉਂਕਿ ਉਹਨਾਂ ਨੇ ਆਪਣਾ ਕਾਲਾ ਧਨ ਪਹਿਲਾਂ ਹੀ ਸੈਂਤ ਲਿਆ ਹੈ। 16 ਨਵੰਬਰ ਨੂੰ ਬੰਗਲੌਰ ਵਿਚ ਕਰਨਾਟਕ ਦੇ ਮਾਈਨਿੰਗ ਕਿੰਗ ਜੀ ਜਨਾਰਦਨ ਰੈਡੀ ਨੇ ਆਪਣੀ ਧੀ ਦੇ ਵਿਆਹ ਉਤੇ 500 ਕਰੋੜ ਤੋਂ ਵੀ ਜ਼ਿਆਦਾ ਰਕਮ ਖਰਚੀ ਹੈ। ਕਾਲਾ ਧੰਨ ਭਾਜਪਾ ਦੇ ਮੰਤਰੀ ਸੁਰੱਖਿਆ ਹੇਠ ਚੱਲ ਰਹੀਆਂ ਆਪਣੀਆਂ ਗੱਡੀਆਂ ਵਿਚ ਬੇਫਿਕਰ ਹੋ ਕੇ ਇੱਧਰ ਉਧਰ ਲਿਜਾ ਰਹੇ ਹਨ। 18 ਨਵੰਬਰ ਨੂੰ ਮਹਾਰਾਸ਼ਟਰ ਦੇ ਸਹਿਕਾਰਤਾ ਮੰਤਰੀ ਸੁਭਾਸ਼ ਦੇਸ਼ਮੁਖ ਆਪਣੀ ਗੱਡੀ ਵਿਚ 91.50 ਲੱਖ ਰੁਪਏ ਦੀ ਪੁਰਾਣੀ ਕਰੰਸੀ ਲਿਜਾਂਦੇ ਫੜੇ ਗਏ ਹਨ।

ਕੁੱਲ ਮਿਲਾ ਕੇ ਇਹ ਆਖ ਸਕਦੇ ਹਾਂ ਕਿ ਮੋਦੀ ਸਰਕਾਰ ਨੇ ਸਾਰੇ ਦੇਸ਼ ਨੂੰ ਸੜਕਾਂ ਤੇ ਲਿਆ ਖੜ੍ਹਾ ਕੀਤਾ ਹੈ। ਸਾਰੇ ਭਾਰਤ ਵਿਚ ਮੋਦੀ ਸਰਕਾਰ ਨੇ ਆਮ ਆਦਮੀ ਦਾ ਜਿਊਣਾ ਇਸ ਸਮੇਂ ਹਰਾਮ ਕੀਤਾ ਹੋਇਆ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਮੋਦੀ ਸਰਕਾਰ ਨੇ ਇਹ ਕਦਮ ਦੇਸ਼ ਦੇ ਪੰਜ ਸੂਬਿਆਂ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਅਤੇ ਖਾਸ ਕਰਕੇ ਯੂ. ਪੀ. ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਜਨਤਾ ਦੀ ਵਾਹ-ਵਾਹ ਖੱਟਣ ਲਈ ਕੀਤਾ ਹੈ। ਉਸ ਨੂੰ ਡਰ ਹੈ ਕਿ ਭਾਜਪਾ ਦਾ ਜੋ ਹਸ਼ਰ ਦਿੱਲੀ ਅਤੇ ਬਿਹਾਰ ਵਿਚ ਹੋਇਆ ਹੈ, ਜੇਕਰ ਯੂ. ਪੀ. ਵਿਚ ਵੀ ਉਸਦਾ ਹਸ਼ਰ ਉਹੋ ਜਿਹਾ ਹੀ ਹੋਵੇਗਾ ਤਾਂ ਮੋਦੀ ਜੀ ਨੂੰ ਲੋਕਾਂ ਨੂੰ ਮੂੰਹ ਵਿਖਾਉਣਾ ਔਖਾ ਹੋ ਜਾਵੇਗਾ। ਹੁਣ ਵੀ ਆਪੋਜ਼ੀਸ਼ਨ ਇਹ ਮੰਗ ਕਰ ਰਹੀ ਹੈ ਕਿ ਨੋਟਬੰਦੀ ਕਾਰਨ ਜੋ ਲੋਕਾਂ ਨੂੰ ਪ੍ਰੇਸ਼ਾਨੀਆਂ ਹੋ ਰਹੀਆਂ ਹਨ, ਉਸ ਦਾ ਜਵਾਬ ਮੋਦੀ ਖੁਦ ਆ ਕੇ ਪਾਰਲੀਮੈਂਟ ਨੂੰ ਦੇਣ ਪਰ ਤਿੰਨ ਦਿਨ ਤੋਂ ਸ੍ਰੀ ਮੋਦੀ ਆਪਣਾ ਮੂੰਹ ਪਾਰਲੀਮੈਂਟ ਤੋਂ ਲੁਕਾ ਰਹੇ ਹਨ, ਜਿਸ ਕਰਕੇ ਆਪੋਜ਼ੀਸ਼ਨ ਹੰਗਾਮੇ ਕਰ ਰਹ ਹੈ ਅਤੇ ਪਾਰਲੀਮੈਂਟ ਦਾ ਸਾਰਾ ਕੰਮਕਾਜ ਠੱਪ ਹੋ ਕੇ ਰਹਿ ਗਿਆ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਜੋ ਦਾਅਵਾ ਕੀਤਾ ਜਾ ਰਿਹਾ ਹੈ, ਉਸਦਾ ਆਉਣ ਵਾਲੀਆਂ ਚੋਣਾਂ ਵਚ ਕੀ ਬਣੇਗਾ, ਉਸ ਨਾਲ ਸਾਰੀ ਤਸਵੀਰ ਸਾਹਮਣੇ ਆ ਜਾਵੇਗੀ।

# ਲੋਕਤੰਤਰ ਦਾ ਚੋਥਾ ਥੰਮ ਵੀ ਹੋ ਰਿਹਾ ਹੈ ਭ੍ਰਿਸ਼ਟਾਚਾਰ ਅਤੇ ਰਾਜਨੀਤੀ ਦਾ ਸ਼ਿਕਾਰ

**(ਸਫਾ 15 ਦੀ ਬਾਕੀ)**

ਖ਼ਬਰਾਂ ਦੀ ਸੰਖਿਆ ਵੱਧਣ ਲੱਗੀ ਹੈ ਅਤੇ ਖਬਰਾਂ ਤੇ ਅਧਾਰਿਤ ਵਿਚਾਰ ਘਟਦੇ ਜਾ ਰਹੇ ਹਨ। ਖ਼ਬਰਾਂ ਤੇ ਆਧਾਰਿਤ ਵਿਚਾਰ ਤਾਂ ਸਵਾਗਤਯੋਗ ਹੋ ਸਕਦੇ ਹਨ ਪਰੰਤੂ ਵਿਚਾਰਾਂ ਤੇ ਆਧਾਰਿਤ ਖਬਰਾਂ ਸਮਾਜ ਲਈ ਖਤਰਨਾਕ ਹਨ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਅੱਜ ਪੀਲੀ ਅਤੇ ਨੀਲੀ ਪੱਤਰਕਾਰਿਤਾ ਸਾਡੇ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਭਾਰਤੀਆ ਪ੍ਰੈਸ ਪਰਿਸ਼ਦ ਨੇ ਆਪਣੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਹੈ ਕਿ ਭਾਰਤ ਵਿੱਚ ਪ੍ਰੈਸ ਨੇ ਜ਼ਿਆਦਾ ਗਲਤੀਆ ਕੀਤੀਆਂ ਹਨ ਅਤੇ ਅਧਿਕਾਰੀਆਂ ਦੀ ਤੁਲਨਾ ਵਿੱਚ ਪ੍ਰੈਸ ਦੇ ਖਿਲਾਫ ਜ਼ਿਆਦਾ ਸ਼ਕਾਇਤਾਂ ਦਰਜ ਹਨ। ਪੱਤਰਕਾਰਿਤਾ ਆਜ਼ਾਦੀ ਤੋਂ ਪਹਿਲਾਂ ਇੱਕ ਮਿਸ਼ਨ ਸੀ। ਆਜ਼ਾਦੀ ਤੋਂ ਬਾਅਦ ਇਹ ਇੱਕ ਪ੍ਰੋਡਕਸ਼ਨ ਬਣ ਗਈ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਪਰ ਇਹਨਾਂ ਸਾਰੀਆਂ ਸਮਾਜਿਕ ਬੁਰਾਈਆਂ ਦੇ ਲਈ ਸਿਰਫ ਮੀਡੀਆ ਨੂੰ ਦੋਸ਼ੀ ਠਹਿਰਾਉਣਾ ਉਚਿਤ ਨਹੀਂ ਹੈ। ਜਦੋਂ ਗੱਡੀ ਦਾ ਇੱਕ ਪੁਰਜ਼ਾ ਟੁੱਟਦਾ ਹੈ ਤਾਂ ਦੂਸਰਾ ਪੁਰਜ਼ਾ ਵੀ ਟੁੱਟ ਜਾਂਦਾ ਹੈ ਅਤੇ ਹੌਲੀ-ਹੌਲੀ ਪੂਰੀ ਗੱਡੀ ਬੇਕਾਰ ਹੋ ਜਾਂਦੀ ਹੈ। ਸਮਾਜ ਵਿੱਚ ਕੁਝ ਅਜਿਹੀ ਹੀ ਸਥਿਤੀ ਲਾਗੂ ਹੋ ਰਹੀ ਹੈ। ਸਮਾਜ ਵਿੱਚ ਹਮੇਸ਼ਾਂ ਬਦਲਾਅ ਆਉਂਦਾ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਸਮਾਜ ਭੰਬਲਭੂਸੇ ਦੀ ਸਥਿਤੀ ਵਿੱਚ ਆ ਜਾਂਦਾ ਹੈ। ਇਸ ਸਥਿਤੀ ਵਿੱਚ ਮੀਡੀਆ ਸਮਾਜ ਨੂੰ ਨਵੀਂ ਦਿਸ਼ਾ ਦਿੰਦਾ ਹੈ। ਮੀਡੀਆ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ, ਪਰ ਕਦੀ-ਕਦੀ ਮੀਡੀਆ ਸਮਾਜ ਤੋਂ ਪ੍ਰਭਾਵਿਤ ਹੋਣ ਲੱਗਦਾ ਹੈ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ ਪਰ ਬਦ ਕਿਸਮਤੀ ਨਾਲ ਲੋਕਤੰਤਰ ਦੇ ਇਸ ਚੌਥੇ ਥੰਮ ਨੂੰ ਹੌਲੀ-ਹੌਲੀ ਗ੍ਰਹਿਣ ਲੱਗਦਾ ਨਜ਼ਰ ਆ ਰਿਹਾ ਹੈ। ਕੁਝ ਦਹਾਕੇ ਪਹਿਲਾਂ ਤੱਕ ਮੀਡੀਆ ਅਤੇ ਮੀਡੀਆ ਕਰਮੀਆਂ ਦੀ ਵਿਸ਼ੇਸ਼ ਪਹਿਚਾਣ ਹੁੰਦੀ ਸੀ। ਮੀਡੀਆ ਵਿੱਚ ਆਈ ਘਟਨਾ ਦੇ ਆਧਾਰ ਤੇ ਪ੍ਰਸ਼ਾਸ਼ਨ ਅਤੇ ਸਰਕਾਰ ਵੱਲੋਂ ਸਖਤ ਕਾਰਵਾਈ ਕੀਤੀ ਜਾਂਦੀ ਸੀ ਪਰ ਪਿਛਲੇ ਕੁਝ ਸਾਲਾਂ ਦੌਰਾਨ ਹਾਲਾਤ ਬਦਤਰ ਤੋਂ ਬਦਤਰ ਹੋ ਰਹੇ ਹਨ। ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਅੱਜ ਸਾਡੇ ਸਮਾਜ ਅਤੇ ਦੇਸ਼ ਵਿੱਚ ਆਏ ਦਿਨ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਏਡਜ਼, ਸਮਾਜ ਵਿੱਚ ਲੜਕੀਆਂ ਦੀ ਘੱਟ ਰਹੀ ਗਿਣਤੀ, ਕੈਂਸਰ, ਮਹਿਲਾਵਾਂ ਤੇ ਹੋ ਰਹੇ ਅੱਤਿਆਚਾਰ, ਬਾਲ ਵਿਆਹ, ਦਾਜ ਪ੍ਰਥਾ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ, ਦਲਿਤਾਂ ਤੇ ਹੋ ਰਹੇ ਅੱਤਿਆਚਾਰਾਂ ਆਦਿ ਬਾਰੇ ਅਕਸਰ ਮੀਡੀਆ ਰਿਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ ਪਰ ਇਹ ਅਜੇ ਵੀ ਆਟੇ ਵਿੱਚ ਲੂਣ ਬਰਾਬਰ ਹੀ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਦੇਸ਼ ਦੀ ਪ੍ਰੈਸ ਤੇ ਸਭ ਤੋਂ ਮਾੜਾ ਸਮਾਂ ਦੇਸ਼ ਵਿੱਚ ਲਗਾਈ ਗਈ ਐਮਰਜੇਂਸੀ ਦੇ ਸਮੇਂ ਆਇਆ ਸੀ। ਉਸ ਸਮੇਂ ਸਮੁੱਚੀ ਪ੍ਰੈਸ ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਸੀ। ਹੁਣ ਵੀ ਭਾਰਤ ਵਿੱਚ ਪ੍ਰੈਸ ਨੂੰ ਅੱਧੀ ਆਜ਼ਾਦੀ ਹੀ ਪ੍ਰਾਪਤ ਹੈ।

## 6 ਦਸੰਬਰ 1956 ਦਾ ਦਿਨ ਯਾਦ ਕਰਦਿਆਂ:

# ਕੀ ਦਲਿਤ ਸਮਾਜ ਬਾਬਾ ਸਾਹਿਬ ਦੀ ਅਨਮੋਲ ਵਿਰਾਸਤ ਬਚਾ ਸਕੇਗਾ?



ਕੇ. ਸੀ. ਸੁਲੇਖ
0172-4623503

ਬਾਬਾ ਸਾਹਿਬ ਅੰਬੇਡਕਰ ਨੂੰ ਸਾਥੋਂ ਵਿਛੜੇ 60 ਸਾਲ ਹੋ ਗਏ ਹਨ। 6 ਦਸੰਬਰ 1956 ਉਹਨਾਂ ਨੇ 65 ਸਾਲ ਦੀ ਉਮਰ ਵਿਚ ਆਪਣੇ ਪਿਆਰੇ ਸਮਾਜ ਨੂੰ ਅਲਵਿਦਾ ਕਹਿ ਦਿੱਤਾ। 60 ਸਾਲ ਦਾ ਅੰਤਰਾਲ ਕੋਈ ਥੋੜ੍ਹਾ ਸਮਾਂ ਨਹੀਂ ਹੁੰਦਾ ਲੇਕਿਨ ਫਿਰ ਵੀ ਉਹ ਸਾਡੀਆਂ ਯਾਦਾਂ ਵਿਚ ਕਿਉਂ ਛਾਏ ਹੋਏ ਹਨ? ਉਹਨਾਂ ਦਾ ਨਾਮ ਅਤੇ ਵਿਅਕਤੀਤਵ ਅਸੀਂ ਕਿਉਂ ਨਹੀਂ ਭੁੱਲ ਰਹੇ? ਪਹਿਲੀਆਂ ਉਮਰਾਂ ਵਾਲੇ ਲੋਕਾਂ ਦੇ ਉਹਨਾਂ ਨੂੰ ਨਾ ਭੁੱਲਣ ਦਾ ਤਾਂ ਕਾਰਨ ਹੋ ਸਕਦਾ ਹੈ, ਜਿਹਨਾਂ ਦੇ ਸਾਹਮਣੇ ਉਹਨਾਂ ਨੇ ਦੱਬੇ ਕੁਚਲੇ ਕਮਜ਼ੋਰ ਵਰਗਾਂ ਦੇ ਅਧਿਕਾਰਾਂ ਦੀ ਲੜਾਈ ਲੜੀ। ਲੇਕਿਨ ਨਵੀਆਂ ਪੀੜ੍ਹੀਆਂ ਲਈ ਵੀ ਉਹ ਉਵੇਂ ਜਿਵੇਂ ਬਲਕਿ ਉਸ ਤੋਂ ਵੀ ਵੱਧ ਪ੍ਰੇਰਨਾਦਾਇਕ ਪ੍ਰਕਾਸ਼ ਸਤੰਭ (ਰੌਸ਼ਨੀ ਦਾ ਮੀਨਾਰ) ਬਣ ਚੁੱਕੇ ਹਨ। ਇਹੀ ਉਹਨਾਂ ਦੀ ਬੇਮਿਸਾਲ ਮਹਾਨਤਾ ਦਾ ਸਬੂਤ ਹੈ। ਗਾਂਧੀ ਜੀ ਨੇ ਆਪਣੇ ਅਖ਼ਬਾਰ 'ਹਰੀਜਨ' ਦੇ ਪਹਿਲੇ ਅੰਕ ਲਈ ਬਾਬਾ ਸਾਹਿਬ ਨੂੰ ਸੰਦੇਸ਼ ਭੇਜਣ ਦੀ ਬੇਨਤੀ ਕੀਤੀ। ਉਹਨਾਂ ਨੇ ਜਵਾਬ ਵਿਚ ਜੋ ਸੰਦੇਸ਼ ਦਿੱਤਾ ਉਹ ਵੀ ਅੱਜ ਅਮਰ ਬੋਲ ਬਣ ਗਿਆ ਹੈ ਕਿ 'ਜਦੋਂ ਤੱਕ ਭਾਰਤ ਦੇਸ਼ ਵਿਚ ਜਾਤ ਪਾਤ ਵਿਵਸਥਾ ਕਾਇਮ ਹੈ ਸਮਾਜ 'ਚੋਂ ਛੇਕੇ ਹੋਏ ਨਿਰਵਾਸਿਤ ਲੋਕ (Out Casts- ਅਛੂਤ) ਦਾ ਹੋਣਾ ਵੀ ਨਿਸ਼ਚਿਤ ਹੈ। ਇਸ ਲਈ ਜਦ ਤੱਕ ਜਾਤ ਸਿਸਟਮ ਨੂੰ ਖਤਮ ਨਹੀਂ ਕਰ ਦਿੱਤਾ ਜਾਂਦਾ, ਇਹਨਾਂ ਅਛੂਤ ਲੋਕਾਂ ਦੀ ਹਾਲਤ ਵਿਚ ਕੋਈ ਸੁਧਾਰ ਹੋਣਾ ਮੁਮਕਿਨ ਨਹੀਂ ਹੈ। ਗਾਂਧੀ ਜੀ ਚਲੇ ਗਏ ਕੁਝ ਚਿਰ 'ਹਰੀਜਨ ਪ੍ਰੇਮ' ਦੀ ਡੱਫ ਵਜਾਈ ਪਰ ਜਾਦ ਦੈਂਛ ਹਾਲੇ ਤੱਕ ਉਵੇਂ ਜਿਵੇਂ ਚਾਂਗੜਾਂ ਮਾਰ ਰਿਹਾ ਹੈ ਅਤੇ ਨਾ ਹੀ ਇਸ ਦੀਆਂ ਚਾਂਘੜਾਂ ਖਤਮ ਹੋਣ ਵਾਲੀਆਂ ਹਨ। ਕਿਉਂ ਇਸ ਜਾਤਪਾਤ, ਛੂਤ-ਛਾਤ ਦੇ ਕੋਹੜ ਦੀਆਂ ਜੜ੍ਹਾਂ ਇਹਨਾਂ ਲੋਕਾਂ ਦੇ ਜਾਨ ਤੋਂ ਵੱਧ ਪਿਆਰੇ ਧਰਮ ਸ਼ਾਸਤਰਾਂ ਵਿਚ ਇੰਨੀਆਂ ਡੂੰਘੀਆਂ ਗੱਡੀਆਂ ਹੋਈਆਂ ਹਨ, ਜਿੱਥੇ ਕਿਸੇ ਗਾਂਧੀ ਜਾਂ ਵਿਵੇਕਾਨੰਦ ਦਾ ਹੱਥ ਵੀ ਨਹੀਂ ਪਹੁੰਚ ਸਕਦਾ। ਮੇਰੇ ਦੋਸਤ ਦਿਵੰਗਤ ਸਾਬਕਾ ਗਵਰਨਰ ਡਾ. ਸੂਰਜ ਭਾਨ ਨੇ ਸ਼ੈ. ਕਾ. ਨੈਸ਼ਨਲ ਕਮਿਸ਼ਨ ਦੇ ਚੇਅਰਮੈਨ (1004-05) ਰਹਿੰਦਿਆਂ ਮਨੂ ਸਮ੍ਰਿਤੀ, ਰਾਮ ਚਰਿੱਤ ਮਾਨਸ ਅਤੇ ਹੋਰ ਕਿਤਾਬਾਂ ਵਿਚੋਂ ਸ਼ੂਦਰਾਂ/ਅਛੂਤਾਂ ਖਿਲਾਫ ਦਰਜ ਅਪਮਾਨਜਨਕ ਅਪਸ਼ਬਦ ਅਤੇ ਵਾਕਾਂ ਨੂੰ ਕੱਢ ਕੇ ਉਹਨਾਂ ਨੂੰ ਸ਼ੁੱਧ ਕਰਨ ਦੀ ਮੁਹਿੰਮ ਛੇੜੀ। ਸਰਕਾਰੀ ਪੱਧਰ 'ਤੇ ਇਹ ਪਹਿਲੀ ਵਾਰ ਸੀ ਕਿ ਹਿੰਦੂ ਧਰਮ ਦੇ ਪਵਿੱਤਰ ਗ੍ਰੰਥਾਂ ਬਾਰੇ ਕਿਸੇ ਨੇ ਉਂਗਲੀ ਉਠਾਈ ਹੋਵੇ। ਇਸ ਵਿਸ਼ੇ ਉਤੇ ਟੀ. ਵੀ. ਚੈਨਲਾਂ ਅਤੇ ਅਖਬਾਰਾਂ ਵਿਚ ਗਰਮਾ-ਗਰਮ ਬਹਿਸ ਵੀ ਹੁੰਦੀ ਰਹੀ। ਜਿਸ ਵਿਚ ਸਭ ਹਿੰਦੂ ਸੰਸਥਾਵਾਂ, ਸ਼ੰਕਰਾਚਾਰੀਆ ਜਗਤ ਗੁਰੂ, ਵਿਸ਼ਵ ਹਿੰਦੂ ਪ੍ਰੀਸ਼ਦ ਆਦਿ ਕੁੱਦ ਪਏ ਕਿ ਇਹ ਸਰਕਾਰੀ ਕਮਿਸ਼ਨ ਹਿੰਦੂਆਂ ਦੇ ਧਰਮ ਗ੍ਰੰਥਾਂ ਵਿਚ ਛੇੜਛਾੜ ਕਰਨ ਵਾਲਾ ਕੌਣ ਹੁੰਦਾ ਹੈ? ਸਪਸ਼ਟ ਹੈ ਕਿ ਨਾ ਤਾਂ ਇਹਨਾਂ ਧਰਮ ਸ਼ਾਸਤਰਾਂ ਦੇ ਅਧੀਨ ਬਣੀ ਜਾਤ ਵਿਵਸਥਾ ਖਤਮ ਹੋਵੇ ਅਤੇ ਨਾ ਉਸ ਦੇ ਆਧਾਰ 'ਤੇ ਸਮਾਜ 'ਚੋਂ ਛੇਕੇ ਹੋਏ ਲੋਕਾਂ ਦੀ ਸ਼੍ਰੇਣੀ ਜਾ ਸਕਦੀ ਹੈ। ਜੇ ਇਹ ਜਾਤ ਸਿਸਟਮ ਦਾ ਕੋਹੜ ਮਿਟ ਨਹੀਂ ਸਕਦਾ ਤਾਂ ਇਸ ਦੀਆਂ ਜੜ੍ਹਾਂ ਹਿਲਾਉਣ ਅਤੇ ਉਸ ਨੂੰ ਸੰਵਿਧਾਨ ਰਾਹੀਂ ਗੈਰ ਕਾਨੂੰਨੀ ਬਣਾਉਣ ਵਾਲੇ ਮਹਾਪੁਰਸ਼ ਦਾ ਨਾਮ ਕਿਵੇਂ ਮਿਟ ਸਕਦਾ ਹੈ?

ਇਸ ਸਬੰਧ ਵਿਚ ਬਾਬਾ ਸਾਹਿਬ ਦੀ ਮਾਨਵਤਾ ਪ੍ਰਤੀ ਲਾਸਾਨੀ (ਅਦੁੱਤੀ) ਦੇਣ ਇਹ ਹੈ ਕਿ ਉਹਨਾਂ ਨੇ ਨਾ ਕੇਵਲ ਅੰਗਰੇਜ਼ਾਂ, ਹਿੰਦੂ ਉੱਚ ਸਮਾਜ, ਮੌਕੇ ਦੇ ਅਤਿ ਸ਼ਕਤੀਸ਼ਾਲੀ ਰਾਜਨੀਤਿਕ ਸੰਗਠਨ ਕਾਂਗਰਸ ਅਤੇ ਉਸਦੇ ਸਰਵੇ ਸਰਵਾ ਗਾਂਧੀ ਨਾਲ ਮੱਥਾ ਲਾ ਕੇ ਅਛੂਤ ਕਹੇ ਜਾਂਦੇ ਕਰੋੜਾਂ ਲੋਕਾਂ ਨੂੰ ਇਨਸਾਨੀ ਬਰਾਬਰੀ ਦੇ ਅਧਿਕਾਰ ਦਿਵਾਏ ਸਗੋਂ ਉਹਨਾਂ ਨੇ ਖੁਦ ਬੜੇ ਗਿਆਨ ਭਰਪੂਰ ਗ੍ਰੰਥ ਲਿਖ ਕੇ ਉਹਨਾਂ, ਤਥਾ ਕਥਿਤ ਧਰਮ ਪੋਥੀਆਂ ਦੀ 'ਪਵਿੱਤਰਤਾ' ਅਤੇ 'ਸ਼੍ਰੇਸ਼ਟਤਾ' ਦੀ ਵੀ ਹਵਾ ਕੱਢ ਦਿੱਤੀ, ਜਿਹਨਾਂ ਦੇ ਆਸਰੇ ਤੇ ਊਚ-ਨੀਚ, ਛੂਤ-ਛਾਤ ਅਤੇ ਨਫਰਤ ਦਵੇਸ਼ ਵਾਲੀ ਸਮਾਜਿਕ ਵਿਵਸਥਾ ਖੜ੍ਹੀ ਕੀਤੀ ਗਈ ਸੀ। ਹੋਰ ਕਿਤਾਬਾਂ ਤੋਂ ਇਲਾਵਾ ਉਹਨਾਂ ਦੇ ਇਸ ਸਬੰਧ ਵਿਚ ਲਿਖੀਆਂ ਖੋਜ ਭਰਪੂਰ ਪੁਸਤਕਾਂ, 'ਹਿੰਦੂ ਧਰਮ ਦੀਆਂ ਪਹੇਲੀਆਂ' ਅਤੇ 'ਜਾਤ ਪਾਤ ਦਾ ਬੀਜ ਨਾਸ਼' ਖਾਸ ਤੌਰ 'ਤੇ ਜ਼ਿਕਰਯੋਗ ਹਨ। ਇਹਨਾਂ ਕਿਤਾਬਾਂ ਦੇ ਛਪਣ ਨਾਲ ਇਕ ਵਾਰ ਤਾਂ ਹਿੰਦੂਵਾਦੀਆਂ ਦੇ ਹੋਸ਼ ਉਡ ਗਏ ਕਿ ਉਹਨਾਂ ਦੇ ਦੇਵੀ ਦੇਵਤਿਆਂ ਦੇ ਕਾਰਨਾਮਿਆਂ ਦੇ ਕੱਚੇ ਚਿੱਠੇ ਕਿਉਂ ਉਘਾੜ ਦਿੱਤੇ ਹਨ। ਪੁਸਤਕ 'ਜਾਤਪਾਤ ਦਾ ਬੀਜ ਨਾਸ਼' ਦੀ ਪ੍ਰਤੀਕਿਰਿਆ ਵਿਚ ਗਾਂਧੀ ਨੇ ਸ਼ਿਕਵੇ ਦੇ ਭਾਵ ਵਿਚ ਲਿਖਿਆ ਕਿ ਡਾ. ਅੰਬੇਡਕਰ ਨੇ ਹਿੰਦੂ ਧਰਮ ਨੂੰ ਬਦਨਾਮ ਕਰਨ ਵਾਸਤੇ ਇਤਿਹਾਸ ਵਿਚੋਂ ਭੈੜੀਆਂ ਮਿਸਾਲਾਂ ਚੁਣੀਆਂ ਹਨ ਜਦਕਿ ਬਹੁਤ ਨੇਕ ਮਹਾਂਪੁਰਸ਼ ਵੀ ਹੋਏ ਹਨ। ਇਸ ਸ਼ਿਕਵੇ ਦੇ ਜਵਾਬ ਵਿਚ ਬਾਬਾ ਸਾਹਿਬ ਨੇ ਮੁੜ ਲਿਖਿਆ ਕਿ 'ਸਮਾਜ ਗਿਣੇ ਚੁਣੇ ਇਕ ਦੋ ਨੇਕ ਮਹਾਂਪੁਰਸ਼ਾਂ ਨਾਲ ਨਹੀਂ ਬਣਦਾ, ਮਾਨਸਿਕਤਾ ਸਮੁੱਚੇ ਸਮਾਜ ਦੀ ਹੁੰਦੀ ਹੈ।' ਇਸ ਚਲਦੀ ਬਹਿਸ ਵਿਚ ਪ੍ਰਸਿੱਧ ਸਮਾਜ ਸੁਧਾਰਕ ਸੰਤ ਰਾਮ ਬੀ. ਏ. ਨੇ ਆਪਣੀ ਪੱਤ੍ਰਿਕਾ ਵਿਚ ਇਹ ਲਿਖ ਕੇ ਗਾਂਧੀ ਨੂੰ ਹੋਰ ਵਾਧੂ ਲਾਜਵਾਬ ਕਰ ਦਿੱਤਾ ਕਿ 'ਭੈੜੀਆਂ ਕਰਤੂਤਾਂ ਨੂੰ ਭੈੜੀਆਂ ਮਿਸਾਲਾਂ' ਨਾਲ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਨਾ ਚਿੱਕੜ ਨੂੰ ਚਿੱਕੜ ਨਾਲ ਧੋਣ ਬਰਾਬਰ ਹੈ', ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਬਾਬਾ ਸਾਹਿਬ ਨੇ ਊਚ ਨੀਚ, ਪਵਿੱਤਰਤਾ, ਅਪਵਿੱਤਰਤਾ ਦੀ ਜ਼ਹਿਰ ਦੇ ਸੋਮੇ ਸ਼ਾਸਤਰਾਂ ਨੂੰ ਹੀ ਮਿਥਿਹਾਸਿਕ, ਅਨੈਤਿਕ ਅਤੇ ਅਮਾਨਵੀ ਸਿੱਧ ਕਰ ਕੇ ਮਾਨਵਤਾ ਅਤੇ ਖਾਸ ਕਰਕੇ ਵੰਚਿਤ ਵਰਗਾਂ 'ਤੇ ਬਹੁਤ ਬੜਾ ਉਪਕਾਰ ਕੀਤਾ ਹੈ, ਕੀ ਦਲਿਤ ਸਮਾਜ ਉਸ ਨੂੰ ਭੁੱਲ ਸਕੇਗਾ?

ਇਸ ਦੇ ਨਾਲ ਨਾਲ ਤਸਵੀਰ ਦੇ ਦੂਜੇ ਪਾਸੇ 'ਤੇ ਵੀ ਨਜ਼ਰ ਮਾਰਨਾ ਜ਼ਰੂਰੀ ਹੈ ਕਿ ਕੀ ਇਸ ਬਦਲੇ ਹੋਏ ਯੁੱਗ ਵਿਚ ਹਿੰਦੂ ਉੱਚ ਸਮਾਜ ਦੇ ਨਜ਼ਰੀਏ, ਮਾਨਸਿਕਤਾ ਜਾਂ ਵਿਹਾਰ ਵਿਚ ਵੀ ਕੋਈ ਫਰਕ ਪਿਆ ਹੈ ਕਿ ਨਹੀਂ। ਕੀ ਆਜ਼ਾਦ ਸੰਵਿਧਾਨ ਦੇ ਪ੍ਰੇਰਿਕ ਸਿਧਾਂਤ ਸੁਤੰਤਰਤਾ, ਸਮਾਨਤਾ, ਭਰਾਤਰੀ ਭਾਵ ਅਤੇ ਸਮਾਜਿਕ ਨਿਆਂ ਦਾ ਸੰਚਾਰ ਹੋਣਾ ਸ਼ੁਰੂ ਹੋ ਗਿਆ ਹੈ? ਕੀ ਸੰਵਿਧਾਨ ਦੀ ਉਪਦੇਸ਼ਿਕਾ ਵਿਚ ਦਿੱਤੇ ਬੁਨਿਆਦੀ ਸਿਧਾਂਤ ਲੋਕਤੰਤਰ, ਸਮਾਜਵਾਦ, ਧਰਮ ਨਿਰਪੱਖਵਾਦ ਸੱਚਮੁਚ ਸਾਕਰ ਹੋਣੇ ਸ਼ੁਰੂ ਹੋ ਗਏ ਹਨ, ਜਿਹਨਾਂ ਨੂੰ ਆਧਾਰ ਬਣਾ ਕੇ ਬਾਬਾ ਸਾਹਿਬ ਨੇ ਦੇਸ਼ ਨੂੰ ਅਖੰਡ ਅਤੇ ਇੱਕਜੁਟ ਰੱਖਣ ਲਈ ਪੂਰੀ ਜਾਨ ਅਤੇ ਸਿਹਤ ਕੁਰਬਾਨ ਕਰ ਦਿੱਤੀ ਸੀ? ਦੁੱਖ ਦਾ ਵਿਸ਼ਾ ਹੈ ਕਿ ਇਹਨਾਂ ਸਿਧਾਂਤਾਂ ਦੀ ਪਾਲਣਾ ਕਰਨਾ ਤਾਂ ਇਕ ਪਾਸੇ ਇਸ ਸਮੇਂ ਸੱਤਾ ਵਿਚ ਆਈ ਭਾਜਪਾ ਦੀ ਮੋਦੀ ਸਰਕਾਰ ਨੇ ਇਹਨਾਂ ਸਿਧਾਂਤਾਂ ਨੂੰ ਇੱਕ-ਇੱਕ ਕਰਕੇ ਜ਼ਿਬ੍ਹਾ (ਬਲੀ ਦੇਣ) ਕਰਨ ਤੋਂ ਬਾਅਦ ਸਾਰੀ ਸਮਾਜਿਕ ਵਿਵਸਥਾ ਨੂੰ ਹੀ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਉਲਟ ਚੱਕਰ ਵਿਚ ਜਿਸ ਤਬਕੇ ਦਾ ਸਭ ਤੋਂ ਵੱਧ ਘਾਣ ਹੋਇਆ ਜਾਂ ਹੋਣ ਵਾਲਾ ਹੈ, ਉਹ ਕੇਵਲ ਅਤੇ ਕੇਵਲ ਦਲਿਤ ਅਤੇ ਪੱਛੜਾ ਵਰਗ ਹੈ। ਸੰਵਿਧਾਨ ਹੀ ਦਲਿਤ ਅਤੇ ਪੱਛੜੇ ਵਰਗਾਂ ਦੇ ਸਮਾਜਿਕ ਆਰਥਿਕ ਉਥਾਨ ਦਾ ਇਕ ਮਾਤਰ ਜਾਮਨ (Garanter) ਸੀ/ਹੈ, ਜਿਸ ਨੂੰ ਇਹ ਲੋਕ ਹਿੰਦੂ ਰਾਸ਼ਟਰ ਦੇ ਜਨੂੰਨ ਵਿਚ ਬੁਲੇਟ ਟ੍ਰੇਨ ਦੀ ਰਫਤਾਰ ਨਾਲ ਬੇਅਸਰ/ਬੇਜਾਨ ਕਰ ਰਹੇ ਹਨ। ਕੀ ਦਲਿਤ ਸਮਾਜ ਇਸ ਕਾਲਪਨਿਕ ਸ਼ੁੱਧ ਹਿੰਦੂ ਰਾਜ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕੇਗਾ? ਹਿੰਦੂ ਰਾਜ ਅਸਲ ਵਿਚ ਕੀ ਹੈ, ਇਸ ਨੂੰ ਕੌਣ ਨਹੀਂ ਜਾਣਦਾ? ਪ੍ਰਾਚੀਨ ਸੰਸਕ੍ਰਿਤੀ ਅਤੇ ਸੱਭਿਅਤਾ ਜਿਸ ਨੂੰ ਇਹ ਲੋਕ ਮੁੜ ਜੀਵਤ (ਬਹਾਲ) ਕਰਕੇ ਉਸ ਨੂੰ ਪ੍ਰਚੱਲਿਤ ਕਰਨਾ ਚਾਹੁੰਦੇ ਹਨ, ਉਸ ਤੋਂ ਕੌਣ ਅਣਜਾਣ ਹੈ? ਇਯ ਸਮੇਂ ਦੇਸ਼ ਦੀ ਮਿਲੀ ਜੁਲੀ ਅਲੱਗ ਅਲੱਗ ਧਰਮਾਂ ਅਤੇ ਜਾਤਾਂ ਦੀ ਆਬਾਦੀ ਇਕ ਧਰਮੀ ਰਾਜ ਨੂੰ ਕਿਵੇਂ ਸਵੀਕਾਰ ਜਾਂ ਸਹਿਣ ਕਰ ਸਕਦੀ ਹੈ? ਦਲਿਤ (ਉਸ ਸਮੇਂ ਅਤੇ ਹੁਣ ਤੱਕ ਅਛੂਤ) ਲੋਕਾਂ ਦੇ ਅਜਿਹੇ ਸਮਿਆਂ ਦੀ ਬਰਬਰਤਾ ਨੂੰ ਯਾਦ ਕਰਕੇ ਉਵੇਂ ਹੀ ਸਰੀਰ ਦੇ ਲੂੰ ਖੜ੍ਹੇ ਹੋ ਜਾਂਦੇ ਹਨ, ਜਦ ਉਹਨਾਂ ਦੇ ਵਡੇਰਿਆਂ ਨੂੰ ਆਪਣੀ ਪਛਾਣ ਲਈ ਗਲੇ ਵਿਚ ਕਾਲਾ ਗਾਨਾ ਬੰਨ੍ਹਣਾ ਪੈਂਦਾ ਸੀ, ਜਦ ਉਹਨਾਂ ਨੂੰ ਸੜਕ 'ਤੇ ਲੰਘਦੇ ਸਮੇਂ ਗਲੇ ਵਿਚ ਥੁੱਕ ਸੁੱਟਣ ਲਈ ਕੁੱਜਾ ਲਟਕਾਉਣਾ ਪੈਂਦਾ ਸੀ ਤਾਂ ਜੋ ਉਸ ਦੇ ਥੁੱਕ ਨਾਲ ਕੋਈ ਉੱਚ ਜਾਤੀਆ ਭਿੱਟ ਨਾ ਹੋ ਜਾਵੇ, ਜਦ ਉਹਨਾਂ ਦੇ ਵਡੇਰਿਆਂ ਨੂੰ ਪਿੱਠ ਪਿੱਛੇ ਝਾੜੂ ਬੰਨ੍ਹਣਾ ਪੈਂਦਾ ਸੀ ਤਾਂ ਜੋ ਇਹਨਾਂ ਲੋਕਾਂ ਦੇ ਪੈਰਾਂ ਦੇ ਨਿਸ਼ਾਨਾ ਨਾਲ ਸਵਰਨ ਲੋਕ ਅਪਵਿੱਤਰ (ਭਿੱਟ) ਨਾ ਹੋ ਜਾਣ। ਇਹ ਕੋਈ ਪੌਰਾਣਿਕ ਮਨਕਥੀਆਂ ਕਥਾਵਾਂ ਨਹੀਂ ਬਲਕਿ ਇਤਿਹਾਸਕ ਹਕੀਕਤ ਹੈ (ਲਿਖਤਾਂ ਅਤੇ ਭਾਸ਼ਣ 1 ਪੰਨਾ 39)। ਕੀ ਦਲਿਤ ਅਜਿਹੀ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਸਵਾਗਤ ਕਰਨ ਦੀ ਸੋਚ ਵੀ ਸਕਦਾ ਹੈ?

ਸੰਵਿਧਾਨਿਕ ਰਾਜ ਲਾਗੂ ਹੋਣ ਉਪਰੰਤ ਛੂਤ-ਛਾਤ ਦੀ ਕਰੜਾਈ ਤਾਂ ਜ਼ਰੂਰ ਕੁਝ ਢਿੱਲੀ ਪੈ ਗਈ ਹੈ ਲੇਕਿਨ ਜਾਤ ਵਿਵਸਥਾ ਅਤੇ ਉਸ ਦਾ ਜ਼ਹਿਰ ਜਾਤ ਨਫਰਤ ਅਤੇ ਜਾਤ ਦਵੇਸ਼ ਵਿਤਕਰਾ ਤਾਂ ਉਵੇਂ ਜਿਵੇਂ ਕਾਇਮ ਹੈ। ਅਜਿਹੇ ਹਾਲਾਤ ਵਿਚ ਫਿਰ ਵੀ ਦਲਿਤ ਸਮਾਜ ਦੀ ਜੇ ਕੁਝ ਮਹੱਤਤਾ ਬਣ ਸਕੀ ਹੈ ਤਾਂ ਉਸ ਦਾ ਕਾਰਨ ਕੇਵਲ ਉਸ ਦੀ ਗਿਣਤੀ ਅਤੇ ਵੋਟ ਸ਼ਕਤੀ ਹੈ, ਜਿਸ ਨੂੰ ਨਜ਼ਰਅੰਦਾਜ਼ ਕਰਨਾ ਕਿਸੇ ਰਾਜਨੀਤਿਕ ਪਾਰਟੀ ਜਾਂ ਸੰਗਠਨ ਲਈ ਸੌਖਾ ਨਹੀਂ ਹੈ। ਇਹੀ ਇਕ ਕਾਰਨ ਹੈ ਕਿ ਹਰ ਪਾਰਟੀ ਆਪਣੇ ਆਪ ਨੂੰ ਦਲਿਤ ਹਿਤੈਸ਼ੀ, ਹਮਦਰਦ ਅਤੇ ਸ਼ੁਭ ਚਿੰਤਕ ਦਿਖਾ ਕੇ ਵੱਧ ਤੋਂ ਵੱਧ ਰਾਜਨੀਤਿਕ ਲਾਭ ਲੈਣ ਵਿਚ ਲੱਗੀ ਹੋਈ ਹੈ ਭਾਵੇਂ ਜ਼ਮੀਨ ਤੇ ਇਹਨਾਂ ਹੀ ਪਾਰਟੀਆਂ ਦੇ ਗੁੰਡੇ ਉਹਨਾਂ ਹੀ ਦਲਿਤਾਂ ਤੇ ਪਿੰਡਾਂ-ਪਿੰਡਾਂ ਵਿਚ ਜਾਤ-ਦਵੇਸ਼ ਕਰਕੇ ਉਹਨਾਂ ਦਾ ਕਤਲ, ਅੱਤਿਆਚਾਰ, ਔਰਤਾਂ ਦੀ ਬੇਹੁਰਮਤੀ ਕਰਨ ਤੇ ਜ਼ਰਾ ਦਰਦ ਨਹੀਂ ਕਰਦੇ। ਸਭ ਤੋਂ ਵੱਧ ਇਸ ਦੋਗਲੇਪਣ ਦਾ ਡਰਾਮਾ ਆਰ. ਐਸ. ਐਸ. ਦੀ ਕਮਾਨ ਹੇਠ ਬਣੀ ਮੋਦੀ ਸਰਕਾਰ ਵਿਚ ਦੇਖਿਆ ਜਾ ਸਕਦਾ ਹੈ ਜੋ ਸਿਧਾਂਤਕ ਰੂਪ ਵਿਚ ਸਧਾਰਨ ਗੁੰਡਾਗਰਦੀ ਤੋਂ ਵੀ ਵੱਧ ਖਤਰਨਾਕ ਅਤੇ ਵਿਨਾਸ਼ਕਾਰੀ ਹੈ, ਜ਼ੁਬਾਨੀ ਜ਼ੁਬਾਨੀ ਭਾਸ਼ਣਾਂ ਰਾਹੀਂ ਤਾਂ ਮੋਦੀ ਜੀ ਆਪਣੇ ਆਪ ਨੂੰ ਪੱਛੜੀ ਸ਼੍ਰੇਣੀ ਦਾ ਦੱਸ ਕੇ ਦਲਿਤ ਦੋਸਤ ਕਹਿੰਦੇ ਹਨ, ਲੇਕਿਨ ਜਦ ਉਹਨਾਂ ਦੀਆਂ ਅੱਖਾਂ ਸਾਹਮਣੇ ਰੋਹਿਤ ਵੇਮੁਲਾ ਨੌਜਵਾਨ ਨੂੰ ਜਾਤ ਵਿਤਕਰੇ ਕਾਰਨ ਜਾਨ ਦੇਣ ਤੇ ਮਜਬੂਰ ਕੀਤਾ ਜਾਂਦਾ ਹੈ, ਉਥੇ ਉਹ ਚੁੱਪੀ ਧਾਰ ਲੈਂਦੇ ਹਨ ਅਤੇ ਉਹਨਾਂ ਦੀ ਹੀ ਸਟੇਟ ਵਿਖੇ ਜਦ ਊਨਾ ਵਿਚ ਚਾਰ ਦਲਿਤ ਮੁੰਡਿਆਂ ਨੂੰ ਹਿੰਦੂ ਸੰਗਠਨ ਦੇ ਗੁੰਡੇ ਮਰੀ ਹੋਈ ਗਾਂ ਦੀ ਖੱਲ ਲਾਹੁਣ ਦੇ ਦੋਸ਼ ਵਿਚ ਮਾਰ ਮਾਰ ਕੇ ਅੱਧਮਰਿਆ ਕਰ ਦਿੰਦੇ ਹਨ ਤਾਂ ਮੋਦੀ ਦੇ ਦਲਿਤ ਹਿਤੈਸ਼ੀ ਮਨ ਵਿਚ ਹਮਦਰਦੀ ਦੀ ਕੋਈ ਹਰਕਤ ਪੈਦਾ ਨਹੀਂ ਹੁੰਦੀ। ਇਹ ਕਿਸ ਤਰ੍ਹਾਂ ਦੀ ਦਲਿਤ ਦੋਸਤੀ ਅਤੇ ਦਲਿਤ ਹਮਦਰਦੀ ਹੈ? ਅਜਿਹੇ ਮਗਰਮੱਛੀ ਹੰਝੂਆਂ ਤੇ ਕੌਣ ਭਰੋਸਾ ਕਰ ਸਕਦਾ ਹੈ? ਇਸ ਸ਼ਰਮਨਾਕ ਘਟਨਾ ਤੋਂ ਬਾਅਦ ਜਦ ਉਹ ਇਕ ਜਨਤਕ ਜਲਸੇ ਵਿਚ ਗਊ ਰੱਖਿਅਕ ਗੁੰਡਿਆਂ ਨੂੰ ਸੰਬੋਧਿਤ ਕਰਕੇ ਇਹ ਕਹਿੰਦੇ ਹਨ ਕਿ 'ਜੇ ਤੁਸੀਂ ਗੋਲੀ ਮਾਰਨੀ ਹੈ ਤਾਂ ਮੈਨੂੰ ਮਾਰੋ, ਮੇਰੇ ਦਲਿਤ ਭਰਾਵਾਂ ਨੂੰ ਨਾ ਮਾਰੋ' ਤਾਂ ਇਸ ਫੋਕੀ ਅਤੇ ਅਰਥਹੀਣ ਸ਼ਬਦਾਵਲੀ ਦਾ ਗੁੰਡਿਆਂ ਦੀ ਸਿਹਤ 'ਤੇ ਕੀ ਅਸਰ ਅਤੇ ਦਲਿਤ ਪੀੜਤ ਬੰਦਿਆਂ ਨੂੰ ਕੀ ਭਾਅ? ਕੁਝ ਵੀ ਹੋਵੇ, ਅਸਲ ਵਿਚ ਇਹੀ ਗੁਣ (ਔਗੁਣ) ਆਰ. ਐਸ. ਐਸ. ਦੀ ਤਾਕਤ ਅਤੇ ਚਿਰ ਸਥਿਰਤਾ ਦਾ ਰਾਜ਼ (ਭੇਤ) ਹੈ ਅਤੇ ਬਾਬਾ ਸਾਹਿਬ ਦੀ ਮਹਾਨਤਾ ਅਤੇ ਪ੍ਰਸਿੱਧੀ ਦਾ ਵੀ ਇਹੀ ਰਾਜ਼ ਹੈ ਕਿ ਉਹਨਾਂ ਨੇ ਛਲ ਕਪਟ ਦੀ ਰਾਜਨੀਤੀ ਨੂੰ ਬੇਪਰਦਾ ਕਰਨ ਵਿਚ ਕਿਸੇ ਨੂੰ ਨਹੀਂ ਬਖਸ਼ਿਆ ਚਾਹੇ ਉਹ ਕਾਂਗਰਸ ਦਾ ਹਿੰਦੂਇਜ਼ਮ ਹੋਵੇ, ਚਾਹੇ ਸਾਵਰਕਰ ਜਾਂ ਗੋਲਵਲਕਰ ਦਾ ਹਿੰਦੂਤਵ। ਕੀ ਦਲਿਤ ਸਮਾਜ ਬਾਬਾ ਸਾਹਿਬ ਦੀ ਅਜਿਹੀ ਅਨਮੋਲ ਵਿਰਾਸਤ ਨੂੰ ਸੰਭਾਲ ਸਕੇਗਾ? ਇਸ ਯੋਗ ਹੈ? ਜੇ ਅੱਜ ਦੇ ਹਾਲਾਤ 'ਤੇ ਨਜ਼ਰ ਮਾਰੀਏ ਤਾਂ ਹਾਲਾਤ ਕੁਝ ਆਸ ਵਧਾਉਣ ਵਾਲੀ ਨਹੀਂ ਲੱਗਦੀ। ਇਹ ਨਿਰਸੰਦੇਹ ਬਹੁਤ ਬੜੀ ਚਿੰਤਾ ਦਾ ਵਿਸ਼ਾ ਹੈ। ਬਾਬਾ ਸਾਹਿਬ ਨੇ ਜਿਸ ਜਾਤਪਾਤੀ ਦੈਂਤ ਨੂੰ ਮਾਰ ਮੁਕਾਉਣ ਲਈ ਦਲਿਤ ਸਮਾਜ ਨੂੰ ਇੱਕਜੁਟ ਹੋ ਕੇ ਹਮਲਾ ਕਰਨ ਦੀ ਵੰਗਾਰ ਦਿੱਤੀ ਸੀ ਉਹ ਖੁਦ ਟੁਕੜਿਆਂ 'ਚ ਵੰਡ ਹੋ ਕੇ ਦੂਜਿਆਂ ਤੋਂ ਟਿਕਟਾਂ ਦੀ ਖ਼ੈਰਾਤ ਮੰਗ ਰਿਹਾ ਹੈ। ਅਜਿਹੇ ਨੇਤਾ ਸਮਾਜ ਦਾ ਸਮੁੱਚੇ ਤੌਰ 'ਤੇ ਕੀ ਭਲਾ ਕਰ ਸਕਦੇ ਹਨ? ਕਿਸੇ ਸਮੇਂ ਕਾਂਗਰਸ ਹਕੂਮਤ ਵਿਚ ਜਿੱਥੇ ਪ੍ਰਿਥਵੀ ਸਿੰਘ ਆਜ਼ਾਦ ਪ੍ਰੋ. ਯਸ਼ਵੰਤ ਰਾਏ ਭਗਤ ਅਮੀਂ ਚੰਦ ਵਰਗਿਆਂ ਨੇ ਬਾਬਾ ਸਾਹਿਬ ਅੰਬੇਡਕਰ ਅਤੇ ਉਹਨਾਂ ਦੇ ਅੰਦੋਲਨ ਦੀ ਪਿੱਠ ਵਿਚ ਛੁਰਾ ਮਾਰਨ ਦੀ ਕੋਈ ਕਸਰ ਨਹੀਂ ਛੱਡੀ, ਅੱਜ ਉਸ ਤੋਂ ਵੀ ਵੱਧ ਆਰ. ਐਸ. ਐਸ. ਦੀ ਮੋਦੀ ਸਰਕਾਰ ਦੇ ਖੇਮੇ ਵਿਚ ਦਲਿਤ ਚਮਚਿਆਂ ਦੀ ਫੌਜ ਦੇਖੀ ਜਾ ਸਕਦੀ ਹੈ। ਜਦ ਰੋਹਿਤ ਵੇਮੁਲਾ ਦੀ ਮੌਤ ਉਪਰੰਤ ਕੇਂਦਰੀ ਵਿੱਦਿਆ ਮੰਤਰੀ ਸਮ੍ਰਿਤੀ ਇਰਾਨੀ ਪ੍ਰੈਸ ਕਾਨਫਰੰਸ ਕਰਕੇ ਰੋਹਿਤ ਦੀ ਜਾਤ ਅਤੇ ਦੁੱਖ ਭਰੀ ਮੌਤ ਬਾਰੇ ਝੂਠ ਤੇ ਝੂਠ ਬੋਲ ਰਹੀ ਸੀ ਤਾਂ ਉਸ ਦੇ ਖੱਬੇ ਸੱਜੇ ਦੋ ਦਲਿਤ ਮੰਤਰੀ ਵੀ ਪ੍ਰੈਸ ਕਾਨਫਰੰਸ ਦੀ ਰੌਣਕ ਵਧਾ ਰਹੇ ਸਨ ਅਤੇ ਇਹ ਵੀ ਘੱਟ ਦਿਲਚਸਪੀ ਦੀ ਗੱਲ ਨਹੀਂ ਹੈ ਕਿ ਜਦ ਵੀ ਕਦੇ ਸਰਕਾਰੀ ਮੰਚਾਂ ਤੋਂ ਇਹਨਾਂ ਮੰਤਰੀਆਂ ਨੂੰ ਬੋਲਣ ਦਾ ਮੌਕਾ ਮਿਲਦਾ ਹੈ ਤਾਂ ਬਾਬਾ ਸਾਹਿਬ ਦੀਆਂ ਸਿਫਤਾਂ ਵਿਚ ਜ਼ਮੀਨ ਅਸਮਾਨ ਇਕ ਕਰ ਦਿੰਦੇ ਹਨ। ਇਹ ਗੁਣ ਜਾਂ ਗੁਰ ਉਹਨਾਂ ਨੇ ਆਪਣੇ ਆਕਾ-ਏ-ਆਜ਼ਮ (ਸਭ ਤੋਂ ਬੜੇ ਮਾਲਿਕ) ਮੋਦੀ ਜੀ ਤੋਂ ਹੀ ਸਿੱਖੇ ਹਨ, ਜਿਹਨਾਂ ਨੂੰ ਭਾਸ਼ਣ ਕਲਾ ਦੀ ਮੁਹਾਰਤ ਲਈ ਘੱਟ ਤੋਂ ਘੱਟ ਆਸਕਰ ਐਵਾਰਡ ਤਾਂ ਦੇਣਾ ਹੀ ਬਣਦਾ ਹੈ।

ਮੋਦੀ ਜੀ ਨੇ ਬਾਬਾ ਸਾਹਿਬ ਦਾ 125ਵਾਂ ਜਨਮ ਦਿਨ ਮਨਾਉਂਦੇ ਹੋਏ ਸਾਲ ਭਰ ਕਈ ਯਾਦਗਾਰੀ ਸਮਾਰਕ ਉਸਾਰਨ ਦਾ ਐਲਾਨ ਕੀਤਾ ਪਰ ਜਿੱਥੋਂ ਤੱਕ ਉਹਨਾਂ ਦੇ ਵਿਚਾਰਾਂ ਅਤੇ ਵਿਚਾਰਧਾਰਾ ਦਾ ਸਬੰਧ ਹੈ ਜਿਹਾ ਕਿ ਹਰ ਕੋਈ ਜਾਣਦਾ ਹੈ, ਉਹਨਾਂ ਦਾ ਮੋਦੀ ਦੀ ਹਿੰਦੁਤਵੀ ਮਾਨਸਿਕਤਾ ਅਤੇ ਸੰਘੀ ਰਾਸ਼ਟਰਵਾਦ ਨਾਲ ਦੂਰ-ਦੂਰ ਦਾ ਵੀ ਕੋਈ ਰਿਸ਼ਤਾ ਨਹੀਂ ਹੈ। ਕੀ ਇਹ ਵਿਰੋਧਾਭਾਸ ਨਹੀਂ ਹੈ? ਕੀ ਦੋ ਉਲਟ ਵਿਚਾਰਧਾਰਾਵਾਂ ਦਾ ਟਕਰਾਓ ਨਹੀਂ ਹੈ? ਫਿਰ ਇਹ ਟਕਰਾਓ ਕਿੰਨਾ ਕੁ ਚਿਰ ਚਲਦਾ ਰਹਿ ਸਕਦਾ ਹੈ? ਜਾਂ ਕਿਤੇ ਇਹ ਸ਼ਕਤੀਸ਼ਾਲੀ ਦੈਂਤ ਇਸ ਨਵੀਂ ਉੱਠ ਰਹੀ ਬਗਾਵਤੀ ਲਹਿਰ ਨੂੰ ਹੀ ਨਿਗਲ ਤਾਂ ਨਹੀਂ ਜਾਂਦਾ, ਜਿਸ ਤਰ੍ਹਾਂ ਇਤਿਹਾਸ ਵਿਚ ਇਕ ਵਾਰ ਪਹਿਲਾਂ ਵੀ ਬੁੱਧਿਜ਼ਮ ਅਤੇ ਬ੍ਰਾਹਮਣਇਜ਼ਮ ਦੇ ਖੂਨੀ ਟਕਰਾਓ ਵਿਚ ਹੋ ਚੁੱਕਾ ਹੈ। ਅੱਜ ਦੇ ਵਿਚਾਰਾਂ ਅਤੇ ਸਾਧਨਾਂ ਦੇ ਸੰਸਾਰੀਕਰਨ ਦੇ ਮਾਹੌਲ ਵਿਚ ਭਾਵੇਂ ਅਜਿਹੀ ਧੱਕੇਸ਼ਾਹੀ ਅਤੇ ਬੁਰਛਾਗਰਦੀ ਜਿਸ ਨੂੰ ਫਾਸੀਵਾਦ ਦਾ ਵੀ ਨਾਮ ਦਿੱਤਾ ਜਾ ਸਕਦਾ ਹੈ, ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ ਪਰ ਫਿਰ ਵੀ ਅੱਜ ਦੀ ਹਕੂਮਤ ਦੇ ਨਸ਼ੇ ਵਿਚ ਚੂਰ ਮੌਜੂਦਾ ਸਰਕਾਰ ਦੇ ਏਜੰਡੇ ਅਤੇ ਖਤਰਨਾਕ ਮਨਸੂਬਿਆਂ ਇਰਾਦਿਆਂ ਨੂੰ ਅਤੇ ਦੂਜੇ ਪਾਸੇ ਸੁੱਤ ਅਣੀਂਦੇ ਸ਼ਿਕਾਰ ਹੋ ਰਹੇ ਬੇਵਸੀ ਲਾ ਬੇਸਹਾਰਾ ਲੋਕਾਂ ਦੀ ਦਸ਼ਾ ਨੂੰ ਦੇਖ ਕੇ ਇਸ ਸੰਭਾਵਨਾ ਨੂੰ ਇੱਕਦਮ ਖਾਰਜ ਵੀ ਨਹੀਂ ਕੀਤਾ ਜਾ ਸਕਦਾ। ਬਾਬਾ ਸਾਹਿਬ ਨੇ ਇਸ ਰੂੜੀਵਾਦੀ ਵਿਵਸਥਾ ਨੂੰ ਪਲਟਣ ਲਈ ਬਿਨਾਂ ਖੂਨ ਖਰਾਬੇ ਜਿਸ ਵਿਚਾਰਕ ਕ੍ਰਾਂਤੀ ਦੀ ਮੁਹਿੰਮ ਸ਼ੁਰੂ ਕੀਤੀ ਸੀ, ਉਸ ਨੂੰ ਹੀ ਖੁੰਢਾ ਕਰਨ ਲਈ ਇਹਨਾਂ ਲੋਕਾਂ ਕੋਲ ਹਥਿਆਰਾਂ ਦੀ ਵੀ ਕੋਈ ਕਮੀ ਨਹੀਂ। ਜੇ ਕੋਈ ਸ਼ੱਕਰ ਨਾਲ ਮਰ ਸਕਦਾ ਹੈ ਉਸ ਨੂੰ ਜ਼ਹਿਰ ਦੇਣ ਦੀ ਕੀ ਜ਼ਰੂਰਤ ਹੈ? ਮੋਦੀ ਜੀ ਵੱਲੋਂ ਬਾਬਾ ਸਾਹਿਬ ਨੂੰ ਆਪਣਾ ਹੀਰੋ ਨੰਬਰ ਵੰਨ ਬਣਾਏ ਜਾਣ ਪਿੱਛੇ ਵੀ ਤਾਂ ਇਹੀ ਨੀਤੀ ਕੰਮ ਕਰ ਰਹੀ ਹੈ।

ਰਾਜਨੀਤੀ ਦੇ ਮੈਦਾਨ ਵਿਚ ਸਾਂਝੀ ਚੋਣ ਪ੍ਰਣਾਲੀ ਕਾਰਨ ਰਿਜ਼ਰਵ ਸੀਟਾਂ ਤੋਂ ਪਹਿਲਾਂ ਹੀ ਉਹ ਦਲਿਤ ਉਮੀਦਵਾਰ ਜਿੱਤਦੇ ਰਹੇ ਹਨ, ਜਿਹਨਾਂ ਨੂੰ ਹਿੰਦੂ/ਸਿੱਖ ਵੋਟਾਂ ਦੀ ਬਹੁਗਿਣਤੀ ਮਿਲੇ। ਦਲਿਤ ਜਨਤਾ ਨੇ ਅਜਿਹੇ ਨੇਤਾਵਾਂ ਨੂੰ ਕਦੇ ਵੀ ਆਪਣਾ ਸਹੀ ਪ੍ਰਤੀਨਿਧੀ ਸਵੀਕਾਰ ਨਹੀਂ ਕੀਤਾ। ਸੰਘ ਨੇ ਇਸ ਮਾਨਸਿਕ ਦੂਰ ਨੂੰ ਵੀ ਖਤਮ ਕਰਨ ਲਈ ਸਾਹਿਤਕ ਅਤੇ ਸੱਭਿਆਚਾਰਕ ਮੁਹਿੰਮ ਛੇੜ ਦਿੱਤੀ ਹੈ ਅਤੇ ਇਕ ਬੜੇ ਪੱਧਰ ਤੇ ਦਲਿਤ ਆਬਾਦੀਆਂ ਦੇ ਕੁਝ ਨੌਜਵਾਨਾਂ ਨੂੰ ਨਾਲ ਮਿਲਾ ਕੇ ਆਪਣੇ ਪ੍ਰਚਾਰ ਦਾ ਵੀ ਕੰਮ ਸ਼ੁਰੂ ਕਰ ਦਿੱਤਾ ਹੈ। ਪਿਛਲੇ ਸਾਲ ਸੰਘ ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਨੇ ਬਾਬਾ ਸਾਹਿਬ ਦੇ ਜਨਮ ਦਿਨ 'ਤੇ ਵਿਸ਼ੇਸ਼ ਅੰਕ ਵਿਚ ਬੜੇ ਬੜੇ ਲੇਖ ਛਾਪ ਕੇ ਕਈ ਬੇ-ਸਿਰ ਪੈਰ ਕਹਾਣੀਆਂ ਦੁਆਰਾ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਅੰਬੇਡਕਰ ਅਤੇ ਸੰਘ ਸੰਸਥਾਪਕ ਹੈਡਗੁਵਾਰ ਦੀ ਸੋਚ ਅਤੇ ਸਮਾਜਿਕ ਦ੍ਰਿਸ਼ਟੀਕੋਣ ਇਕੋ ਜਿਹਾ ਸੀ ਅਤੇ ਵਿਚਾਰਧਾਰਾ ਦੇ ਲਿਹਾਜ਼ ਨਾਲ ਵੀ ਡਾ. ਅੰਬੇਡਕਰ ਹਿੰਦੂਵਾਦੀ ਸਨ। ਜਿੱਥੇ ਸੰਘੀ ਨੀਤੀਕਾਰਾਂ ਨੇ ਸਿੱਖਿਆ ਦੀ ਭਗਵਾ ਕਰਨ ਨੀਤੀ ਦੇ ਅੰਤਰਗਤ ਸਕੂਲੀ ਕਿਤਾਬਾਂ ਵਿਚ ਗੀਤ ਗਾਇਤਰੀ ਗਊ ਅਤੇ ਸੂਰਜ ਨਮਸਕਾਰ ਆਦਿ ਦੇ ਅਧਿਆਏ ਜੋੜ ਦਿੱਤੇ ਹਨ, ਉਥੇ ਦਲਿਤ ਇਤਿਹਾਸ ਨੂੰ ਵੀ ਵੱਧ ਤੋਂ ਵੱਧ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਸਬੰਧ ਵਿਚ ਵਿਜੇ ਸੋਨਕਰ ਸ਼ਾਸਤਰੀ ਅਤੇ ਸੰਜੇ ਪਾਸਵਾਨ ਨਵੇਂ ਇਤਿਹਾਸ ਘੜਨ ਵਿਚ ਕਈ ਹੋਰ ਭਲਵਾਨਾਂ ਨਾਲੋਂ ਅੱਗੇ ਲੰਘ ਗਏ ਲੱਗਦੇ ਹਨ। ਇਕ ਕਿਤਾਬ ਵਿਚ ਉਹ ਲਿਖਦੇ ਹਨ ਕਿ ਜਾਤ ਵਿਵਸਥਾ ਅਤੇ ਛੂਤ-ਛਾਤ ਦਾ ਚਲਨ ਮੁਸਲਮਾਨ ਬਾਦਸ਼ਾਹਾਂ ਨੇ ਸ਼ੁਰੂ ਕੀਤਾ, ਜਿਸ ਵਿਚ ਹਿੰਦੂ ਧਰਮ ਗ੍ਰੰਥਾਂ ਗੀਤਾ, ਵੇਦਾਂ ਜਾਂ ਮਨੂੰ ਸਮ੍ਰਿਤੀ ਦਾ ਕੋਈ ਹੱਥ ਨਹੀਂ। ਇਸੇ ਤਰ੍ਹਾਂ ਇਕ ਹੋਰ ਕਿਤਾਬ ਵਿਚ ਉਹ ਲਿਖਦੇ ਹਨ ਕਿ ਦਲਿਤਾਂ ਵਿਚੋਂ 'ਭਾਰਤ ਰਤਨ' ਦੇ ਰਾਸ਼ਟਰੀ ਸਨਮਾਨ ਦਾ ਹੱਕਦਾਰ ਡਾ. ਅੰਬੇਡਕਰ ਨਹੀਂ ਬਲਕਿ ਬਾਬੂ ਜਗਜੀਵਨ ਰਾਮ ਸਨ, ਜਿਹਨਾਂ ਨੇ ਡਾ. ਅੰਬੇਡਕਰ ਨੂੰ ਨਹਿਰੂ ਮੰਤਰੀ ਮੰਡਲ ਵਿਚ ਸ਼ਾਮਿਲ ਕਰਵਾਉਣ ਲਈ ਪਟੇਲ ਅਤੇ ਗਾਂਧੀ ਕੋਲ ਸਿਫਾਰਿਸ਼ ਕੀਤੀ ਸੀ। ਇਸ ਤੋਂ ਪਹਿਲਾਂ ਭਾਜਪਾ ਦਾ ਪ੍ਰਮੁੱਖ ਨੇਤਾ ਅਰੁਣ ਸ਼ੌਰੀ ਵੀ ਇਹ ਸਟੋਰੀ ਆਪਣੀ ਕਿਤਾਬ 'ਝੂਠੇ ਦੇਵਤਿਆਂ ਦੀ ਪੂਜਾ' ਵਿਚ ਲਿਖ ਕੇ ਸਿਰ ਸੁਆਹ ਪੁਆ ਚੁੱਕਾ ਹੈ। ਇਹ ਤਾਂ ਹੈ ਆਰ. ਐਸ. ਐਸ. ਦਾ ਬਾਬਾ ਸਾਹਿਬ ਦੇ ਬਾਰੇ ਅਸਲ ਨਜ਼ਰੀਆ, ਚਿੱਤਰ ਅਤੇ ਵਿਚਾਰਕ ਨੇਤਾ ਦੀ ਅਸਲੀਅਤ।

ਇਸ ਦੇ ਬਾਵਜੂਦ ਵੀ ਜੇ ਇਹ ਲੋਕ ਬਾਬਾ ਸਾਹਿਬ ਦੀ ਮਹਾਨਤਾ, ਵਿਦਵਤਾ ਅਤੇ ਯੋਗਤਾ ਦਾ ਗੁਣਗਾਨ ਕਰਨ ਲੱਗ ਪਏ ਹਨ ਤਾਂ ਇਸ ਨੂੰ ਇਹਨਾਂ ਦੀ ਮਜਬੂਰੀ ਹੀ ਕਿਹਾ ਜਾ ਸਕਦਾ ਹੈ ਅਤੇ ਮੌਕੇ ਦੀ ਜ਼ਰੂਰਤ।

ਬਾਬਾ ਸਾਹਿਬ ਦਾ ਜੀਵਨ ਇਕ ਖੁੱਲ੍ਹੀ ਕਿਤਾਬ ਹੈ, ਜਿਸ ਵਿਚ ਕੁਝ ਵੀ ਲੁਕਿਆ ਛਿਪਿਆ ਨਹੀਂ। ਕੁਝ ਵੀ ਬਨਾਵਟੀ ਨਹੀਂ। ਜੇ ਉਹਨਾਂ ਨੇ 1927 ਵਿਚ ਮਹਾਡ ਮੋਰਚੇ ਦੇ ਦੌਰਾਨ ਮਨੂੰ ਸਮ੍ਰਿਤੀ ਨੂੰ ਅੱਗ ਲਾ ਕੇ ਸਾੜਿਆ, ਉਸ ਦਾ ਕਾਰਨ ਉਹ ਅਛੂਤਾਂ/ਸ਼ੂਦਰਾਂ ਪ੍ਰਤੀ ਘਿਰਣਾ ਨਫਰਤ ਦੀ ਪ੍ਰਤੀਕ ਸੀ, ਜੇ ਉਹਨਾਂ ਨੇ 1930-31 ਦੀਆਂ ਲੰਡਨ ਗੋਲਮੇਜ਼ ਕਾਨਫਰੰਸਾਂ ਵਿਚ ਅੰਗਰੇਜਾਂ, ਹਿੰਦੂ ਸਭਾਈਆਂ ਅਤੇ ਕਾਂਗਰਸੀ ਗੁਰਜ ਧਾਰੀਆਂ ਨਾਲ ਲੜਾਈ ਲੜੀ, ਉਸ ਦਾ ਮਕਸਦ ਅਛੂਤ ਅਤੇ ਪੱਛੜੇ ਤਬਕਿਆਂ ਨੂੰ ਉਹਨਾਂ ਦੇ ਇਨਸਾਨੀ ਅਤੇ ਰਾਜਸੀ ਅਧਿਕਾਰ ਦਿਵਾਉਣਾ ਸੀ: ਜੇ ਉਹ 1947 ਵਿਚ ਨਹਿਰੂ ਮੰਤਰੀ-ਮੰਡਲ ਵਿਚ ਸ਼ਾਮਲ ਹੋਏ ਅਤੇ ਮਸੌਦਾ ਕਮੇਟੀ ਦੇ ਚੇਅਰਮੈਨ ਦੀ ਹੈਸੀਅਤ ਵਿਚ ਆਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਕੀਤਾ, ਉਸ ਦਾ ਵੀ ਮਕਸਦ ਅਛੂਤ ਦਲਿਤ ਪੱਛੜੇ ਸਮਾਜ ਦੇ ਬਰਾਬਰੀ ਦੇ ਹੱਕਾਂ ਨੂੰ ਸੁਰੱਖਿਅਤ ਕਰਨਾ ਅਤੇ 1932 ਦੇ ਪੂਨਾ ਪੈਕਟ ਦੀਆਂ ਉਪਲਬਧੀਆਂ ਨੂੰ ਹੋਰ ਸੋਧ ਕੇ ਉਹਨਾਂ ਨੂੰ ਜਾਰੀ ਰੱਖਣਾ ਸੀ: ਜੇ ਉਹਨਾਂ ਨੇ 1935 ਵਿਚ ਹਿੰਦੂ ਧਰਮ ਤਿਆਗਣ ਦਾ ਐਲਾਨ ਕੀਤਾ ਅਤੇ 1956 ਵਿਚ ਉਸ ਸੌਗੰਧ ਨੂੰ ਪੂਰਾ ਕਰਦਿਆਂ ਬੰਮ ਦੀਕਸ਼ਾ ਗ੍ਰਹਿਣ ਕੀਤੀ, ਉਸ ਦਾ ਵੀ ਉਦੇਸ਼ ਦਲਿਤ ਜਾਤੀਆ ਨੂੰ ਬ੍ਰਾਹਮਣਵਾਦ ਤੋਂ ਨਿਜਾਤ ਦਿਵਾਉਣਾ ਅਤੇ ਮਾਨਵ ਸਮਾਜ ਨੂੰ ਜੀਵਨ ਜਿਊਣ ਦਾ ਸਹੀ ਮਾਰਗ ਦਿਖਾਉਣਾ ਹੀ ਸੀ।

ਇਸ ਸੰਖੇਪ ਵਰਣਨ ਤੇ ਇਕ ਹਲਕੀ ਝਾਤ ਮਾਰਨ ਪਿੱਛੋਂ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਜੋ ਕੁਝ ਵੀ ਉਹਨਾਂ ਨੇ ਆਪਣੀ 65 ਸਾਲ ਉਮਰ ਦੇ 35/36 ਸਾਲ ਵਿਚ ਕੀਤਾ, ਉਹ ਸਭ ਮਾਨਵ ਮਾਤਰ ਦੀ ਭਲਾਈ ਅਤੇ ਕਲਿਆਣ ਲਈ ਹੀ ਕੀਤਾ, ਭਾਵੇਂ ਉਹਨਾਂ ਨੂੰ ਆਪਣੇ ਨਿੱਜੀ ਪਰਿਵਾਰਕ ਜੀਵਨ ਵਿਚ ਕਿੰਨੀ ਵੀ ਕਠਿਨਾਈ, ਸਖਤਾਈ, ਔਖਿਆਈ ਕਿਉਂ ਨਾ ਝੱਲਣੀ ਪਈ ਹੋਵੇ। ਬਾਬਾ ਸਾਹਿਬ ਦੀ ਮਹਾਨਤਾ ਅਤੇ ਸ਼ਖਸੀਅਤ ਨੂੰ ਚਾਨਣ ਗੋਬਿੰਦਪੁਰੀ ਨੇ ਕਿੰਨੇ ਖੂਬਸੂਰਤ ਅੰਦਾਜ਼ ਅਤੇ ਅੱਖਰਾਂ ਵਿਚ ਆਪਣੀ ਨਜ਼ਮ ਦੇ ਆਖਰੀ ਬੰਦ ਵਿਚ ਕਲਮਬੱਧ ਕੀਤਾ ਹੈ;

ਜੀ ਚਾਹਤਾ ਹੈ ਮਸਜਿਦ-ਓ-ਮੰਦਰ ਕੋ ਭੀ ਛੋੜ ਦੇ
ਦਹਿਲੀਜ਼ੇ-ਏ-ਹਰਮ ਦੈਰ ਕੇ ਪੱਧਰ ਕੋ ਭੀ ਛੋੜ ਦੂੰ।
ਅਨਦੇਖੇ ਖ਼ੁਦਾ ਅਰਸ਼ ਕੇ ਦਾਵਰ ਕੋ ਭੀ ਛੋੜ ਦੂੰ।
ਸਰ ਅਪਨਾ ਅਕੀਦਤ ਸੇ ਰੱਖ ਦੂੰ ਤੇਰੇ ਆਗੇ।
ਐ ਭੀਮ ਝੁਕਤਾ ਹੈ ਸਰ-ਏ-ਮਰਦੂੰ ਤੇਰੇ ਆਗੇ।

ਬਾਬਾ ਸਾਹਿਬ ਨੇ ਹਿੰਦੂ ਧਰਮ, ਹਿੰਦੂ ਸੱਭਿਅਤਾ ਅਤੇ ਹਿੰਦੂ ਸਮਾਜਿਕ ਵਿਵਸਥਾ ਤੋਂ ਦੁਖੀ ਹੋ ਕੇ ਨਾ ਕੇਵਲ ਹਿੰਦੂ ਧਰਮ ਨੂੰ ਸਦਾ ਸਦਾ ਲਈ ਖੈਰਬਾਦ ਕਹਿ ਦਿੱਤਾ ਬਲਕਿ ਉਹਨਾਂ ਨੇ ਦੇਸ਼ ਵਾਸੀਆਂ ਖਾਸ ਕਰ ਦਲਿਤ ਵਰਗਾਂ ਨੂੰ ਵੀ ਸਖਤੀ ਨਾਲ ਤਾੜਨਾ ਕੀਤੀ ਕਿ 'ਜੇ ਦੇਸ਼ ਵਿਚ ਹਿੰਦੂ ਰਾਜ ਸੱਚਮੁਚ ਸਾਕਾਰ ਹੋ ਜਾਂਦਾ ਹੈ ਤਾਂ ਇਹ ਦੇਸ਼ ਲਈ ਬਹੁਤ ਬੜੀ ਆਫਤ ਬਣ ਜਾਵੇਗੀ। ਹਿੰਦੂ ਲੋਕ ਚਾਹੇ ਕੁਝ ਵੀ ਕਹਿਣ ਲੇਕਿਨ ਸਚਾਈ ਇਹੀ ਹੈ ਕਿ ਹਿੰਦੂ ਧਰਮ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਲਈ ਬਹੁਤ ਵੱਡਾ ਖਤਰਾ ਹੈ। ਇਹ ਲੋਕਤੰਤਰ ਨਾਲ ਹਰਗਿਜ਼ ਮੇਲ ਨਹੀਂ ਖਾਂਦਾ। ਹਿੰਦੂ ਰਾਜ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ' (ਲਿਖਤਾਂ ਤੇ ਭਾਸ਼ਣ ਜਿਲਦ 8 ਪੰਨਾ 358)।

ਹਿੰਦੂ ਨੀਤੀਕਾਰਾਂ ਲਈ ਬਾਬਾ ਸਾਹਿਬ ਦੇ ਹਿੰਦੂ ਧਰਮ ਗ੍ਰੰਥਾਂ ਜਾਂ ਸੱਭਿਅਤਾ ਬਾਰੇ ਵਿਚਾਰ ਕੋਈ ਨਵੇਂ ਨਹੀਂ ਹਨ। ਉਹਨਾਂ ਦੁਆਰਾ ਲਿਖੀਆਂ ਪੁਸਤਕਾਂ ਅਤੇ ਰਚਿਆ ਸਾਹਿਤ ਇਹਨਾਂ ਲੋਕਾਂ ਦੇ ਸਾਹਮਣੇ ਹੈ ਬਲਕਿ ਉਸ ਦੇ ਵਿਰੁੱਧ ਭੜਕ ਕੇ ਉਹ ਦੰਗੇ ਫਸਾਦ ਵੀ ਕਰ ਚੁੱਕੇ ਹਨ (1978)। ਹਿੰਦੂ ਕੋਡ ਬਿਲ ਦੇ ਸਵਾਲ ਤੇ 1951 ਵਿਚ ਬਾਬਾ ਸਾਹਿਬ ਦੇ ਪੁਤਲੇ ਵੀ ਫੂਕ ਚੁੱਕੇ ਹਨ।

ਫਿਰ ਇਹ ਘੜੀ ਦਾ ਪੈਂਡੂਲਮ ਨਫਰਤ ਤੋਂ ਸਨਮਾਨ ਵੱਲ ਕਿਉਂ ਘੁੰਮ ਗਿਆ? ਸਵਾਲ ਹੈ ਕਿ ਇਸ ਲੁੱਟ-ਖੋਹ ਦੇ ਮਾਹੌਲ ਵਿਚ ਕੀ ਦਲਿਤ ਸਮਾਜ ਬਾਬਾ ਸਾਹਿਬ ਦੀ ਅਨਮੋਲ ਵਿਰਸਾਤ ਨੂੰ ਬਚਾ ਸਕੇਗਾ?

# ਵਿਰਸਾ : ਸਿਆਲ ਰੁੱਤ ਦਾ ਮੇਵਾ, ਸਰੋਂ ਦਾ ਸਾਗ



ਤਸਵਿੰਦਰ ਸਿੰਘ ਬੜੈਚ
91-98763-22677

ਸਿਆਲ ਰੁੱਤ ਸ਼ੁਰੂ ਹੁੰਦਿਆਂ ਸਾਰ ਹੀ ਠੰਡੀ ਤਾਸੀਰ ਵਾਲੀਆਂ ਚੀਜ਼ਾਂ ਵੱਲੋਂ ਮੂੰਹ ਮੁੜ ਗਰਮ ਚੀਜ਼ਾਂ ਵੱਲ ਹੋ ਜਾਂਦਾ ਹੈ। ਗੱਲ ਜਦੋਂ ਸਰੋਂ ਦੇ ਸਾਗ ਦੀ ਹੋਵੇ ਤਾਂ ਨਾਲ ਦੋ ਗੱਲਾਂ ਹੋਰ ਜੁੜ ਜਾਂਦੀਆਂ ਹਨ। ਗਰਮ-ਗਰਮ ਮੱਕੀ ਦੀ ਰੋਟੀ ਤੇ ਮੱਖਣ ਦਾ ਪੇੜਾ। ਪਹਿਲੇ ਸਮਿਆਂ ਵਿੱਚ ਸੁਆਣੀਆਂ ਆਪ ਸਾਗ ਖੇਤਾਂ ਵਿੱਚੋਂ ਤੋੜ ਕੇ ਲਿਆਉਂਦੀਆਂ ਹੁੰਦੀਆਂ ਸਨ। ਫਿਰ ਸਾਗ ਦੀ ਕੱਲੀ-ਕੱਲੀ ਗੰਦਲ ਨੂੰ ਛਿੱਲ ਕੇ, ਹੱਥ ਨਾਲ ਸਾਗ ਚੀਰਨ ਵਾਲੀ ਦਾਤੀ ਨਾਲ ਚੀਰਿਆ ਜਾਂਦਾ ਸੀ। ਫਿਰ ਮਿੱਟੀ ਦੀ ਤੌੜੀ ਵਿੱਚ ਲੱਕੜਾਂ, ਪਾਥੀਆਂ ਤੇ ਗੁੱਲਾਂ ਦੀ ਅੱਗ 'ਤੇ ਅੱਧਾ ਦਿਨ ਤੱਕ ਚੰਗੀ ਤਰ੍ਹਾਂ ਰਿੰਨ੍ਹਿਆਂ ਜਾਂਦਾ ਸੀ। ਸਾਗ ਵਿੱਚ ਆਲਣ ਪਾ ਕੇ ਘੋਟਣ ਵਾਲੀ ਘੋਟਣੀ ਨਾਲ ਘੋਟਿਆ ਜਾਂਦਾ ਸੀ। ਸਾਗ ਬਣ-ਾਉਣਾ ਕਾਫੀ ਮਿਹਨਤ ਦਾ ਕੰਮ ਸੀ। ਇੱਕ ਦਿਨ ਦਾ ਰਿੰਨ੍ਹਿਆ ਹੋਇਆ ਸਾਗ ਤੜਕਾ ਲਾ ਕੇ ਕਈ ਦਿਨ ਖਾਧਾ ਜਾਦਾ ਸੀ। ਗਰਮ-ਗਰਮ ਮੱਕੀ ਦੀ ਰੋਟੀ ਦੇ ਉੱਪਰ ਸਾਗ ਧਰ ਕੇ ਤੇ ਸਾਗ ਵਿੱਚ ਮੱਖਣ ਪਾ ਕੇ ਖਾਦ ਦਾ ਆਪਣਾ ਹੀ ਅਨੰਦ ਹੁੰਦਾ ਸੀ। ਮੱਕੀ ਦੀ ਰੋਟੀ ਨਾਲ ਖਾਧੇ ਸਾਗ ਦੀ ਰੀਸ ਕੋਈ ਹੋਰ ਪਕਵਾਨ ਨਹੀਂ ਕਰ ਸਕਦਾ। ਸਾਗ ਚੀਰਨ ਵਾਲੀ ਦਾਤੀ ਨਾਲ ਸਾਗ ਚੀਰਨਾ ਕਿਸੇ ਕਲਾ ਨਾਲੋਂ ਘੱਟ ਨਹੀਂ ਸੀ। ਥੋੜ੍ਹੀ ਜਿਹੀ ਅਣਗਹਿਲੀ ਵਰਤਣ ਨਾਲ ਤਿੱਖੀ ਦਾਤੀ ਉਂਗਲਾਂ ਨੂੰ ਵੱਢ ਸਕਦੀ ਸੀ।





ਹੁਣ ਸਾਗ ਖੇਤਾਂ ਵਿੱਚੋਂ ਤੋੜ ਕੇ ਲਿਆਉਣ ਦੀ ਥਾਂ ਬਾਜ਼ਾਰ ਚੋਂ ਮੁਲ ਲੈਣ ਦਾ ਰੁਝਾਨ ਵਧ ਰਿਹਾ ਹੈ। ਜਾਂ ਫਿਰ ਭਈਏ ਸਾਗ ਖੇਤਾਂ ਵਿੱਚੋਂ ਤੋੜ ਕੇ ਲਿਆਉਂਦੇ ਹਨ। ਖੇਤੀਬਾੜੀ ਨਾਲ ਜੁੜੇ ਲੋਕ ਹੀ ਘਰ ਦਾ ਸਾਗ ਖਾਂਦੇ ਹਨ, ਪਰ ਸ਼ਹਿਰਾਂ ਵਿੱਚ ਰਹਿਣ ਵਾਲੇ ਜਮੀਨਾਂ ਤੋਂ ਸੱਖਣੇ ਸਬਜ਼ੀ ਵੇਚਣ ਵਾਲੇ ਦੀ ਉਡੀਕ 'ਚ ਰਹਿੰਦੇ ਨੇ। ਹੁਣ ਸਾਗ ਹੱਥ ਵਾਲੀ ਦਾਤੀ ਨਾਲ ਨਹੀਂ ਚੀਰਿਆ ਜਾਂਦਾ, ਸਗੋਂ ਟੋਕਾ ਕਰਨ ਵਾਲੀ ਮਸ਼ੀਨ ਦੀ ਤਰ੍ਹਾਂ ਸਾਗ ਚੀਰਨ ਵਾਲੀ ਮਸ਼ੀਨ ਨਾਲ ਸਾਗ ਚੀਰ ਕੇ ਧਰਿਆ ਜਾਂਦਾ ਹੈ। ਸਾਗ ਹੁਣ ਮਿੱਟੀ ਦੀ ਤੌੜੀ ਵਿੱਚ ਘੱਟ ਹੀ ਧਰਿਆ ਜਾਂਦਾ ਹੈ। ਜਿਆਦਾ ਸਾਗ ਦੇਗ ਦੇ ਪਤੀਲਿਆਂ ਜਾਂ ਪ੍ਰੈਸ਼ਰ ਕੁੱਕਰਾਂ ਵਿੱਚ ਬਣਾਇਆ ਜਾਦਾ ਹੈ। ਹੁਣ ਅੱਧਾ ਦਿਨ ਸਾਗ ਨੂੰ ਹਾਰੇ 'ਚ ਰਿੰਨ੍ਹਣ ਦੀ ਲੋੜ ਨਹੀਂ, ਕੁੱਕਰ ਦੀਆਂ ਕੁਝ ਕੁ ਸੀਟੀਆਂ ਮਸਲਾ ਹੱਲ ਕਰ ਛੱਡਦੀਆਂ ਨੇ। ਮਿਕਸੀ ਨਾਲ ਘੋਟ ਕੇ ਆਲਣ ਪਾਇਆ ਜਾਂਦਾ ਹੈ। ਪਰ ਤੌੜੀ ਵਾਲੇ ਸਾਗ ਤੇ ਕੁੱਕਰ ਵਾਲੇ ਸਾਗ ਵਿਚਲੇ ਸਵਾਦ ਦਾ ਫਰਕ ਅੰਦਾਜ਼ਾ ਲਵਾ ਦਿੰਦਾ ਹੈ ਕਿ ਸਹਿਜਤਾ ਨਾਲ ਬਦਾਈ ਚੀਜ਼ ਤੇ ਕਾਹਲ ਵਿੱਚ ਬਣਾਈ ਚੀਜ਼ ਵਿੱਚ ਕਿੰਨਾ ਅੰਤਰ ਹੈ। ਤੌੜੀ 'ਚ ਬਣਾਇਆ ਸਾਗ ਬਹੁਤ ਹੀ ਸੁਆਦਲਾ ਬਣਦਾ ਸੀ। ਸਾਗ ਦਾ ਮੇਲ ਮੱਕੀ ਦੀ ਰੋਟੀ ਨਾਲ ਹੁੰਦਾ ਹੈ। ਤਾਹੀਓਂ ਤਾਂ ਸਾਗ ਤੇ ਮੱਕੀ ਦੀ ਰੋਟੀ ਦਾ ਜ਼ਿਕਰ ਗੀਤਾਂ ਵਿੱਚ ਵੀ ਆਉਂਦਾ ਹੈ:-

'ਮੱਕੀ ਦੀ ਰੋਟੀ ਤੇ ਸਾਗ ਵੀ ਧਰਾਂਗੇ, ਲੈ ਲਾ ਠਾਣੇਦਾਰੀ ਆਪਾਂ ਲੋਕਾਂ ਨੂੰ ਕੁੱਟਾਂਗੇ।'

ਮੱਕੀ ਦੀ ਰੋਟੀ ਪਕਾਉਣ ਲਈ ਆਟਾ ਗਰਮ ਪਾਣੀ ਨਾਲ ਗੁੰਨ੍ਹਣਾ ਪੈਂਦਾ ਹੈ। ਮੱਕੀ ਦੀ ਰੋਟੀ ਪਾਦੀ ਹੱਥ ਲਾ ਕੇ ਪਕਾਈ ਜਾਂਦੀ ਸੀ। ਚੁੱਲ੍ਹੇ ਦੀ ਵੱਟ ਨਾਲ ਲਾ ਕੇ ਰਾੜ੍ਹੀ ਜਾਂਦੀ ਸੀ। ਅੱਜ ਦੀਆਂ ਮੁਟਿਆਰਾਂ ਨੂੰ ਮੱਕੀ ਦੀ ਰੋਟੀ ਬਣਾਉਣੀ ਹੀ ਨਹੀਂ ਆਉਂਦੀ। ਬਹੁਤੇ ਪਰਿਵਾਰ ਤਾਂ ਸਾਗ ਨਾਲ ਕਣਕ ਦੀ ਰੋਟੀ ਹੀ ਖਾਂਦੇ ਹਨ। ਹੁਣ ਮੱਕੀ ਦੀ ਰੋਟੀ ਘੱਟ ਹੀ ਬਣਦੀ ਹੈ। ਹੁਣ ਲੋਕੀ ਮੱਕੀ ਵੀ ਘੱਟ ਹੀ ਬੀਜਦੇ ਹਨ। ਜਿਨ੍ਹਾਂ ਨੇ ਮੱਕੀ ਦੀ ਰੋਟੀ ਖਾਣੀ ਹੁੰਦੀ ਹੈ, ਉਹ ਬਾਜ਼ਾਰ ਵਿੱਚੋਂ ਮੱਕੀ ਦਾ ਆਟਾ ਖਰੀਦਦੇ ਹਨ। ਮੱਕੀ ਦੀ ਰੋਟੀ ਦੀ ਪਹਿਲੇ ਵਾਲੀ ਚੜ੍ਹਤ ਹੁਣ ਦਿਨੋ-ਦਿਨੋ ਘਟਦੀ ਜਾ ਰਹੀ ਹੈ ਅਤੇ ਸਰ੍ਹੋਂ ਵੀ ਪੰਜਾਬ ਦੀ ਮੁੱਖ ਫਸਲ ਨਹੀਂ ਰਹੀ। ਹੁਣ ਪਿੰਡਾਂ ਅਤੇ ਸ਼ਹਿਰਾਂ ਵਿੱਚ ਪਹਿਲਾਂ ਜਿੰਨਾਂ ਸਾਗ ਖਾਣ ਦਾ ਰਿਵਾਜ਼ ਹੀ ਨਹੀਂ ਰਿਹਾ। ਨਾ ਹੀ ਅੱਜ ਦੀ ਪੀੜ੍ਹੀ ਦੀਆਂ ਬਹੁਤੀਆਂ ਜਨਾਨੀਆਂ ਸਾਗ ਬਣ ਕੈ ਰਾਜ਼ੀ ਹਨ। ਅੱਜ ਦੀ ਪੀੜ੍ਹੀ ਨੂੰ ਸਰਦੀਆਂ ਦੇ ਇਸ ਲਜ਼ੀਜ਼ ਤੋਹਫੇ ਸਾਗ ਦਾ ਸਵਾਦ ਇੱਕ ਵਾਰ ਜਰੂਰ ਚੱਖਣਾ ਚਾਹੀਦਾ ਹੈ।

ਇਕ ਤੋਂ ਵਿਸਤਾਰ ਹੋਇਆ, ਇਸ ਵਿੱਚ ਹੁਣ ਸ਼ੱਕ ਦੀ ਗੁੰਜਾਇਸ਼ ਕਿੱਥੇ ਹੈ। ਧਰਮ ਤੋਂ ਲੈ ਕੇ ਸਾਇੰਸ ਤੱਕ ਇਸ ਗੱਲ ਦੀ ਪੁਸ਼ਟੀ ਵੀ ਕਰ ਚੁੱਕੇ ਹਨ। ''ਅਰਬਦ ਨਰਬਦ ਧੁੰਦੂਕਾਰਾ'' ਤੋਂ ਹੁਣ ਤੱਕ ਏਕ ਤੋਂ ਅਨੇਕ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਸਚਾਈ ਨੂੰ ਚੰਗੀ ਤਰਾਂ ਜਾਣਦੇ ਹੋਏ ਵੀ ਅਸੀਂ ਸਭ ਤੇਰੀ ਮੇਰੀ ਦੀ ਦੁਨੀਆ 'ਚ ਘਿਰੇ ਹੋਏ ਹਾਂ। ਹਰ ਰੋਜ਼ ਸਾਡੇ ਨਾਲ ਕੋਈ ਨਾ ਕੋਈ ਇਹੋ ਜਿਹਾ ਵਰਤਾਰਾ ਵਾਪਰਦਾ ਰਹਿੰਦਾ ਹੈ ਜਿਸ ਨਾਲ ਅਸੀਂ ਇਹ ਅਹਿਸਾਸ ਕਰ ਵੀ ਲੈਂਦੇ ਹਾਂ ਕਿ ਅਸੀਂ 'ਇਕ' ਹਾਂ ਪਰ ਫੇਰ ਵੀ ਦੁਨੀਆਦਾਰੀ ਇਸ ਕਦਰ ਪਲੀਤੀ ਗਈ ਕਿ ਇਕ ਢਿੱਡੋਂ ਜੰਮੇ ਵੀ ਅਲੱਗ-ਅਲੱਗ ਹੋਣ ਦਾ ਰਾਗ ਅਲਾਪ ਰਹੇ ਹਾਂ। ਜਿੰਨਾ ਮਰਜ਼ੀ ਹੱਦਾਂ ਬੰਨੇ ਖਿੱਚ ਲਈਏ। "ਏਕਸ ਕੇ ਹਮ ਬਾਰਿਕ'' ਵਾਲੀ ਹੋਂਦ ਨੂੰ ਝੁਠਲਾ ਨਹੀਂ ਸਕਦੇ। ਹੁਣ ਗੱਲ ਆਉਂਦੀ ਹੈ ਕਿ ਜਦੋਂ ਅਸੀਂ ਇਕ ਦਾ ਹਿੱਸਾ ਹਾਂ ਤਾਂ ਕੁਝ ਨਾ ਕੁਝ ਸਮਾਨਤਾਵਾਂ ਤਾਂ ਹੋਣੀਆਂ ਲਾਜ਼ਮੀ ਹਨ। ਕੁਝ ਵਕਤ ਪਹਿਲਾਂ ਇਕ ਇਹੋ-ਜਿਹੀ ਸਮਾਨਤਾ ਨੇ ਮੈਨੂੰ ਆਪਣੇ ਵੱਲ ਖਿੱਚਿਆ। ਜਦੋਂ ਮੈਂ ਇਕ ਗੋਰੇ ਪੀਟਰ ਦੇ ਘਰ 'ਚ ਲੱਗੀ ਹੋਈ ਇਕ ਤਸਵੀਰ ਦੇਖੀ, ਤਸਵੀਰ ਕਾਹਦੀ ਸੀ ਮੇਰਾ ਨਿਰਾ ਪੁਰਾ ਹੰਢਾਇਆ ਬਚਪਨ ਸੀ..

## 'ਘੁੱਤੀ ਪਾ'




ਧੁੰਦਲੇ ਰੰਗ ਵਾਲੀ ਕੰਧ 'ਤੇ ਮੁਸਕਰਾਉਂਦੀ ਓਸ ਤਸਵੀਰ ਦੇ ਰੰਗ ਖਿੜ ਖਿੜ ਪੈ ਰਹੇ ਸੀ ਜਿਵੇਂ ਬਹਾਰ ਰੁੱਤੇ ਸੱਜਰੇ ਫੁੱਲ ਕਲੀਆਂ ਟਹਿਕ ਰਹੇ ਹੋਣ.... ਓਸ ਤਸਵੀਰ ਵਿੱਚ ਗਲੀ ਦੇ ਕੁਝ ਬੱਚੇ ਗੋਲ਼ੀਆਂ.... ਜਿਨ੍ਹਾਂ ਨੂੰ ਅਸੀਂ ਤੁਸੀਂ ਬੰਟੇ ਵੀ ਕਹਿੰਦੇ ਆਂ, ਖੇਡ ਰਹੇ ਸੀ.... ਤੇ ਕੁਝ ਉਨ੍ਹਾਂ ਦੁਆਲੇ ਝੁਰਮਟ ਬਣਾ ਕੇ ਦਰਸ਼ਕ ਬਣੇ ਗੋਲ਼ੀਆਂ 'ਤੇ ਟਿਕਦੀਆਂ ਨਿਸ਼ਾਨੇ ਮਿਥਦੀਆਂ ਉਂਗਲਾਂ ਨੂੰ ਨੀਝ ਨਾਲ ਦੇਖ ਰਹੇ ਸਨ। ਸੱਠ ਕੁ ਵਰ੍ਹਿਆਂ ਦੇ ਪੀਟਰ ਨੂੰ ਜਦੋਂ ਮੈਂ ਪੁੱਛਿਆ ਕਿ ਤੁਹਾਡੇ ਕਲਚਰ 'ਚ ਵੀ 'ਘੁੱਤੀ ਪਾ' ਖੇਡਣ ਦਾ ਰਿਵਾਜ ਸੀ? ਸਵਾਲ ਤਾਂ ਮੇਰਾ ਸਹਿਜ ਜਿਹਾ ਹੀ ਸੀ, ਪਰ ਜਿਵੇਂ ਮੈਂ ਪੀਟਰ ਦੀ ਦੁਖਦੀ ਰਗ ਤੇ ਹੱਥ ਧਰ ਦਿੱਤਾ ਹੋਵੇ। ਪੀਟਰ ਨੇ ਤਸਵੀਰ ਵੱਲ ਦੇਖਿਆ, ਤਾਂ ਉਸ ਦੀਆਂ ਅੱਖਾਂ ਛਿਣ ਭਰ ਵਿੱਚ ਅਤੀਤ ਦੇ ਚੋਅ 'ਚੋਂ ਪਾਣੀ ਭਰ ਲਿਆਈਆਂ। ਭਰੜਾਈ 'ਵਾਜ ਨਾਲ ਕਹਿੰਦਾ-ਕਿੰਨੇ ਵਧੀਆ ਦਿਨ ਸਨ 'ਉਹ'! .. ਜਦੋਂ ਮੈਂ ਪਿਛਲੀ ਕੰਧ ਟੱਪ ਕੇ ਮਾਂ ਤੋਂ ਚੋਰੀ ਜੁਆਕਾਂ ਨਾ਼ਲ ਗੋਲੀਆਂ ਖੇਡਣ ਚਲਾ ਜਾਂਦਾ ਸੀ। ਮੇਰੀ ਮਾਂ ਮੈਨੂੰ ਭਾਲਦੀ ਰਹਿੰਦੀ ਤੇ ਸਾਡਾ ਕੁੱਤਾ ਟਿਪਸੀ ਮੈਨੂੰ ਭਾਲਣ 'ਚ ਮੇਰੀ ਮਾਂ ਦੀ ਮਦਦ ਕਰਿਆ ਕਰਦਾ ਸੀ ਤੇ ਫੇਰ ਕਈ ਵਾਰ ਮੈਂ ਵਿਚਾਰੇ ਟਿਪਸੀ ਦੀ ਛਿੱਤਰ ਪਰੇਡ ਵੀ ਕਰ ਦਿੰਦਾ ਸੀ ਕਿ ਤੂੰ ਮਾਂ ਨੂੰ ਦੱਸਿਆ ਬਈ ਅਸੀਂ ਕਿਥੇ ਖੇਡ ਰਹੇ ਸਾਂ। ਪੀਟਰ ਦੀ ਇਹ ਗੱਲ ਮੁੱਕਦੇ-ਮੁੱਕਦੇ ਉਸ ਦੀਆਂ ਅੱਖਾਂ ਦਾ ਪਾਣੀ ਵੀ ਸੁੱਕ ਗਿਆ ਸੀ, ਉਮਰ ਦੇ ਤਕਾਜ਼ੇ ਨਾਲ ਮੁਰਝਾ ਰਹੇ ਚਿਹਰੇ ਤੇ ਕੇਰਾਂ ਤਾਂ ਰੌਣਕ ਜਿਹੀ ਖੇਡਣ ਲੱਗੀ.. ਮੈਂ ਕਿਤੇ ਗੁਆਚ ਜਿਹਾ ਗਿਆ ਸੀ.. ਪਰ ਪੀਟਰ ਦੇ ਬੋਲਾਂ ''ਹੇ ਮੈਨ ਤੂੰ ਰੋ ਰਿਹੈਂ?'' ਨੇ ਜਦੋਂ ਇਕ ਝਟਕੇ ਨਾਲ ਮੈਨੂੰ ਉਸ ਦੀ ਇਸ ਗੱਲਬਾਤ ਦੇ ਵਹਿਣ 'ਚੋਂ ਧੂਹ ਕੇ ਬਾਹਰ ਕੱਢਿਆ ਤਾਂ ਮੈਂ ਝੂਠ ਬੋਲ ਦਿੱਤਾ- ਕਿਹਾ "ਨਹੀਂ ਤਾਂ।'' ਪਰ ਅੱਖਾਂ ਦਾ ਪਾਣੀ ਬਾਗ਼ੀ ਹੋ ਕੇ ਗੱਲਾਂ ਤੱਕ ਪਹੁੰਚ ਚੁੱਕਿਆ ਸੀ।



ਮਿੰਟੂ ਬਰਾੜ ਆਸਟ੍ਰੇਲੀਆ
+61 434 289 905

ਪੀਟਰ ਮੇਰੇ ਅੱਥਰੂਆਂ ਤੋਂ ਸ਼ਾਇਦ ਹੈਰਾਨ ਜਿਹਾ ਹੋਇਆ ਸੀ.. ਉਹ ਨੇ ਵਿਚਾਰਗੀ ਜਿਹੀ ਨਾਲ ਪੁੱਛਿਆ- "ਮੇਰੇ ਤੋਂ ਕੋਈ ਗ਼ਲਤੀ ਹੋ ਗਈ?.. "ਤੇ ਮੇਰਾ ਜੁਆਬ ਉਡੀਕੇ ਬਿਨਾ ਆਂਹਦਾ- "ਲੱਗਦੈ ਮੈਂ ਤੇਰੀ ਕੋਈ ਯਾਦ ਤਾਜ਼ਾ ਕਰਾ ਦਿੱਤੀ?''

ਮੇਰੀਆਂ ਅੱਖਾਂ ਮੂਹਰੇ ਉਹ ਦ੍ਰਿਸ਼ ਇਕ ਪਲ 'ਚ ਘੁੰਮ ਗਏ ਸਨ ਜਦੋਂ ਮੈਂ ਘਰਦਿਆਂ ਤੋਂ ਚੋਰੀ ਗੋ਼ਲੀਆਂ ਵਾਲੀ ਪੀਪੀ ਚੁੱਕ ਕੇ 'ਸੁਰਿੰਦਰ ਸੇਠ' ਦੀ ਦੁਕਾਨ ਮੂਹਰੇ ਖੇਡ ਰਹੇ ਜੁਆਕਾਂ ਨਾ਼ਲ ਸਾਰਾ-ਸਾਰਾ ਦਿਨ ਖੇਡੀ ਜਾਣਾ। ਸਾਡੇ ਪਸੂ-ਡੰਗਰ ਸਾਂਭਣ ਵਾਲੇ ਪਾਲੀ ਨੇ ਮਾਂ ਨੂੰ ਦੱਸ ਦੇਣਾ ਤੇ ਮਾਂ ਨੇ ਕੰਨ ਤੋਂ ਫੜ ਕੇ ਘਰੇ ਲੈ ਆਉਣਾ ਤੇ ਫੇਰ ਜਿੰਨੀਆਂ ਕੁ ਮੇਰੇ ਪੈਣੀਆਂ, ਆਪਾਂ ਵੇਲਾ ਕੁਵੇਲਾ ਦੇਖ ਉਹ ਸਾਰੀਆਂ ਅੱਗੇ ਵਿਚਾਰੇ ਪਾਲੀ ਨੂੰ ਟਰਾਂਸਫ਼ਰ ਕਰ ਦੇਣੀਆਂ। ਮਾਂ ਤੋਂ ਕੁੱਟ ਖਾਂਦੇ ਨੇ ਬੱਸ ਇਹੀ ਕਹੀ ਜਾਣਾ- ''ਬਈ ਜਦੋਂ ਕਬੀਲਦਾਰੀ ਮੇਰੇ ਹੱਥ ਆ ਗਈ ਨਾ, ਸਾਰਾ ਦਿਨ ਗੋ਼ਲੀਆਂ ਖੇਡਿਆ ਕਰੂੰ, ਹਟਾਇਓ ਫੇਰ....।''

ਤੇ ਹੁਣ ਪੀਟਰ ਮੇਰੇ ਵਹਿਣ 'ਚ ਵਹਿ ਤੁਰਿਆ ਸੀ। ਉਹਦਾ ਗੱਚ ਫੇਰ ਭਰ ਆਇਆ.. ਆਂਹਦਾ- ''ਫੇਰ ਤੂੰ ਜਦੋਂ ਆਪਣੇ ਪੈਰਾਂ ਤੇ ਖੜ੍ਹਾ ਹੋਇਆ ਤਾਂ ਖ਼ੂਬ ਗੋ਼ਲੀਆਂ ਖੇਡਿਆ?'' ਉਹਦੇ ਸਵਾਲ 'ਚ ਵੀ ਤੇ ਉਹਦਿਆਂ ਅੱਥਰੂਆਂ ਨਾਲ ਭਰੀਆਂ ਨਜ਼ਰਾਂ ਵਿੱਚ ਵੀ ਸ਼ਰਾਰਤ ਝਲਕ ਰਹੀ ਸੀ। ਮੈਂ ਸੰਭਲਦਿਆਂ ਕਿਹਾ, "ਨਾ ਓਏ ਭਰਾਵਾ.... ਹੁਣ ਤਾਂ ਕਦੇ ਸੁਪਨੇ 'ਚ ਵੀ ਗੋ਼ਲੀਆਂ ਖੇਡਣ ਨੂੰ ਜੀਅ ਨਹੀਂ ਕੀਤਾ।'' ਪੀਟਰ ਨੇ ਮਿੱਠਾ ਜਿਹਾ ਨਹੋਰਾ ਮਾਰਿਆ, ਕਹਿੰਦਾ- "ਸੋ ਤੂੰ ਉਨ੍ਹਾਂ ਦਿਨਾਂ ਨੂੰ ਵਿਸਾਰ ਗਿਐਂ ਤੇ ਲੱਗਦੈ ਚੇਤੇ ਵੀ ਨਹੀਂ ਰੱਖਣਾ ਚਾਹੁੰਦਾ?''

ਮੇਰੇ ਧੁਰ ਅੰਦਰੋਂ ਕੁਝ ਨਿਕਲਿਆ, ਖੌਰੇ ਹਉਕਾ ਹੋਣੈ.. .. ਮੈਂ ਕਿਹਾ- "ਬੱਸ ਇੰਝ ਹੀ ਸਮਝ ਲੈ।'' ਉਹ ਕਹਿੰਦਾ- ''ਪਰ ਮੈਂ ਸਾਰੀ ਉਮਰ ਉਹ ਦਿਨ ਨਹੀਂ ਭੁੱਲਣਾ ਚਾਹੁੰਦਾ। ਅੱਜ ਵੀ ਕਦੇ-ਕਦੇ ਸੁਪਨੇ 'ਚ ਖੇਡ ਆਉਨਾਂ। ਇਸੇ ਲਈ ਇਹ ਤਸਵੀਰ ਲਾ ਰੱਖੀ ਹੈ ਕਿ ਕਿਤੇ 'ਉਹ' ਦਿਨ ਭੁੱਲ ਨਾ ਜਾਵਾਂ।''

ਫੇਰ ਪੀਟਰ ਨੂੰ ਮੇਰੇ ਨਾਲ ਤੇ ਮੈਨੂੰ ਪੀਟਰ ਨਾਲ ਦਿਖਾਵੇ ਲਈ ਸਾਂਝ ਦੀ ਲੋੜ ਹੀ ਨਾ ਪਈ, ਕੁਝ ਵੀ ਸਾਂਝਾ ਨਹੀਂ ਸੀ ਸਾਡਾ, ਨਾ ਜਨਮ ਭੂਮੀ-ਨਾ ਕਲਚਰ.... ਪਰ ਇਕ ਸਾਂਝ ਬਾਕੀ ਅਸਾਂਝਾਂ ਦੇ ਸਿਰ ਚੜ ਬੋਲ ਰਹੀ ਸੀ ਕਿ ਅਸੀਂ ਦੋਵੇਂ ਹੀ ਉਹ ਬੀਤੇ ਦਿਨ ਮੁੜ ਹੰਢਾਉਣਾ ਚਾਹੁੰਦੇ ਸਾਂ...... ਪੀਟਰ ਨੇ ਪਹਿਲ ਕਰਦਿਆਂ ਕਿਹਾ- ''ਅੱਜ ਤੋਂ ਆਪਾਂ ਆੜੀ ਬਣ ਗਏ ਤੇ ਹੁਣ ਜਦੋਂ ਤੂੰ ਮੈਨੂੰ ਆਪਣੇ ਜਨਮ ਦਿਨ ਤੇ ਸੱਦੇਂਗਾ ਤਾਂ ਮੈਂ ਤੈਨੂੰ ਇਹੋ ਜਿਹੀ ਇੱਕ ਤਸਵੀਰ ਗਿਫ਼ਟ ਕਰਾਂਗਾ। ਮੈਨੂੰ ਇਹ ਫ਼ੋਟੋ ਮੇਰੀ ਮਾਂ ਨੇ ਮੇਰੇ ਇਕ ਜਨਮ ਦਿਨ ਤੇ ਦਿੱਤੀ ਸੀ ਤੇ ਨਾਲੇ ਆਪਣੇ ਅੰਤਲੇ ਦਿਨਾਂ 'ਚ ਉਹ ਮੈਨੂੰ ਕਿਹਾ ਕਰਦੀ ਸੀ ਕਿ ਜੇ ਸਰਕਾਰ ਗੋ਼ਲੀਆਂ ਖੇਡਣ ਦੇ ਮੁਕਾਬਲੇ ਕਰਾਉਂਦੀ ਹੁੰਦੀ ਤਾਂ ਮੇਰੇ ਪੁੱਤ ਨੇ ਆਸਟ੍ਰੇਲੀਆ ਦਾ ਚੈਂਪੀਅਨ ਹੋਣਾ ਸੀ।'' ਪੀਟਰ ਬਹੁਤ ਕੁਝ ਦੱਸ ਰਿਹਾ ਸੀ, ਤੇ ਮੈਂ ਵੀ ਓਥੇ ਠਹਿਰ ਜਾਣਾ ਚਾਹੁੰਦਾ ਸੀ, ਪਰ ਇਹ ਚੰਦਰਾ ਵਕਤ! ਕਿਥੇ ਕੁਝ ਠਹਿਰਨ ਦਿੰਦਾ.. ਮੈਨੂੰ ਕੰਮ ਨਿਬੇੜਨ ਦਾ ਚੇਤਾ ਆਇਆ, ਤੇ ਮੈਂ ਪੀਟਰ ਦੀ ਇਜਾਜ਼ਤ ਨਾਲ ਉਸ ਤਸਵੀਰ ਨੂੰ ਆਪਣੇ ਕੈਮਰੇ ਵਿੱਚ ਕੈਦ ਕਰ ਲਿਆ.... ਫੇਰ ਆਪਣਾ ਕੰਮ ਮੁਕਾਅ ਕੇ ਘਰ ਵਾਪਸ ਆਉਣ ਲੱਗਿਆ ਤਾਂ ਪੀਟਰ ਕਹਿੰਦਾ- "ਉਂਜ ਤਾਂ ਹੁਣ ਮੇਰਾ ਢਿੱਡ ਗੋਡਿਆਂ 'ਚ ਨਹੀਂ ਆਉਂਦਾ ਪਰ ਜੇ ਤੂੰ ਕਹੇਂ ਤਾਂ ਐਸ ਵੀਕ ਐਂਡ ਤੇ 'ਘੁੱਤੀ ਪਾ' ਖੇਡੀਏ?'' ਉਹਦੇ ਬੋਲਾਂ 'ਚ ਫੇਰ ਸ਼ਰਾਰਤ ਸੀ ਤੇ ਮੇਰਾ ਮਨ ਤਾਂ ਬੱਸ ਭਰਿਆ ਪਿਆ ਸੀ।

ਮੈਂ ਆਪਣੇ ਪਿਛਲੇ ਸੱਤ ਸਾਲਾਂ ਦੇ ਆਸਟ੍ਰੇਲੀਆ ਪਰਵਾਸ ਵਿਚ ਪਹਿਲੀ ਵਾਰ ਭਰੀਆਂ ਅੱਖਾਂ ਨਾਲ ਜੌਬ ਕੀਤੀ ਤੇ ਇਕ ਵੱਖਰਾ ਜਿਹਾ ਅਹਿਸਾਸ ਮਨ ਅੰਦਰ ਲੈ ਕੇ ਪੀਟਰ ਨੂੰ ਬਿਨਾਂ ਹਾਂ ਨਾਂਹ ਕਹੇ "ਇਕ ਦੀ ਉਪਜ'' ਹੋਣ ਬਾਰੇ ਸੋਚਦਾ ਘਰ ਪਰਤ ਆਇਆ, ਜਿੱਥੇ ਮੇਰੀਆਂ ਕਬੀਲਦਾਰੀਆਂ ਮੈਨੂੰ ਉਡੀਕ ਰਹੀਆਂ ਸਨ

# ਸਿੰਗਲ ਟ੍ਰੈਕ 'ਸਹੇਲੀਆਂ' ਨਾਲ ਮੁੜ ਚਰਚਾ 'ਚ ਮਨਰਾਜ ਭੌਰਾ

ਮੋਗਾ– ਪੰਜਾਬੀ ਲੋਕ ਗਾਇਕ ਸਵ: ਜਨਾਬ ਕੁਲਦੀਪ ਪਾਰਸ ਤੋਂ ਗਾਇਕੀ ਦੀਆਂ ਬਰੀਕੀਆਂ ਦੀ ਗੁੜ੍ਹਤੀ ਲੈ ਕੇ ਅੱਜ 13 ਸਾਲ ਪਹਿਲਾਂ ਪੰਜਾਬੀ ਗਾਇਕੀ ਦੇ ਖੇਤਰ 'ਚ ਕਦਮ ਰੱਖਣ ਵਾਲਾ ਯੂਰਪ ਦਾ ਮਾਣਮੱਤਾ ਲੋਕ ਗਾਇਕ ਮਨਰਾਜ ਭੌਰਾ ਅੱਜ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ। ਉਸਤਾਦ ਪਾਰਸ ਦੇ ਬੇਵਕਤ ਵਿਛੋੜੇ ਨਾਲ ਭੌਰੇ ਦੀ ਗਾਇਕੀ ਵਿਚ ਜਿੱਥੇ ਦਰਦ ਨੇ ਘਰ ਕੀਤਾ, ਉਥੇ ਉਸ ਲਈ ਗਾਇਕੀ ਦੇ ਖੇਤਰ ਵਿਚ ਉਸਤਾਦ ਦੀਆਂ ਯਾਦਾਂ ਉਸ ਨੂੰ ਸਦਾ ਹੀ ਹੱਲਾਸ਼ੇਰੀ ਦਿੰਦੀਆਂ ਰਹਿੰਦੀਆਂ ਹਨ ਅਤੇ ਉਹ ਹਰ ਪਲ ਨਵੇਂ ਰਾਹਾਂ ਦਾ ਰਾਹੀ ਹੈ, ਕੁਝ ਵੱਖਰਾ ਹੀ ਕਰਨ ਦਾ ਮਨ ਬਣਾਈ ਰੱਖਦਾ ਹੈ। ਯੂਰਪ ਦੀ ਧਰਤੀ ਆਸਟਰੀਆ ਦੇ ਸ਼ਹਿਰ ਵਿਆਨਾ ਰਹਿਣ ਵਾਲੇ ਮਨਰਾਜ ਪੰਜਾਬੀ ਮਾਂ-ਬੋਲੀ ਨੂੰ ਯੂਰਪ ਵਿਚ ਪ੍ਰਫੁੱਲਿਤ ਕਰਨ ਲਈ ਦਿਲੋਂ ਯਤਨਸ਼ੀਲ ਹੈ। ਮਨਰਾਜ ਭੌਰਾ ਨੇ ਦੱਸਿਆ ਕਿ ਉਹਦੀ ਪਹਿਲੀ ਟੇਪ 'ਬਾਪੂ' ਸੋਨ 2011 ਵਿਚ ਗੋਇਲ ਕੰਪਨੀ ਨੇ ਪੰਜਾਬੀ ਸਰੋਤਿਆਂ ਦੇ ਸਨਮੁਖ ਪੇਸ਼ ਕੀਤੀ। ਜਿਸ ਦਾ ਭੌਰਾ ਨੂੰ ਸਰੋਤਿਆਂ ਵੱਲੋਂ ਰੱਜਵਾਂ ਪਿਆਰ ਹੀ ਨਹੀਂ ਮਿਲਿਆ, ਸਗੋਂ ਭੌਰੇ ਦਾ ਆਪਣਾ ਸਰੋਤਿਆਂ ਨਾਲ ਅਟੁੱਟ ਰਿਸ਼ਤਾ ਵੀ ਬਣ ਗਿਆ। ਫਿਰ 2013 ਵਿਚ 'ਹਾਂ' ਜਾਂ 'ਨਾਂਹ' ਆਨੰਦ ਮਿਊਜ਼ਿਕ ਕੰਪਨੀ ਵੱਲੋਂ ਅਤੇ 2015 ਵਿਚ ਬਾਬਾ ਰਵਿਦਾਸ ਬਾਣੀ ਵਿਚ 'ਵਾਸ ਸਿੰਗਲ ਟ੍ਰੈਕ', 'ਇਕ ਤੇਰਾ ਸਹਾਰਾ' ਅਮਰ ਆਡੀਓ ਤੇ 'ਜੀ ਕਰਦਾ' ਸਪੀਡ ਰਿਕਾਰਡਜ਼ ਕੰਪਨੀ ਆਦਿ ਵੱਲੋਂ ਪੇਸ਼ਕਾਰੀਆਂ ਨੇ ਪੰਜਾਬੀ ਗਾਇਕੀ ਖੇਤਰ ਵਿਚ ਭੌਰਾ ਨੂੰ ਅਜਿਹੀ ਸਥਿਰਤਾ ਦਿੱਤੀ ਕਿ ਜੇ ਹੋਰ ਗਾਇਕਾਂ ਦੇ ਹਿੱਸੇ ਬਹੁਤ ਘੱਟ ਆਉਂਦਾ ਹੈ। ਅੱਜ ਯੂਰਪ ਤੋਂ ਇਲਾਵਾ ਮਨਰਾਜ ਨੂੰ ਦੁਨੀਆਂ ਭਰ ਵਿਚ ਅਣਗਿਣਤ ਚਹੇਤੇ ਅਜਿਹੇ ਹਨ ਜੋ ਹਮੇਸ਼ਾ ਹੀ ਉਸ ਦੇ ਨਵੇਂ ਗਾਣਿਆਂ ਦੀ ਉਡੀਕ ਵਿਚ ਰਹਿੰਦੇ ਹਨ। ਆਪਣੀ ਸਿੰਗਲ ਟ੍ਰੈਕ ਦੀ ਨਿਵੇਕਲੀ ਪੇਸ਼ਕਾਰੀ 'ਸਹੇਲੀਆਂ' ਸਪੀਡ ਰਿਕਾਰਡਜ਼ ਕੰਪਨੀ ਦੇ ਬੈਨਰ ਹੇਠ ਆਪਣੇ ਸੁਣਨ ਵਾਲਿਆਂ ਦੀ ਝੋਲੀ ਪਾਉਣ ਜਾ ਰਿਹਾ ਹੈ। ਜਿਸ ਨੂੰ ਜਿੱਥੇ ਬੀਟ ਮਨਿਸਟਰ ਆਪਣੇ ਮਿਊਜ਼ਿਕ ਨਾਲ ਸ਼ਿੰਗਾਰਿਆ ਹੈ, ਉਥੇ ਹੀ ਦੁਆਬੇ ਦੀ ਜਾਨ ਪ੍ਰਸਿੱਧ ਗੀਤਕਾਰ ਦੀਪ ਅਲਾਚੋਰੀਆ ਨੇ ਲਿਖਿਆ ਅਤੇ ਪੇਸ਼ ਕੀਤਾ ਹੈ।



**-ਬਲਰਾਜ ਸਿੰਘ ਜੱਖੂ 91-98150-65177**

# ਨੋਟਬੰਦੀ ਗਰੀਬ ਵਰਗ ਲਈ ਬਣੀ ਮੁਸੀਬਤ, ਲੋਕਾਂ ਨੇ 7 ਵਜੇ ਹੀ ਲਾਈਆਂ ਕਤਾਰਾਂ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦੇ ਫੈਸਲੇ ਤੋਂ ਬਾਅਦ ਮੱਧ ਵਰਗੀ ਪਰਿਵਾਰ ਮੁਸੀਬਤ ਵਿਚ ਫਸ ਗਏ। ਪਿੰਡ ਘੱਲ ਕਲਾਂ ਦੇ ਪੰਜਾਬ ਨੈਸ਼ਨਲ ਬੈਂਕ ਦੇ ਬਾਹਰ ਖਾਤਾਧਾਰਕ ਸਵੇਰੇ ਸੱਤ ਤੋਂ ਹੀ ਲੰਮੀਆਂ-ਲੰਮੀਆਂ ਕਤਾਰਾਂ ਲਗਾ ਲੈਂਦੇ ਹਨ। ਦੋ ਲੱਖ ਦਾ ਕੈਸ਼ ਇਕ ਘੰਟੇ ਵਿਚ ਹੀ ਖਤਮ ਹੋ ਜਾਂਦਾ ਹੈ ਤੇ ਜ਼ਿਆਦ-ਾਤਰ ਖਾਤਾਧਾਰਕ ਹਰ ਰੋਜ਼ ਨਿਰਾਸ਼ ਹੋ ਕੇ ਮੁੜ ਜਾਂਦੇ ਹਨ ਤੇ ਉਹ ਮੋਦੀ ਨੂੰ ਕੋਸਣ ਲੱਗ ਪੈਂਦੇ ਹਨ।

ਬੈਂਕ ਵਾਲੇ ਜੋ ਨੋਟ ਦਿੰਦੇ ਹਨ, ਉਹ 2000 ਰੁਪਏ ਦੇ ਹੀ ਹੁੰਦੇ ਹਨ, ਜਿਨਾਂ ਨੂੰ ਕੋਈ ਖੁੱਲ੍ਹੇ ਕਰਨ ਲਈ ਵੀ ਤਿਆਰ ਨਹੀਂ ਹੁੰਦਾ ਤੇ ਉਹ ਭਟਕਦੇ ਤੁਰੇ ਫਿਰਦੇ ਹਨ। ਸਭ ਕਾਰੋਬਾਰੀਆਂ ਦਾ ਮੰਦਾ ਪਿਆ ਹੋਇਆ ਹੈ। ਇਕ ਸਾਹ ਦੀ ਮਰੀਜ਼ ਜਸਵੰਤ ਕੌਰ ਨੇ ਦੱਸਿਆ ਕਿ ਸਾਨੂੰ 3 ਦਿਨ ਹੋ ਗਏ ਹਨ ਲਾਈਨ ਵਿਚ ਲੱਗਦਿਆਂ ਨੂੰ। ਜਦੋਂ ਸਾਡੀ ਵਾਰੀ ਆਉਂਦੀ ਹੈ ਤਾਂ ਕੈਸ਼ ਮੁੱਕ ਜਾਂਦਾ ਹੈ, ਜਿਸ ਕਰਕੇ ਮੈਨੂੰ ਸਾਹ ਲੈਣਾ ਔਖਾ ਹੋ ਗਿਆ ਤੇ ਅੱਜ ਕਿਸੇ ਤੋਂ 100 ਰੁਪਏ ਫੜ ਕੇ ਟੀਕਾ ਲਗਵਾ ਕੇ ਆਈ ਹਾਂ।




ਪਿੰਡ ਘੱਲ ਕਲਾਂ ਦੇ ਕਿਸਾਨ ਰੇਸ਼ਮ ਸਿੰਘ ਬਰਾੜ ਅਤੇ ਜਸਵੰਤ ਸਿੰਘ ਗਿੱਲ ਨੇ ਅਤੇ ਹੋਰ ਮਜ਼ਦੂਰਾਂ ਨੇ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਦਾ ਇਹ ਫੈਸਲਾ ਸਹੀ ਹੋਵੇਗਾ ਪਰ ਜਿਸ ਪ੍ਰਕਾਰ ਇਸਨੂੰ ਅਸਲੀ ਜਾਮਾ ਪਹਿਨਾਇਆ ਗਿਆ ਹੈ, ਉਹ ਬਿਲਕੁਲ ਹੀ ਗਲਤ ਹੈ। ਸਾਰੇ ਕੰਮ ਠੱਪ ਹੋ ਗਏ ਹਨ। ਕਿਸੇ ਪਾਸੇ ਤੋਂ ਵੀ ਕੋਈ ਰਾਹਤ ਨਹੀਂ ਮਿਲ ਰਹੀ। 2000 ਰੁਪਏ ਕੋਈ ਕਿਸੇ ਨੂੰ ਟੁੱਟੇ ਦੇਣ ਨੂੰ ਤਿਆਰ ਨਹੀਂ ਹੈ। ਸੋ ਲੋਕਾਂ ਦੀ ਮੰਗ ਹੈ ਕਿ ਸਰਕਾਰ ਨੂੰ ਨੋਟਬੰਦੀ ਕਾਰਨ ਹੋਈਆਂ ਸਮੱਸਿਆਵਾਂ ਜਲਦੀ ਹੱਲ ਕਰਨੀਆਂ ਚਾਹੀਦੀਆਂ ਹਨ।

**-ਡਾ ਬਲਰਾਜ ਸਿੰਘ ਜੱਖੂ**

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

# ਜਨਾਬ ਆਜ਼ਾਦ ਜਲੰਧਰੀ ਜੀ ਦੀਆਂ ਕੁਝ ਧਾਰਮਿਕ ਰਚਨਾਵਾਂ

### ਨਬੀ ਅਵਤਾਰ ਸੀ ਨਾਨਕ

ਉਹ ਪੈਗ਼ੱਮਬਰ ਮਸੀਹਾ ਸੀ
ਨਬੀ ਅਵਤਾਰ ਸੀ ਨਾਨਕ।

ਅਮਨ ਤੇ ਪਿਆਰ ਦਾ ਸੱਚਾ
ਅਲਮ ਬਰਦਾਰ ਸੀ ਨਾਨਕ।

ਵਟਾਕੇ ਭੇਸ ਇਨਸਾਨੀ ਪ੍ਰਭੂ
ਆਇਆ ਸੀ ਧਰਤੀ ਤੇ।

ਪਿਤਾ ਕਾਲੂ ਰਾਏ ਦਾ ਇਕੋ
ਬਰੱਖੁਰਦਾਰ ਸੀ ਨਾਨਕ।

ਔਹਦੇ ਹੱਥਾਂ ਚਿ ਸੋਟੀ ਸੀ
ਔਹਦੇ ਮੋਹਡੇ ਤੇ ਭੂਰੀ ਸੀ।

ਔਹ ਮੱਝੀਆਂ ਚਾਰਦਾ ਸੰਸਾਰਦਾ
ਸ਼ਿੰਗਾਰ ਸੀ ਨਾਨਕ।

ਹਰੇ ਕੀਤੇ ਓਹਨੇ ਓਜੜੇ ਹੋਏ ਸਨ
ਖੇਤ ਫਿਰ ਮੁੜਕੇ।

ਔਹ ਪਰਵਰਦਗਾਰ ਦਾ ਸੱਚਾ
ਇਬਾਦਤਗਾਰ ਸੀ ਨਾਨਕ।

ਔਹਦੇ ਨੈਣਾਂ ਚਿ ਮਸਤੀ ਸੀ
ਔਹਦੇ ਬੁਹੱਲਾਂ ਤੇ ਬਾਣੀ ਸੀ।

ਔਹ ਮੁਰਦੇ ਭੀ ਜਿਵਾ ਸਕਦਾ ਸੀ
ਖ਼ੁਦ ਮੁਖ਼ਤਾਰ ਸੀ ਨਾਨਕ।

ਇਲਾਹੀ ਨੂਰ ਸੀ ਰੱਬ ਦਾ
ਭਲਾ ਮੰਗਦਾ ਸੀ ਔਹ ਸਭਦਾ।

ਰਿਹਾ ਚੱਲਦਾ ਹਮੇਸ਼ਾ ਵਕਤ ਦੀ
ਰਫ਼ਤਾਰ ਸੀ ਨਾਨਕ।

ਤਸ਼ੱਦਦ ਬੰਦ ਕਰ ਬਾਬਰ
ਗਰੀਬਾਂ ਬੇਗੁਨਾਹਾਂ ਤੇ।

ਮੁਗ਼ਲ ਸਰੱਕਾਰ ਦੇ ਲਈ ਇਕ
ਬੜੀ ਵੰਗਾਰ ਸੀ ਨਾਨਕ।

ਭਾਈ ਲਾਲੋ ਜਹੇ ਆਜ਼ਾਦ ਸਨ
ਪਰਵਾਨ ਦਰ ਔਹਦੇ।

ਮਲਕ ਭਾਗੋ ਜਹੇ ਦੁਸ਼ਟਾਂ ਲਈ
ਲਲੱਕਾਰ ਸੀ ਨਾਨਕ।।

### ਨਾਨਕ ਦੀ ਬਾਣੀ

ਜਗਤ ਗੁਰੂ, ਗੁਰੂ ਨਾਨਕ ਤੇ ਹੋਈ ਨਾਜ਼ਿਲ
ਮਾਤ ਲੋਕ ਅੰਦਰ ਧੁਰ ਕੀ ਆਈ ਬਾਣੀ।

ਬੀਆਬਾਨ ਜੰਗਲ ਪਰਬੱਤ ਝੂਮ ਉੱਠੇ
ਜਦੋਂ ਆਪ ਗੁਰੂ ਨਾਨਕ ਨੇ ਗਾਈ ਬਾਣੀ
ਬੜੇ ਪਿਆਰ ਨਾਲ ਭਾਈ ਗੁਰਦਾਸ ਕੋਲੋਂ
ਪੰਚਮ ਪਾਤਸ਼ਾਹ ਆਪ ਲਿਖਵਾਈ ਬਾਣੀ
ਦਸਮੇ ਪਾਤਸ਼ਾਹ ਇਹਨੂੰ ਗੁਰਿਆਈ ਦੇ ਕੇ
ਗੁਰੂ ਗੱਦੀ ਤੇ ਆਪ ਬਿਠਾਈ ਬਾਣੀ।

ਰੱਬੀ ਬਾਣੀ ਦਾ ਜਦੋਂ ਪਰਕਾਸ਼ ਹੋਇਆ
ਤਿੰਨੋਂ ਲੋਕ ਖਾਦਿਮ ਬੇਖ਼ਰੀਦ ਹੋ ਗਏ
ਦਿੱਤਾ ਬਾਣੀ ਨੇ ਸਭ ਨੂੰ ਉਪਦੇਸ਼ ਸਾਂਝਾ
ਸ਼ਬਦ ਬਾਣੀ ਦੇ ਸਾਰੇ ਤੌਹੀਦ ਹੋ ਗਏ
ਵਿਰਾਜਮਾਨ ਹੋ ਕੇ ਗਰੰਥ ਸਾਹਿਬ ਅੰਦਰ
ਗੁਰੂ ਰੂਪ ਰਵੀਦਾਸ ਫਰੀਦ ਹੋ ਗਏ
ਏਸ ਬਾਣੀ ਦੀ ਅਜ਼ਮੱਤ ਬਚੌਣ ਦੇ ਲਈ
ਪੰਚਮ ਪਾਤਸ਼ਾਹ ਆਪ ਸ਼ਹੀਦ ਹੋ ਗਏ।

ਸਤਿਗੁਰ ਨਾਨਕ ਦੀ ਬਾਣੀ ਵਿਚ ਰੱਬ ਵੱਸਦਾ
ਬਾਣੀ ਐਬ ਨਹੀਂ ਲੋਕਾਂ ਦੇ ਫੋਲਦੀ ਏ
ਬਾਣੀ ਸਦਾ ਹਕੀਕਤ ਦੀ ਗੱਲ ਕਰਦੀ
ਫੜਕੇ ਤੱਕੜੀ ਘੱਟ ਨਹੀਂ ਤੋਹਦੀ ਏ
ਪੜਕੇ ਬਾਣੀ ਨੂੰ ਜੇਕਰ ਵਿਚਾਰ ਕਰੀਏ
ਬਾਣੀ ਰਾਜ਼ ਇਲਾਹੀ ਪਈ ਖੋਹਲਦੀ ਏ
ਬੈਠੇ ਬਾਣੀ ਦੇ ਵਿਚ ਆਜ਼ਾਦ ਨਾਨਕ
ਤਾਹੀਓਂ ਸਦਾ ਗੁਰਬਾਣੀ ਸੱਚ ਬੋਲਦੀ ਏ।





ਜਨਾਬ ਆਜ਼ਾਦ ਜਲੰਧਰੀ

### ਨਾਨਕ ਦੀਆਂ ਰਮਜ਼ਾਂ / ਗੀਤ

ਨਾਨਕ ਦੀਆਂ ਰਮਜ਼ਾਂ ਨੂੰ
ਕੋਈ ਵਿਰਲਾ ਹੀ ਪਾ ਸਕਦਾ

ਮਹਿਮਾ ਗੁਰੂ ਨਾਨਕ ਦੀ
ਕੋਈ ਵਿਰਲਾ ਹੀ ਗਾ ਸਕਦਾ।

ਨਾਨਕ ਦੀਆਂ ਮੱਝੀਆਂ ਨੇ ਜਦ ਖੇਤ ਉਜਾੜੇ ਸੱਨ
ਫਸਲਾਂ ਦੇ ਮਾਲਿਕ ਨੇ ਪਾਏ ਬਹੁਤ ਪੁਵਾੜੇ ਸਨ
ਉਜੜੇ ਹੋਏ ਖੇਤਾਂ ਨੂੰ ਇਹ ਫੇਰ ਬਸਾ ਸਕਦਾ
ਨਾਨਕ ਦੀਆਂ ਰਮਜ਼ਾਂ ਨੂੰ ਕੋਈ ਵਿਰਲਾ ਹੀ ਪਾ ਸਕਦਾ।

ਮਨਜ਼ੂਰ ਹੈ ਨਾਨਕ ਨੂੰ ਬੱਸ ਪਿਆਰ ਗਰੀਬਾਂ ਦਾ
ਨਾਨਕ ਨੇ ਸਦਾ ਕੀਤਾ ਸਤਿਕਾਰ ਗਰੀਬਾਂ ਦਾ
ਭਾਗੋ ਅਭੀਮਾਨੀ ਦਾ ਭੋਜਨ ਠੁਕਰਾ ਸਕਦਾ
ਨਾਨਕ ਦੀਆਂ ਰਮਜ਼ਾਂ ਨੂੰ ਕੋਈ ਵਿਰਲਾ ਹੀ ਪਾ ਸਕਦਾ।

ਨਾਨਕ ਦੀ ਦਹਿਲੀਜ਼ਾਂ ਸਿੱਧ ਪੀਰਾਂ ਮੱਲੀਆਂ ਨੇ
ਰੱਬ ਜਾਣਕੇ ਨਾਨਕ ਨੂੰ ਕੀਤੇ ਸੱਜਦੇ ਸੀ ਵਲੀਆਂ ਨੇ
ਇਹ ਮੇਹਰ ਦਾ ਲਾ ਪੰਜਾ ਪਰਬੱਤ ਅਟਕਾ ਸਕਦਾ
ਨਾਨਕ ਦੀਆਂ ਰਮਜ਼ਾਂ ਨੂੰ ਕੋਈ ਵਿਰਲਾ ਹੀ ਪਾ ਸਕਦਾ।

ਜਦ ਨਾਮ ਖੁਮਾਰੀ ਦਾ ਅਮ੍ਰਤ ਬਰਸਾਉਂਦਾ ਏ
ਭਟਕੇ ਹੋਏ ਬੰਦਿਆਂ ਦੀ ਕਾਇਆ ਪੱਲਟਾਉਂਦਾ ਏ
ਕੌਡੇ ਜਹੇ ਰਾਖਸ਼ ਨੂੰ ਇਨਸਾਨ ਬਣਾ ਸਕਦਾ
ਨਾਨਕ ਦੀਆਂ ਰਮਜ਼ਾਂ ਨੂੰ ਕੋਈ ਵਿਰਲਾ ਹੀ ਪਾ ਸਕਦਾ।

ਚੱਕੀਆਂ ਨੇ ਬਾਬਰ ਨੂੰ ਚੱਕਰ ਵਿਚ ਪਾਇਆ ਸੀ
ਨਾਨਕ ਦਿਆਂ ਚਰਨਾਂ ਤੇ ਝੱਟ ਸੀਸ ਨਿਵਾਇਆ ਸੀ
ਆਜ਼ਾਦ ਇਹ ਸ਼ਾਹਾਂ ਨੂੰ ਕਦਮਾਂ ਤੇ ਝੁਕਾ ਸਕਦਾ
ਨਾਨਕ ਦੀਆਂ ਰਮਜ਼ਾਂ ਨੂੰ ਕੋਈ ਵਿਰਲਾ ਹੀ ਪਾ ਸਕਦਾ।

### ਗ਼ਜ਼ਲ

ਐ ਨਾਨਕ ਦੁਖੀ ਲੋਕ ਅੱਜ ਭੀ ਬੜੇ ਨੇ
ਗਰੀਬੀ ਨੇ ਲੱਖਾਂ ਕਰੋੜਾਂ ਫੜੇ ਨੇ

ਬਚੂਗਾ ਕਿਵੇਂ ਤੇਰਾ ਮਰੱਦਾਨਾ ਬਾਬਾ
ਹਰ ਇਕ ਮੋੜ ਤੇ ਕੌਡੇ ਰਾਖਿਸ਼ ਖੜੇ ਨੇ

ਕਿਤੇ ਜਾਲ ਬੈਠੇ ਨੇ ਸੱਜਨ ਬਿਛਾ ਕੇ
ਕਿਤੇ ਭੂਮੀਏਂ ਨੇ ਬਨਾਏ ਧੜੇ ਨੇ।

ਬੜੀ ਕੀਤੀ ਲੋਕਾਂ ਨੇ ਸੁਣਿਆਂ ਤਰੱਕੀ
ਮਗਰ ਲੋਕ ਸੜਕਾਂ ਤੇ ਸੁੱਤੇ ਰੜੇ ਨੇ।

ਤੁਅੱਸਬ, ਸਿਆਸਤ ਅਤੇ ਨਫਰਤਾਂ ਦੇ
ਔਹੀ ਜਾਣਦਾ ਨਾਗ ਜਿਹਨੂੰ ਲੜੇ ਨੇ।

ਉਹਨਾਂ ਬੇਗੁਨਾਹਾਂ ਦੀ ਗਿਣਤੀ ਨਾ ਪੁੱਛੋ
ਜੋ ਮਜ਼ਹਬੀ ਜਨੂਨਾਂ ਦੀ ਫਾਨਸੀ ਚੜ੍ਹੇ ਨੇ।

ਕਿਸੇ ਭੀ ਨਾ ਤੱਕੋ ਜਨਾਜ਼ੇ ਉਹਨਾਂ ਦੇ
ਜੋ ਭੱਠੀਆਂ ਤੰਦੂਰਾਂ ਚਿ: ਪੈ ਕੇ ਸੜੇ ਨੇ।

ਖਿਜ਼ਾਵਾਂ ਚਿ: ਕਿੱਦਾਂ ਔਹ ਬੂਟੇ ਫਲੰਣਗੇ
ਜਿਨਹਾਂ ਦੇ ਬਹਾਰਾਂ ਚਿ: ਪੱਤੇ ਝੜੇ ਨੇ।

ਭਲਾ ਕੀ ਇ ਸਮਝਣਗੇ ਦੱਸ ਪੀੜ ਤੇਰੀ
ਜੋ ਆਜ਼ਾਦ ਬਹਿਕੇ ਤੇ ਚਿਕਨੇ ਘੜੇ ਨੇ।।

### ਸਿਆਸਤ ਵਿਚ 'ਡੀਲ'!



ਸਿਆਸਤ ਵਿਚ ਨਾ ਆਏ ਜ਼ਮੀਰ ਵਾਲਾ
ਉਹੀ ਪੁੱਗਦਾ ਹੋਵੇ ਜੋ 'ਸੀਲ' ਭਾਈ।

ਸਾਊ ਆ ਵੜੇ ਜਿਹੜਾ ਇਸ ਭੇੜ ਅੰਦਰ
ਆਖਰ ਨਿਕਲਦਾ ਹੋ ਜਲੀਲ ਭਾਈ।

ਉਸਨੂੰ ਕੜੇ-ਕਿਰਦਾਰ ਦੀ ਲੋੜ ਕੋਈ ਨਾ
ਭਾਸ਼ਣ ਕਰਦਿਆਂ ਲਵੇ ਜੋ ਕੀਲ ਭਾਈ।

ਚੋਣਾਂ ਵੇਲੇ ਇਉਂ ਭਾਜੜਾਂ ਪੈਂਦੀਆਂ ਨੇ
ਛਿੜਿਆ ਹੁੰਦਾ ਏ ਜਿਵੇਂ ਮਖੀਲ ਭਾਈ।

'ਚੜ੍ਹੇ ਚੰਦ' ਦਾ ਪਤਾ ਤਾਂ ਉਦੋਂ ਲਗਦਾ
ਆਉਂਦੀ ਮੀਡ੍ਹੀਏ ਵਿਚ ਤਫਸੀਲ ਭਾਈ।

ਢਕੀ ਰਿੱਝਦੀ ਬੁੱਝਣੀ ਬੜੀ ਔਖੀ
ਕਿਸਦੀ ਕਿਹਡੇ ਨਾਲ ਹੋਈ ਏ 'ਡੀਲ' ਭਾਈ?

– ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

### ਮਾਂ ਵਰਗਾ ਨਾ ਕੋਈ

**ਗੁਰੂ ਪਿਆਰੀ ਸਾਧ-ਸੰਗਤ ਜੀ ਬੜੇ ਦੁੱਖ ਦੀ ਗੱਲ ਹੈ ਕਿ ਵਿਸ਼ਵ ਪ੍ਰਸਿੱਧ ਲਿਖਾਰੀ, ਪ੍ਰੋਫੈਸਰ ਰੌਣਕੀ ਰਾਮ ਜੀ (ਡਾ.) ਦੀ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਜੀ ਅਕਾਲ ਚਲਾਣਾ ਕਰ ਗਏ ਹਨ। ਸਾਨੂੰ ਸਭ ਨੂੰ ਡਾ. ਸਾਹਿਬ ਨਾਲ ਦਿਲੀ ਹਮਦਰਦੀ ਹੈ।**

ਕੋਈ ਦੇਵੇ ਭਾਵੇਂ ਲੱਖ ਤਸੱਲੀ
ਲੱਖ ਕਰੇ ਦਿਲਜੋਈ

ਮਾਂ ਵਰਗੀ ਮਮਤਾ ਨਾ ਕਿਧਰੇ
ਮਾਂ ਵਰਗਾ ਨਾ ਕੋਈ।

ਮਾਂ ਬੱਚਿਆਂ ਦੇ ਸੁੱਖ ਲਈ ਸਿਰ 'ਤੇ
ਲੱਖ ਕਸ਼ਟ ਉਠਾਉਂਦੀ

ਸੁੱਕੀ ਥਾਂ ਬੱਚਿਆਂ ਨੂੰ ਪਾਵੇ
ਗਿੱਲੀ ਥਾਂ ਖੁਦ ਸਾਉਂਦੀ

ਮਾਂ ਨੇ ਆਪਣੇ ਹਿਰਦੇ ਅੰਦਰ ਸਭ ਦੀ ਪੀੜ ਲਕੋਈ
ਮਾਂ ਵਰਗਾ ਨਾ ਕੋਈ ---

ਮਾਂ ਦੀ ਗੋਦੀ ਸਵੱਰਗ ਦਾ ਝੂਟਾ
ਮਾਵਾਂ ਠੰਡੀਆਂ ਛਾਵਾਂ

ਮਾਂ ਬੱਚਿਆਂ ਤੇ ਪੈਣ ਨਾ ਦੇਵੇ
ਦੁੱਖਾਂ ਦਾ ਪੜਛਾਵਾਂ

ਮਾਂ ਦੀ ਸੇਵਾ ਰੱਬ ਦੀ ਸੇਵਾ ਵਿਰਲਾ ਕਰਦਾ ਕੋਈ
ਮਾਂ ਵਰਗਾ ਨਾ ਕੋਈ ----

ਛੱਡ ਕੇ ਤੁਰ ਜਾਵਣ ਜਦ ਮਾਵਾਂ
ਪੁੱਤ ਹੋ ਜਾਣ ਨਿਥਾਵੇ

ਮਮਤਾ ਦਾ ਜਦ ਪੇੜ ਨਾ ਹੋਵੇ
ਬੈਠਣ ਕਾਹਦੀ ਛਾਵੇਂ

ਮਾਂ ਪੁੱਤਰ ਦਾ ਦੁਖ ਵਿਛੋੜਾ
ਅੰਬਰ ਦੀ ਅੱਖ ਰੋਈ।
ਮਾਂ ਵਰਗਾ ਨਾ ਕੋਈ- --

ਮਾਵਾਂ ਵਾਲਿਓ ਲੋਕੋ ਮੇਰੀ
ਗੱਲ ਨਾ ਦਿਲੋਂ ਭੁਲਾਉਣਾ

ਭੁੱਲ ਕੇ ਭੀ 'ਆਜ਼ਾਦ' ਆਤਮਾ
ਮਾਂ ਦੀ ਨਾ ਤੜਪਾਉਣਾ।



ਮਾਤਾ ਸ਼ਾਂਤੀ ਦੇਵੀ ਜੀ

ਮਾਂ ਦੇ ਠੁਕਰਾਏ ਨੂੰ ਨਾ ਮਿਲਦੀ  ਨਰਕਾਂ ਵਿਚ ਭੀ ਢੋਈ।
ਮਾਂ ਵਰਗਾ ਨਾ ਕੋਈ ---

**–ਆਜ਼ਾਦ ਜਲੰਧਰੀ (ਯੂ. ਐਸ. ਏ.)**
(408) 258-6532

## ਹਿੰਦ ਵਾਸੀਓ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ ਚੋਂ ਨਾ ਭੁਲਾ ਜਾਣਾ

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਅਯੋਜਿਤ





























**ਫਰਿਜ਼ਨੋਂ (ਕੁਲਵੀਰ ਹੇਅਰ)–** ਸਿਆਣੇ ਕਹਿੰਦੇ ਨੇ ਕਿ ਜੋ ਕੌਮਾਂ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਯਾਦ ਨਹੀਂ ਰੱਖਦੀਆਂ ਉਹ ਹੌਲੀ ਹੌਲੀ ਅਲੋਪ ਹੋ ਜਾਂਦੀਆਂ ਹਨ ਤੇ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ ਉਹਨਾਂ ਦਾ ਬੀਜ ਨਾਸ ਪਲਕ ਝਲਕ ਵਿਚ ਹੀ ਹੋ ਜਾਂਦਾ ਹੈ। ਉਹ ਸ਼ਹੀਦ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸੁੱਖ ਅਰਾਮ ਤਿਆਗ ਕੇ ਸਮੁੱਚੇ ਦੇਸ਼ ਵਾਸੀਆਂ ਦੇ ਉਜਵਲ ਭਵਿੱਖ ਲਈ ਆਪਣੀ ਜਾਨ ਤੱਕ ਨੂੰ ਕੁਰਬਾਨ ਕਰ ਦਿੱਤਾ ਉਹਨਾਂ ਨੂੰ ਯਾਦ ਕਰਨਾ ਸਾਡਾ ਫਰਜ਼ ਹੀ ਨਹੀਂ ਸਾਡੀ ਜ਼ਿੰਮੇਵਾਰੀ ਵੀ ਬਣਦੀ ਹੈ ਕਿਉਂਕਿ ਉਹਨਾਂ ਸ਼ਹੀਦਾਂ ਦੀ ਬਦੌਲਤ ਹੀ ਅਸੀਂ ਅੱਜ ਅਸੀਂ ਆਪਣੇ ਆਪ ਨੂੰ ਇਕ ਅਜ਼ਾਦ ਦੇਸ਼ ਦੇ ਜੰਮਪਲ ਕਹਿ ਰਹੇ ਹਾਂ। ਇਸੇ ਸੋਚ ਨੂੰ ਮੁੱਖ ਰੱਖਦਿਆਂ ਭਾਰਤੀ ਅਜ਼ਾਦੀ ਦੇ ਇਤਿਹਾਸ ਵਿਚ ਸਭ ਤੋਂ ਛੋਟੀ ਉਮਰ (ਸਾਢੇ 18 ਸਾਲ) ਜਿਸ ਉਮਰ ਨੂੰ ਅਸੀਂ ਆਪਣੇ ਬੱਚਿਆਂ ਦੇ ਖੇਡਣ ਕੁੱਦਣ ਦੀ ਉਮਰ ਕਹਿੰਦੇ ਹਾਂ, ਵਿਚ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ ਵੱਡਾ ਗਿਲਵਾਲੀ, ਸੁਰੈਣ ਸਿੰਘ ਛੋਟਾ ਗਿਲਵਾਲੀ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖਸ਼ੀਸ਼ ਸਿੰਘ ਗਿਲਵਾਲੀ ਦਾ 101ਵਾਂ ਸ਼ਹੀਦੀ ਦਿਹਾੜਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਪ੍ਰਧਾਨ ਗੁਰਦੀਪ ਗਿੱਲ ਘੋਲੀਆ ਦੀ ਪ੍ਰਧਾਨਗੀ ਹੇਠ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਰਾਜ ਬਰਾੜ ਅਤੇ ਗੁਰਦੇਵ ਸਿੰਘ ਸਾਹੋਕੇ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਲੇ ਗੀਤਾਂ ਨਾਲ ਹੋਈ।ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਸਮਾਗਮ ਵਿਚ ਪਹੁੰਚੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ।ਉੱਘੇ ਕਹਾਣੀਕਾਰ ਕਰਮ ਸਿੰਘ ਮਾਨ, ਕਰਨਲ ਹਰਦੇਵ ਸਿੰਘ ਗਿੱਲ, ਸ.ਮਹਿੰਦਰ ਸਿੰਘ ਗਰੇਵਾਲ, ਹਰਨੇਕ ਸਿੰਘ, ਗੁਰਦੀਪ ਸਿੰਘ ਗੱਗੜਾ, ਦਲਵੀਰ ਸਿੰਘ ਸਰਾਏ, ਹਰਜੀਤ ਸਿੰਘ ਸ਼ੇਰਗਿਲ, ਮਾਸਟਰ ਲਛਮਣ ਸਿੰਘ ਰਠੌੜ, ਦਲਜੀਤ ਸਿੰਘ ਰਿਆੜ, ਜਸਵੰਤ ਸਿੰਘ, ਗੁਰਪ੍ਰੀਤ ਸਿੰਘ, ਐਸਵਨ ਕੌਰ ਰਾਠੌਰ, ਸਿੰਮਵੀਰ ਸਿੰਘ ਹੇਅਰ, ਮਨੂਵੀਰ ਕੌਰ ਧਾਲੀਵਾਲ, ਇਕਬਾਲ ਸਿੰਘ ਸਿਧੂ, ਜਸਨਪ੍ਰੀਤ ਸਿੰਘ, ਸੁਖਵੀਰ ਸਿੰਘ, ਆਦਿ ਨੇ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾ ਦਾ ਇਜ਼ਹਾਰ ਕਰਦਿਆਂ ਬਹੁਤ ਹੀ ਭਾਵਪੂਰਤ ਸ਼ਬਦਾਂ ਵਿਚ ਕੀਤਾ ਸ਼ਰਦਾ ਦੇ ਫੁੱਲ ਭੇਂਟ ਕੀਤੇ। ਆਂਚਲ ਸਿੰਘ ਹੇਅਰ ਨੇ ਪਿੰਡ ਸਰਾਭਾ ਦੀ ਧਰਤੀ ਨੂੰ ਸਲਾਮ ਕਰਦਿਆਂ ਇਸ ਮਿੱਟੀ ਦੇ ਜੰਮਪਲ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਇਸ ਪਿੰਡ ਦੇ ਹੋਰ ਸ਼ਹੀਦਾਂ ਦੀ ਬਾਰੇ ਜਾਣਕਾਰੀ ਭਰਪੂਰ ਭਾਸ਼ਣ ਰਾਂਹੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਜੀ ਐਚ ਜੀ ਦੀ ਟੀਮ ਵਲੋਂ ਭੰਗੜਾ ਖੂਬਸੂਰਤ ਅੰਦਾਜ਼ ਵਿਚ ਪੇਸ਼ ਕੀਤਾ ਅਤੇ ਵਾਹ ਵਾਹ ਖੱਟੀ। ਰੂਹ ਪੰਜਾਬ ਦੀ ਟੀਮ ਵਲੋਂ ਕਿਰਨ ਮੈਹਿਮੀ, ਦਿਲਜੋਤ ਕੌਰ, ਅਤੇ ਹਰਜੋਤ ਕੌਰ ਨੇ ਕਮਾਲ ਦੀ ਕੋਰੀਓ-ਗਰਾਫੀ ਕੀਤੀ। ਫੋਰਮ ਵਲੋਂ ਸਮਾਂਗਮ ਵਿਚ ਭਾਗ ਲੇਣ ਵਾਲੇ ਬੱਚਿਆਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਪਿਛਲੇ ਹਫਤੇ ਗਦਰੀ ਬਾਬਿਆਂ ਮੁੱਖ ਦਫਤਰ ਯਗੰਤਰ ਆਸ਼ਰਮ ਸਨਫਰਾਂਸਿਸਕੋ ਜਿਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਵਿਖੇ 'ਗਦਰ ਦੀ ਗੂੰਜ' ਅਖਬਾਰ ਕੱਢੀ ਸੀ ਵਿਖੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਸਮੇਤ ਕੈਲੇਫੋਰ-ਨੀਆਂ ਹੋਰ ਗਦਰੀ ਬਾਬਿਆਂ ਨੂੰ ਸਮਰਪੱਤ ਸੰਸਥਾਵਾਂ ਵਲੋਂ ਸ਼ਾਂਝੇ ਤੌਰ ਸ਼ਹੀਦੀ ਦਿਹਾੜਾ ਮਨਾਇਆ ਗਿਆ।ਅੰਤ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਰਨਜੀਤ ਧਾਲੀਵਾਲ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ ਨੂੰ ਸਮੂਹਿਕ ਤੌਰ ਤੇ ਯਾਦ ਕਰਦਿਆਂ ਹਥਲੀਆਂ ਸਤਰਾਂ ਦਾ ਉਚਾਰਨ ਕੀਤਾ ਗਿਆ;-

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ ਚੋਂ ਨਾ ਭੁਲਾ ਜਾਣਾ
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਾ ਘਬਰਾ ਜਾਣਾ
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ
ਹਿੰਦ ਵਾਸੀਓ ਚਮਕਣਾ ਚੰਦ ਵਾਂਗੂੰ
ਕਿਤੇ ਬੱਦਲਾਂ ਹੇਠ ਨਾ ਆ ਜਾਣਾ
ਕਰਕੇ ਦੇਸ਼ ਦੇ ਨਾਲ ਧ੍ਰੋਹ ਤੁਸਾਂ
ਦਾਗ ਕੌਮ ਦੇ ਮੱਥੇ ਨਾ ਲਾ ਜਾਣਾ
ਮੂਲ ਸਿੰਘ ਕ੍ਰਿਪਾਲ ਨਵਾਬ ਵਾਂਗੂੰ
ਅਮਰ ਸਿੰਘ ਨਾ ਕਿਸੇ ਕਹਾ ਜਾਣਾ
ਜੇਲਾਂ ਹੋਣ ਕਾਲਜ ਵਤਨ ਸੇਵਕਾਂ ਦੇ
ਦਾਖਲ ਹੋਏ ਕੇ ਡਿਗਰੀਆਂ ਪਾ ਜਾਣਾ
ਹੁੰਦੇ ਫੇਲ ਬਹੁਤੇ ਤੇ ਪਾਸ ਥੋੜੇ,
ਵਤਨ ਵਾਸੀਓ ਦਿਲ ਨਾ ਢਾਹ ਜਾਣਾ
ਪਿਆਰੇ ਵੀਰਨੋ ਚੱਲੇ ਹਾਂ ਅਸੀਂ ਜਿਥੇ
ਇਸੇ ਰਸਤੇ ਤੁਸੀਂ ਵੀ ਆ ਜਾਣਾ
ਹਿੰਦ ਵਾਸੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲਾਂ ਚੋਂ ਨਾ ਭੁਲਾ ਜਾਣਾ

ਸਭਨਾਂ ਦੇ ਦਿਲਾਂ ਵਿਚ ਸ਼ਹੀਦਾਂ ਦੇ ਸਤਿਕਾਰ ਲਈ ਅਲ਼ਖ ਜਗਾਉਂਦਿਆਂ ਨਮ ਅੱਖਾਂ ਨਾਲ ਇਹ ਸਮਾਗਮ ਆਪਣੇ ਮੁਕਾਮ ਤੇ ਪਹੁੰਚਿਆ।

ਉਘੇ ਕਿਸਾਨ, ਸਮਾਜ ਸੇਵਕ ਅਤੇ ਪੱਤਰਕਾਰ ਸ. ਹਰਦਿਆਲ ਸਿੰਘ ਥਿਆੜਾ ਅਤੇ ਸਮੂਹ ਪਰਿਵਾਰ ਵੱਲੋਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

## ਉਜਾੜੇ ਵਸੇਬੇ ਦੇ ਸੰਘਰਸ਼ ਦੀ ਦਾਸਤਾਨ - ਹਰਦਿਆਲ ਸਿੰਘ ਥਿਆੜਾ

# ਹਰਦਿਆਲ ਸਿੰਘ ਥਿਆੜਾ ਨੇ ਕੀਤੀ ਇਲੈਕਟਰੋਨਿਕ ਕਾਰ ਈਜ਼ਾਦ

# ਹਵਾ ਨਾਲ਼ ਚਲਦੀ ਕਾਰ ਹਵਾ ਨਾਲ਼ ਕਰੇਗੀ ਗੱਲਾਂ





ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



ਹਰਦਿਆਲ ਸਿੰਘ ਥਿਆੜਾ

ਪੰਜਾਬ ਦੀ ਮਿੱਟੀ ਨੂੰ ਅਜਿਹਾ ਰੁਤਬਾ ਹਾਸਿਲ ਹੈ ਕਿ ਸਦੀਆਂ ਤੋਂ ਹੀ ਇਸ ਧਰਤੀ ਦੀ ਹਿੱਕ ਤੇ ਉਜਾੜੇ ਅਤੇ ਵਸੇਬੇ ਦਾ ਇਤਹਾਸ ਡੂੰਘਾ ਉਕਰਿਆ ਜਾਂਦਾ ਰਿਹਾ ਹੈ। ਪੰਜਾਬੀਆਂ ਦੇ ਪੈਰਾਂ ਹੇਠ ਸਫ਼ਰ ਦੀਆਂ ਲਕੀਰਾਂ ਵੀ ਉਨੀਆਂ ਹੀ ਡੂਘੀਆਂ ਹਨ। ਇਸ ਦਰਮਿਆਨ ਪੰਜਾਬੀਆਂ ਦੀ ਹਿੰਮਤ, ਦਲੇਰੀ, ਉਤਸ਼ਾਹ ਅਤੇ ਸੰਘਰਸ਼ ਦੀ ਗੁੜ੍ਹਤੀ ਨੇ ਇਨ੍ਹਾਂ ਨੂੰ ਸਥਾਪਤੀ ਦਾ ਰਾਹ ਦਿਖਾਇਆ ਹੈ। ਇਸ ਤਰ੍ਹਾਂ ਦੇ ਹੀ ਸਫ਼ਰ ਦਾ ਪਾਧੀਂ ਰਿਹਾ ਹੈ ਹਰਦਿਆਲ ਸਿੰਘ ਥਿਆੜਾ ਦੇ ਜੁਝਾਰੂ ਪੁਰਖ਼ਿਆਂ ਦਾ ਉਤਸ਼ਾਹੀ ਪਰਿਵਾਰ।

ਹਰਦਿਆਲ ਸਿੰਘ ਇਸ ਪਰਿਵਾਰ ਦੀ ਵਿਲੱਖਣ ਸਖ਼ਸ਼ੀਅਤ ਹੈ। ਜਿਸ ਨੇ ਸਦਾ ਉਸਾਰੂ ਸੋਚਿਆ ਅਤੇ ਨਿਭਾਇਆ ਹੈ। ਉਨ੍ਹਾਂ ਦੇ ਸੰਘਰਸ਼ ਦੀ ਰਾਹ ਦਾ ਸਿਖ਼ਰ ਮੁਕਾਮ ਇਹ ਹੈ ਕਿ ਉਸ ਨੇ ਆਪਣੇ ਕਾਰੀਗਰੀ, ਕਾਬਲੀਅਤ ਅਤੇ ਕਲਪਨਾ ਨੂੰ ਸਾਕਾਰ ਕਰ ਕੇ ਇੱਕ ਅਜਿਹੀ ਮੋਟਰ ਕਾਰ ਈਜ਼ਾਦ ਕੀਤੀ ਹੈ ਜੋ ਬਿਜਲੀ ਨਾ਼ਲ ਚਲਦੀ ਹੈ। ਜਿਸ ਉਮਰ ਵਿੱਚ ਆਮ ਲੋਕ ਕੰਮ ਕਰਨਾ ਛੱਡ ਦਿੰਦੇ ਹਨ, ਉਸ ਉਮਰ ਵਿੱਚ ਹਰਦਿਆਲ ਸਿੰਘ ਥਿਆੜਾ ਨੇ ਇਹ ਕਮਾਲ ਕਰ ਕੇ ਦਿਖਾਇਆ ਹੈ। ਇਸ ਵਿੱਚ ਇੱਕ ਵਾਧਾ ਹੋਰ ਕਿ ਇਹ ਇਲੈਕਟਰੋਨਿਕ ਕਾਰ ਦੇ ਜਨਰੇਟਰ ਹਵਾ ਨਾ਼ਲ ਚਲਦੇ ਹਨ। ਦਸ ਸਾਲ ਦੇ ਲੰਬੇ ਅਰਸੇ ਵਿੱਚ ਇਹ ਕਾਰ ਬਣਾਉਣ ਵਾਸਤੇ ਤਜ਼ਰਬੇ ਕੀਤੇ। ਉਨ੍ਹਾਂ ਨੇ ਇੱਕ ਕਾਰ ਦਾ ਇੰਜਣ ਕੱਢ ਕੇ ਇਲੈਕਟਰੋਨਿਕ ਬਣਾ ਦਿੱਤਾ। ਉਸ ਤੇ ਜਨਰੇਟਰ ਲਗਾ ਦਿੱਤੇ ਜੋ ਬੈਟਰੀਆਂ ਨੂੰ ਮੁੜ ਚਾਰਜ ਕਰਦੇ ਹਨ। ਇਹ ਜੈਨੇਰੇਟਰ ਹਵਾ ਨਾ਼ਲ ਚੱਲਦੇ ਹਨ। ਹਵਾ ਨਾ਼ਲ ਜਨਰੇਟਰ ਚਲਾ ਕੇ ਬਿਜਲੀ ਪੈਦਾ ਕਰ ਕੇ ਬੈਟਰੀ ਦੁਆਰਾ ਇੰਜਣ ਚਲਦਾ ਹੈ। ਇਸ ਕਾਰ ਵਿੱਚ ਪੈਟ੍ਰੋਲ ਨਹੀਂ ਪੈਂਦਾ। ਇਸ ਸਾਰੇ ਪ੍ਰਾਜੈਕਟ ਤੇ 23000 ਡਾਲਰ ਦਾ ਖਰਚਾ ਆਇਆ। ਇਸ ਤਰ੍ਹਾਂ ਤੇ ਅਨੋਖੀ ਅਤੇ ਇੱਕੋ ਇੱਕ ਕਾਰ ਦਾ ਪੈਟਰਨ ਇੰਡੀਆ ਅਤੇ ਅਮਰੀਕਾ ਵਿੱਚ ਭੇਜਿਆ ਗਿਆ। ਇਸ ਕਾਰ ਨੂੰ ਬਣਾ ਕੇ ਇਸ ਦੇ ਚਲਾਉਣ ਦੇ ਟਰਾਇਲ ਵੀ ਕੀਤੇ ਗਏ ਹਨ। ਇਸ ਕਾਰ ਸਿਟੀ ਨਾਂ ਦੀ ਕਾਰ ਦੀ ਸਪੀਡ 55 ਕਿਲੋਮੀਟਰ ਪ੍ਰਤੀ ਘੰਟਾ ਹੈ। ਅਮਰੀਕਾ ਵਿਚ ਇਸ ਦੀ ਰਜਿਸਟਰੇਸ਼ਨ 23 ਅਕਤੂਬਰ 2016 ਨੂੰ ਹਾਲ ਹੀ ਵਿੱਚ ਕਰਵਾਈ ਹੈ। ਇਸ ਨੂੰ ਵੱਖ-ਵੱਖ ਤਰੀਕਿਆਂ ਨਾ਼ਲ ਡਿਜ਼ਾਇਨ ਕਰਕੇ ਦੁਨੀਆਂ ਭਰ ਵਿੱਚ ਲਾਂਚ ਕੀਤਾ ਜਾ ਸਕਦਾ ਹੈ।

ਜ਼ਿੰਦਗੀ ਭਰ ਦੀ ਮਿਹਨਤ ਨਾ਼ਲ ਕੀਤੀ ਇਸ ਪ੍ਰਾਪਤੀ ਪਿੱਛੇ ਬਹੁਤ ਲੰਬੀ ਘਾ਼ਲਣਾ ਹੈ। ਜਿਸ ਵਿੱਚ ਇੱਕ ਖਿੱਤਾ ਛੱਡ ਦੂਸਰੇ ਵਿੱਚ ਫਿਰ ਤੇ ਝੰਡੇ ਗੱਡਣੇ ਤੇ ਲਹਿਰਾਉਣ ਦਾ ਸਫ਼ਰ ਹੈ। ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਦੀ ਬੱਬਰ ਅਕਾਲੀ ਲਹਿਰ ਦੇ ਸਿਪਾਹੀ ਸ. ਰਾਮ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਜਨਮੇ ਹਰਦਿਆਲ ਸਿੰਘ ਹੋਰਾਂ ਜ਼ਿੰਦਗੀ ਵਿੱਚ ਬੜਾ ਕੁਝ ਚੰਗਾ ਮਾੜਾ ਵਾਪਰਦਾ ਦੇਖਿਆ ਤੇ ਹੰਢਾਇਆ ਹੈ। ਸ. ਰਾਮ ਸਿੰਘ ਹੋਰੀਂ ਬੱਬਰ ਲਹਿਰ ਵਿੱਚ ਅੱਟਕ ਅਤੇ ਮੁਲਤਾਨ (ਪਾਕਿਸਤਾਨ) ਦੀਆਂ ਜੇਲ੍ਹਾਂ ਵਿੱਚ ਵੀ ਰਹੇ। ਅਖ਼ੀਰ ਦੇਸ਼ ਦੀ ਵੰਡ ਹੋਣ ਤੇ ਨੀਲੀ ਬਾਰ ਤੋਂ ਉੱਜੜ ਕੇ 1947 'ਚ ਭਾਰਤ ਆ ਗਏ। ਉੱਥੇ ਉਨ੍ਹਾਂ ਦੇ ਪਰਿਵਾਰ ਦੀ ਬੱਸਾਂ ਦੀ ਟਰਾਂਸਪੋਰਟ ਸੀ ਜੋ ਰਾਮ ਸਿੰਘ ਹੋਰਾਂ ਦੇ ਭਾਣਜੇ ਚਲਾ ਰਹੇ ਸਨ। ਸਭ ਕੁਝ ਉੱਧਰ ਹੀ ਛੱਡ ਕੇ ਆਉਣਾ ਪਿਆ। ਵੰਡ ਸਮੇਂ ਜਦੋਂ ਉਨ੍ਹਾਂ ਦਾ ਪਰਿਵਾਰ ਬੱਸ ਰਾਹੀਂ ਭਾਰਤ ਆਉਣ ਲੱਗਾ ਤਾਂ ਉਨ੍ਹਾਂ ਦੀ ਬੱਸ ਉੱਥੇ ਹੀ ਰੋਕ ਲਈ ਗਈ। ਜਦੋਂ ਮਾਤਾ ਸੁਰਜੀਤ ਕੌਰ ਬੱਸ ਵਿੱਚੋਂ ਅਟੈਚੀ ਅਤੇ ਟਰੰਕ ਵਿੱਚ ਕੀਮਤੀ ਸਮਾਨ ਪਾ ਕੇ ਭਾਰਤ ਵੱਲ ਵਧਣਾ ਚਾਹਿਆ ਤਾਂ ਉਹ ਵੀ ਕਿਸੇ ਨੇ ਖੋਹ ਲਿਆ। ਖਾਲੀ ਹੱਥ ਪੂਰਬੀ ਪੰਜਾਬ ਦੇ ਫਾਜ਼ਿਲਕਾ ਬੰਗਲਾ ਆ ਗਏ। ਬਹੁਤ ਹੀ ਔਖੇ ਅਤੇ ਕਰੜੇ ਸਮੇਂ ਵਿੱਚੋਂ ਲੰਘ ਕੇ ਉਹ ਹਿਸਾਰ ਪਹੁੰਚੇ ਜਿੱਥੇ ਉਨ੍ਹਾਂ ਨੂੰ ਬੱਸਾਂ ਦੇ ਪਰਮਿਟ ਅਲਾਟ ਕੀਤੇ ਜਿਸ ਤੇ ਉਨ੍ਹਾਂ ਨੇ ਨੀਲੀਬਾਰ ਨਾਮ ਦੀ ਬੱਸ ਕੰਪਨੀ ਚਲਾਈ ਜਿਸ ਦੇ ਪੰਜਾਹ ਮੀਲ ਦੇ ਆਲੇ ਦੁਆਲੇ ਦੀ ਰੂਟ ਸਨ। ਸ. ਥਿਆੜਾ ਨੇ ਦੱਸਿਆ ਕਿ ਜਦੋਂ ਇੱਧਰਲੇ ਪੰਜਾਬ ਦੀ ਵੰਡ ਹੋਈ ਤਾਂ ਹਰਿਆਣਾ ਦਾ ਪਹਿਲਾ ਮੁੱਖ ਮੰਤਰੀ ਬੰਸੀ ਲਾਲ ਬਣਿਆ। ਉਸ ਨੇ ਹਿੰਦੂ, ਸਿੱਖਾਂ ਦੀਆਂ ਸਾਰੀਆਂ ਬੱਸਾਂ ਦਾ ਰਾਸ਼ਟਰੀਕਰਨ ਕਰ ਕੇ ਫਿਰ ਤੋਂ ਉਜਾੜ ਦਿੱਤਾ ਗਿਆ। ਮੁੜ ਵਸੇਬੇ ਵਾਸਤੇ ਜੱਦੋ ਜਹਿਦ ਦੇ ਨਾ਼ਲ ਨਾ਼ਲ ਪਿਤਾ ਸ. ਰਾਮ ਸਿੰਘ ਨੇ ਗੁਰਦੁਆਰਿਆਂ ਦੀ ਅਜ਼ਾਦੀ ਵਾਸਤੇ ਵੀ ਬੜਾ ਅਹਿਮ ਯੋਗਦਾਨ ਪਾਇਆ। ਭਾਰਤ ਦੀ ਅਜ਼ਾਦੀ ਵਿੱਚ ਯੋਗਦਾਨ ਪਾਉਣ ਤੇ ਸਰਕਾਰ ਵਲੋਂ ਕੋਈ ਵੀ ਮਾਣ-ਸਨਮਾਨ ਨਹੀਂ ਦਿੱਤਾ ਗਿਆ। ਹਿਸਾਰ ਵਿੱਚ ਕਾਰੋਬਾਰ ਦੇ ਨਾ਼ਲ ਪੰਜਾਬ ਵਿੱਚ ਟਾਂਡੇ ਲਾਗੇ ਦੇ ਪਿੰਡ ਬੱਸੀ ਜਲਾਲ ਵਿੱਚ ਖੇਤੀ ਵੀ ਕਰਦੇ ਰਹੇ ਪਰ ਬਾਅਦ ਵਿੱਚ ਉੱਥੋਂ ਦੀ 6 ਏਕੜ ਜ਼ਮੀਨ ਵੇਚ ਕੇ ਫਿਰ ਇੱਕ ਵਾਰ ਡੇਰਾ ਪੱਟਿਆ ਤੇ ਫਿਰ ਗੜ੍ਹਸ਼ੰਕਰ ਤਹਿਸੀਲ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡ ਬੀਰਮਪੁਰ ਵਿੱਚ ਜਾ ਡੇਰਾ ਲਾਇਆ ਜਿੱਥੇ 36 ਏਕੜ ਜ਼ਮੀਨ ਲੈ ਕੇ ਵਸੇਬਾ ਕੀਤਾ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਵਿੱਚ ਲੰਬਾ ਸਮਾਂ ਕੰਮ ਕਰਨ ਤੋਂ ਬਾਅਦ ਇੱਕ ਵਾਰ ਉਨ੍ਹਾਂ ਦੇ ਪਿਤਾ ਨੂੰ ਵਿਧਾਨ ਸਭਾ ਟਿਕਟ ਸਿਆਸੀ ਪੱਖਪਾਤ ਕਰ ਕੇ ਨਹੀਂ ਦਿੱਤੀ ਗਈ। ਕਿਉਂਕਿ ਉਨ੍ਹਾਂ ਪਿਤਾ ਦੀ ਸਿਆਸੀ ਸਾਂਝ ਜਗਜੀਤ ਸਿੰਘ ਚੌਹਾਨ ਨਾ਼ਲ ਸੀ। ਉਨ੍ਹਾਂ ਦੇ ਪਿਤਾ ਟਾਂਡਾ ਦੀ ਸੁਸਾਇਟੀ ਦੇ ਲੰਬਾ ਸਮਾਂ ਉਪ ਪ੍ਰਧਾਨ ਰਹੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾ਼ਲ ਵੀ ਉਨ੍ਹਾਂ ਦੀ ਵਿਚਾਰਕ ਸਾਂਝ ਕਰਕੇ ਉਹ ਹਰਿਮੰਦਰ ਸਾਹਿਬ ਵੀ ਰਹੇ। ਸਾਰੀ ਉਮਰ ਪੱਟ ਥੱਲ ਦੀ ਜ਼ਿੰਦਗੀ ਵਿੱਚ ਸਥਾਪਤੀ ਲਈ ਗਤੀਸ਼ੀਲ ਰਹਿਣ ਵਾਲੇ ਸਮਾਜ ਸੇਵੀ ਸ. ਰਾਮ ਸਿੰਘ ਦਾ 1995 ਵਿੱਚ 105 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ।



**ਰੇਸ਼ਮ ਕਰਨਾਣਵੀ**
**98158 80104**

ਹਰਦਿਆਲ ਸਿੰਘ ਹੋਰੀਂ ਤਿੰਨ ਭੈਣਾਂ ਤਿੰਨ ਭਰਾ ਹਨ। ਜਿਨ੍ਹਾਂ 'ਚੋਂ ਦੋ ਭਰਾ ਭਾਰਤ ਵਿੱਚ ਅਤੇ ਬਾਕੀ ਦੇ ਭੈਣਾਂ ਭਰਾ ਅਮਰੀਕਾ, ਕਨੇਡਾ, ਜਰਮਨ ਵਿੱਚ ਵਸੇ ਹੋਏ ਹਨ। ਆਪਣੀ ਪੜ੍ਹਾਈ ਸਬੰਧੀ ਉਨ੍ਹਾਂ ਦੱਸਿਆ ਕਿ ਜਦੋਂ ਉਹ ਛੇਵੀਂ ਜਮਾਤ ਵਿਚ ਟਾਂਡਾ ਦੇ ਹਾਈ ਸਕੂਲ 'ਚ ਪੜ੍ਹਦੇ ਸਨ ਤਾਂ ਉਨ੍ਹਾਂ ਨੂੰ ਗਠੀਆ ਹੋ ਗਿਆ ਬਹੁਤ ਜ਼ਿਆਦਾ ਇਲਾਜ ਕਰਵਾਉਣ ਦੇ ਬਾਵਜੂਦ ਠੀਕ ਨਾ ਹੋਏ ਪੜ੍ਹਾਈ ਛੱਡਣੀ ਪਈ ਤੇ ਕਮਜ਼ੋਰੀ ਬਹੁਤ ਹੋ ਗਈ। ਫਿਰ ਉਨ੍ਹਾਂ ਨੂੰ ਹਿਸਾਰ ਲੈ ਗਏ ਤੇ ਪਾਣੀ ਬਦਲਣ ਨਾ਼ਲ ਦੋ ਸਾਲ ਦੇ ਅਰਸੇ ਬਾਅਦ ਠੀਕ ਹੋ ਗਏ ਤੇ ਆਪਣੀ ਬੱਸਾਂ ਦੀ ਕੰਪਨੀ ਵਿੱਚ ਮਕੈਨਕੀ ਸਿੱਖ ਕੇ ਮਾਹਰ ਮਕੈਨਿਕ ਬਣ ਗਏ। 1968 ਵਿਚ ਇੱਕ ਟਰੈਕਟਰ ਲੈ ਕੇ ਆਪਣੀ ਅਤੇ ਹੋਰ ਲੋਕਾਂ ਦੀਆਂ ਜ਼ਮੀਨਾਂ ਦੀ ਵਾਹੀ ਵੀ ਕੀਤੀ। ਹਰਦਿਆਲ ਸਿੰਘ ਹੋਰੀਂ 1973 ਤੋਂ 1975 ਤੱਕ ਦੋ ਸਾਲ ਕਨੇਡਾ ਵੀ ਗਏ ਜਿੱਥੇ ਸੇਬਾਂ ਦੇ ਬਾਗ਼ਾਂ ਵਿੱਚ ਕੰਮ ਕੀਤਾ। ਵਿੰਨੀਪੈਗ ਦੀਆਂ ਖਾਣਾਂ 'ਚ ਵੀ ਕੰਮ ਕੀਤਾ।

1980 ਵਿੱਚ ਉਨ੍ਹਾਂ ਨੂੰ ਖੇਤੀ ਵਿੱਚ ਆਲੂਆਂ ਦੇ ਫਸਲ ਦੀ ਘਾਟੇ ਨੇ ਫਿਰ ਹਿਲਾ ਕੇ ਰੱਖ ਦਿੱਤਾ। ਫਿਰ ਉਹ ਜਨਵਰੀ 1981 ਵਿੱਚ ਅਮਰੀਕਾ ਆ ਗਏ। ਜਿੱਥੇ ਖਾਣਾਂ ਵਿਚ ਕੰਮ ਕੀਤਾ ਤੇ ਖੇਤਾਂ ਵਿਚ ਵਾਹੀ ਵੀ। ਉਨ੍ਹਾਂ ਦਾ ਸੰਪਰਕ ਇਰਾਨ ਤੋਂ ਆਏ ਲੋਕਾਂ ਨਾ਼ਲ ਪਿਆ ਜਿਨ੍ਹਾਂ ਨੇ 314 ਏਕੜ ਜ਼ਮੀਨ ਖਰੀਦੀ ਸੀ ਤੇ ਇੱਕ ਡਰਾਈਵਰ ਦੀ ਭਾਲ ਸੀ। ਜਦੋਂ ਉਨ੍ਹਾਂ ਨਾ਼ਲ ਮਿਲਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਡਰਾਈਵਰ ਨਹੀਂ ਮਾਲਕ ਬਣਨ ਦਾ ਚਾਹਵਾਨ ਹਾਂ ਤਾਂ ਇਰਾਨੀਆਂ ਨੇ 25000 ਡਾਲਰ ਦਾ ਹਿੱਸਾ ਪਾਉਣ ਲਈ ਕਿਹਾ ਤੇ ਹਰਦਿਆਲ ਸਿੰਘ ਹੋਰੀਂ ਦੋਸਤਾਂ ਮਿੱਤਰਾਂ ਤੋਂ ਪੈਸੇ ਦਾ ਪ੍ਰਬੰਧ ਕਰਕੇ ਹਿੱਸੇਦਾਰ ਬਣ ਗਏ। ਪਰ ਤਿੰਨ ਮਹੀਨੇ ਬਾਅਦ ਇੱਕ ਦੁਰਘਟਨਾ ਵਿਚ ਗੰਭੀਰ ਜ਼ਖ਼ਮੀ ਹੋ ਗਏ। ਜਿਸ ਤੇ ਬੀਮਾ ਕੰਪਨੀ ਵਲੋਂ 50,000 ਡਾਲਰ ਦੀ ਬੀਮਾ ਰਾਸ਼ੀ ਦਿੱਤੀ ਗਈ। ਜਿਸ ਵਿੱਚ 25000 ਡਾਲਰ ਵਾਪਸ ਕਰ ਦਿੱਤੇ ਤੇ ਜ਼ਮੀਨ ਵਿੱਚੋਂ ਹਿੱਸੇਦਾਰੀ 'ਚੋਂ ਦੋ ਲੱਖ ਡਾਲਰ ਦਾ ਮੁਨਾਫ਼ਾ ਹੋਇਆ ਜਿਸ ਨਾ਼ਲ ਉਨ੍ਹਾਂ ਨੇ 1993 ਵਿਚ ਬਦਾਮਾਂ ਦਾ 44 ਏਕੜ ਦਾ ਬਾਗ਼ ਖਰੀਦਿਆ। ਇਸ ਦੌਰਾਨ ਉਨ੍ਹਾਂ ਨੇ ਆਪਣੇ ਪਰਿਵਾਰ ਜਿਸ ਵਿੱਚ ਉਨ੍ਹਾਂ ਦੇ ਲੜਕੇ ਉਂਕਾਰ ਸਿੰਘ, ਜਤਿੰਦਰ ਸਿੰਘ ਅਤੇ ਲੜਕੀ ਹਰਪ੍ਰੀਤ ਕੌਰ ਨੂੰ ਵੀ ਅਮਰੀਕਾ ਸੱਦ ਲਿਆ।

1981 ਤੋਂ 1984 ਤੱਕ ਗੁਰਦੁਆਰਿਆਂ ਵਿੱਚ ਸਿੱਖਾਂ ਦੇ ਹੱਕਾਂ ਦੇ ਹੱਕ ਵਿਚ ਅਤੇ ਭਾਰਤ ਸਰਕਾਰ ਖਿਲਾਫ਼ ਪ੍ਰਚਾਰ ਕਰਨ ਕਰਕੇ ਭਾਰਤ ਸਰਕਾਰ ਵਲੋਂ ਉਨ੍ਹਾਂ ਦੇ ਭਾਰਤ ਆਉਣ ਤੇ ਰੋਕ ਲਗਾ ਦਿੱਤੀ ਗਈ। ਜਿਸ ਕਰਕੇ ਉਹ ਆਪਣੇ ਬੱਚਿਆਂ ਦੀ ਸ਼ਾਦੀ ਅਤੇ ਮਾਤਾ ਪਿਤਾ ਦੀ ਮੌਤ ਹੋਣ ਤੇ ਵੀ ਭਾਰਤ ਨਹੀਂ ਆ ਸਕੇ। 1983 ਵਿੱਚ ਉਨ੍ਹਾਂ ਵਲੋਂ ਸਹਿਯੋਗੀਆਂ ਨਾ਼ਲ ਮਿਲ ਕੇ ਪੰਥ ਖਾਲਸਾ, ਪੰਜਾਬ ਨਿਊਜ਼ ਅਖ਼ਬਾਰ ਵੀ ਇੱਕ ਸਾਲ ਤੱਕ ਚਲਾਈਆਂ।

ਅਖ਼ੀਰ 2008 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੋਰਾਂ ਨੂੰ ਚਿੱਠੀ ਲਿਖ ਕੇ ਆਪਣੇ ਪਿਤਾ ਦੇ ਦੇਸ਼ ਵਾਸਤੇ ਕੀਤੇ ਕੰਮਾਂ ਅਤੇ ਹੱਕ ਸੱਚ ਵਾਸਤੇ ਬੋਲਣ ਦੇ 'ਗੁਨਾਹ' ਨੂੰ ਮੁਆਫ਼ ਕਰਨ ਵਾਸਤੇ ਦੱਸਿਆ ਤਾਂ ਡਾ. ਮਨਮੋਹਨ ਸਿੰਘ ਹੋਰਾਂ ਨੇ ਫੋਨ ਤੇ ਵੀਜਾ ਦੇਣ ਦੀ ਮਨਜ਼ੂਰੀ ਸਬੰਧੀ ਗੱਲਬਾਤ ਵੀ ਕੀਤੀ। ਉਨ੍ਹਾਂ ਨੇ ਸਾਨਫਰਾਂਸਿਸਕੋ ਦੇ ਕਾਂਉਂਸਲਰ ਨੂੰ ਚਿੱਠੀ ਲਿਖ ਕੇ ਵੀਜਾ ਸਬੰਧੀ ਆਗਿਆ ਦਿੱਤੀ। ਹੁਣ 2008 ਤੋਂ ਲੈ ਕੇ ਭਾਰਤ ਆਉਣ ਜਾਣਾ ਬਣਿਆ ਰਹਿੰਦਾ ਹੈ।

ਹਰਦਿਆਲ ਸਿੰਘ ਥਿਆੜਾ ਹੋਰੀਂ ਦੇ ਨੇਕ ਸੁਭਾਅ ਦਾ ਹਿੱਸਾ ਹੈ ਹਰ ਵਕਤ ਚੜ੍ਹਦੀ ਕਲਾ ਵਿੱਚ ਰਹਿਣਾ, ਕਾਰਜਸ਼ੀਲ ਰਹਿਣਾ ਅਤੇ ਕਲਪਨਾ ਨੂੰ ਤਕਨੀਕ ਨਾ਼ਲ ਸਾਕਾਰ ਕਰਨ ਲਈ ਯਤਨਸ਼ੀਲ ਰਹਿਣਾ।

ਨਿਰਸਵਾਰਥ ਸੇਵਾ ਭਾਵਨਾ, ਜਾਤੀ ਭੇਦ-ਭਾਵ ਤੋਂ ਸਦਾ ਹੀ ਦੂਰੀ ਅਤੇ ਸਭ ਦੀ ਮੱਦਦ ਵਾਸਤੇ ਤਤਪਰਤਾ ਉਨ੍ਹਾਂ ਨੂੰ ਪੰਜਾਬ ਰਹਿੰਦਿਆਂ ਹੀ ਵਿਰਸੇ 'ਚੋਂ ਮਿਲੀ ਹੈ। ਕਾਮਨਾ ਹੈ ਕਿ ਅਮਰੀਕਾ ਵਸਦੇ ਹਰਦਿਆਲ ਸਿੰਘ ਥਿਆੜਾ ਦੇ ਜੀਵਨ ਵਿੱਚ ਵਿਲੱਖਣ ਕਾਰਜਾਂ ਨੂੰ ਅੰਜ਼ਾਮ ਦੇਣ ਦੀ ਸ਼ਕਤੀ ਬਰਕਰਾਰ ਰਹੇ ਅਤੇ ਸਰਬੱਤ ਦੇ ਭਲੇ ਵਾਸਤੇ ਯਤਨ ਜਾਰੀ ਰਹਿਣ।

*****





ਆਜ਼ਾਦੀ ਲਈ ਅਤੇ ਕੌਮ ਲਈ ਸੰਘਰਸ਼ ਕਰਨ ਵਾਲੇ ਥਿਆੜਾ ਪਰਿਵਾਰ ਨੂੰ ਮਿਲੇ ਮਾਣ-ਸਨਮਾਨ ਅਤੇ ਤਾਮਰ ਪੱਤਰ



ਹਰਦਿਆਲ ਸਿੰਘ ਥਿਆੜਾ ਆਪਣੇ ਪਰਿਵਾਰ ਨਾਲ

ਉਘੇ ਕਿਸਾਨ, ਸਮਾਜ ਸੇਵਕ ਅਤੇ ਪੱਤਰਕਾਰ ਹਰਦਿਆਲ ਸਿੰਘ ਥਿਆੜਾ ਦਾ ਸੰਪਰਕ ਨੰਬਰ (530) 936-4929